ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ: ੬੭ ਪੋਹ-ਮਾਘ ਸੰਮਤ ਨਾਨਕਸ਼ਾਹੀ ੫੫੫ ਜਨਵਰੀ ੨੦੨੪ ਅੰਕ : ੧੦
Vol. : 67 January 2024 Issue : 10

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ
## ਸ੍ਰੀ ਦਰਬਾਰ ਸਾਹਿਬ



# ਤਖ਼ਤ ਸ੍ਰੀ ਹਰਿਮੰਦਰ ਜੀ,
# ਪਟਨਾ ਸਾਹਿਬ (ਬਿਹਾਰ)



੧ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਪੋਹ-ਮਾਘ, ਸੰਮਤ ਨਾਨਕਸ਼ਾਹੀ ੫੫੫ ਜਨਵਰੀ 2024

ਜਿਲਦ ੬੭ (Vol. 67) ਅੰਕ ੧੦ (Issue 10)

*ਸੰਪਾਦਕ*
**ਸਤਵਿੰਦਰ ਸਿੰਘ**
*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com


ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਦਸਮ ਗੁਰੂ ਜੀ ਦਾ ਕੀਮਤ-ਫ਼ਲਸਫ਼ਾ | -ਡਾ. ਵਜੀਰ ਸਿੰਘ | ੯ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲੋਕਤੰਤਰ ਦਾ ਵਿਸਮਾਦੀ ਸੰਕਲਪ | -ਡਾ. ਰਾਜਿੰਦਰ ਸਿੰਘ ਕੁਰਾਲੀ | ੧੬ |
| ... ਚੰਡੀ ਦੀ ਵਾਰ ਦੀ ਸਿਰਜਣ ਪ੍ਰਕਿਰਿਆ | -ਡਾ. ਆਤਮਾ ਸਿੰਘ | ੧੮ |
| ਗੁਰਦੁਆਰਾ ਸ੍ਰੀ ਟੋਕਾ ਸਾਹਿਬ ਪਾਤਸ਼ਾਹੀ ਦਸਵੀਂ | -ਡਾ. ਪਰਮਵੀਰ ਸਿੰਘ | ੨੩ |
| ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਾਰੇ | | |
| ਇਕ ਅਹਿਮ ਪੰਥਕ ਦਸਤਾਵੇਜ਼ | -ਸ. ਗੁਰਚਰਨਜੀਤ ਸਿੰਘ ਲਾਂਬਾ | ੨੭ |
| ਨਾਂਦੇੜ ਸਾਹਿਬ ਦੇ ਗੁਰਦੁਆਰਾ ਸਾਹਿਬਾਨ... | -ਸ. ਜਗਰਾਜ ਸਿੰਘ | ੩੩ |
| ਉਦਾਸੀ ਸੰਤ ਬਾਬਾ ਗੁਰਦਾਸ ਜੀ ਦੱਖਣੀ | -ਸਤਵਿੰਦਰ ਸਿੰਘ ਫੂਲਪੁਰ | ੪੮ |
| ਡਿਠੇ ਸਭੇ ਥਾਵ... | -ਸ. ਮਨਮੋਹਨ ਸਿੰਘ | ੫੧ |
| ਮਾਂ ਪਿਉ ਦੀ ਸੇਵਾ ਹੀ ਰੱਬ ਦੀ ਪੂਜਾ ਹੈ | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੫੫ |
| ਗੁਰਬਾਣੀ ਇਸੁ ਜਗ ਮਹਿ ਚਾਨਣੁ | | ੫੭ |
| ਭਾਈ ਹਜ਼ਾਰਾ ਸਿੰਘ ਦੀ ਸ਼ਹੀਦੀ | -ਡਾ. ਧਰਮ ਸਿੰਘ | ੫੯ |
| ਨਸ਼ਿਆਂ ਦੇ ਤੰਦੂਏ ਜਕੜ ਲਈ ਸਾਡੀ ਜਵਾਨੀ | -ਸ. ਬਲਵਿੰਦਰ ਸਿੰਘ ਗੰਭੀਰ | ੬੯ |
| ...ਸਾਧ ਜਨਾ ਕੀ ਸੇਵਾ ਲਾਗੈ | -ਸ੍ਰੀ ਰਮੇਸ਼ ਬੱਗਾ ਚੋਹਲਾ | ੭੮ |
| ਸਿਰੋਪਾ | -ਗਿ. ਸੰਤੋਖ ਸਿੰਘ ਆਸਟ੍ਰੇਲੀਆ | ੮੨ |
| ਸਿੱਖਾਂ ਦੀ ਅਹਿਮ ਜ਼ਿੰਮੇਵਾਰੀ ਹੈ | | |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ | -ਸ. ਮਨਪ੍ਰੀਤ ਸਿੰਘ ਬਾਜ | ੮੪ |
| ਜੀਵਨ-ਜਾਚ | -ਬੀਬੀ ਕਰਮਜੀਤ ਕੌਰ ਮੁਕਤਸਰ | ੮੭ |
| ਜਨਵਰੀ ਅਤੇ ਫਰਵਰੀ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੮੯ |
| ਸਿੱਖ ਚੇਤਨਾ 'ਤੇ ਭਾਰਤ ਦਾ ਸਵੈਮਾਣ | -ਡਾ. ਸਤਿੰਦਰ ਪਾਲ ਸਿੰਘ | ੯੦ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਪਉੜੀ ਦੇ ਅੰਦਰ ਮਾਘ ਮਹੀਨੇ ਦੀ ਬਹਾਰ ਅਤੇ ਵਾਤਾਵਰਨ ਦਾ ਸੰਕੇਤਕ ਵਰਣਨ ਕਰਦਿਆਂ ਮਨੁੱਖ ਨੂੰ ਵਿਕਾਰਾਂ ਤੇ ਔਗੁਣਾਂ ਨੂੰ ਤਿਆਗਣ ਅਤੇ ਗੁਣਾਂ ਨੂੰ ਅਪਨਾਉਣ ਦੀ ਨਿਰਮਲ ਗੁਰਮਤਿ ਸਿੱਖਿਆ ਬਖ਼ਸ਼ਿਸ਼ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਮਾਘ ਦੇ ਮਹੀਨੇ ਵਿਚ ਸਾਧੂਆਂ ਜਾਂ ਭਲੇ ਮਨੁੱਖਾਂ ਦੀ ਸੰਗਤ ਰੂਪ ਧੂੜੀ ਦਾ ਅਤਿਅੰਤ ਨਿਮਰਤਾ ਤੇ ਹਲੀਮੀ ਧਾਰਨ ਕਰ ਕੇ ਇਸ਼ਨਾਨ ਕਰੋ। ਇਸ ਮਹੀਨੇ ਪਰਮਾਤਮਾ ਦਾ ਨਾਮ ਧਿਆਵੋ। ਪਾਵਨ-ਪਵਿੱਤਰ ਨਾਮ ਨੂੰ ਸੁਣ ਕੇ ਪ੍ਰਾਪਤ ਹੋਇਆ ਨਾਮ-ਦਾਨ ਅੱਗੋਂ ਸਾਰਿਆਂ ਸੰਗ-ਸਾਥ ਵਾਲਿਆਂ ਨੂੰ ਵੰਡੋ। ਗੁਰੂ ਜੀ ਕਥਨ ਕਰਦੇ ਹਨ ਕਿ ਉਕਤ ਵਰਣਿਤ ਗੁਰਮਤਿ ਉਪਦੇਸ਼ ਅਮਲ ਵਿਚ ਲਿਆਓਗੇ ਤਾਂ ਜਨਮਾਂ-ਜਨਮਾਂ ਦੇ ਕੀਤੇ ਮਾੜੇ ਕਰਮਾਂ ਦੀ ਮੈਲ ਉਤਰ ਜਾਏਗੀ ਅਤੇ ਮਨ ਤੋਂ ਅਹੰਕਾਰ ਚਲਾ ਜਾਏਗਾ। ਕਾਮ ਅਤੇ ਕ੍ਰੋਧ ਵਰਗੇ ਵਿਕਾਰ ਤਦੋਂ ਨਹੀਂ ਖਿੱਚਣਗੇ। ਮਨੁੱਖੀ ਮਨ ਅੰਦਰੋਂ ਲੋਭ ਰੂਪੀ ਕੁੱਤਾ ਵੀ ਖ਼ਤਮ ਹੋ ਜਾਵੇਗਾ। ਇਹ ਸੱਚਾ ਰਸਤਾ ਹੈ ਜਿਸ 'ਤੇ ਤੁਰਨ ਨਾਲ ਸੁਭਾਵਿਕ ਹੀ ਸੰਸਾਰ ਵੀ ਸੱਚੀ ਪ੍ਰਸੰਸਾ ਕਰਦਾ ਹੈ। ਮਨੁੱਖ ਲਈ ਦਇਆ-ਭਾਵਨਾ ਭਾਵ ਗਰੀਬ ਦੇ ਪ੍ਰਤੀ ਤਰਸ ਅਤੇ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਦਾ ਖਿਆਲ ਕਰਨਾ ਬਹੁਤ ਮਹੱਤਵਪੂਰਨ ਹੈ, ਜਿਸ 'ਚ ਅਠਾਹਠ ਤੀਰਥਾਂ ਦਾ ਇਸ਼ਨਾਨ ਅਤੇ ਉੱਥੇ ਜਾ ਕੇ ਕਮਾਏ ਜਾਣ ਵਾਲੇ ਪੁੰਨ-ਕਰਮ ਸਹਿਜੇ ਹੀ ਸ਼ਾਮਲ ਹੁੰਦੇ ਹਨ ਭਾਵ ਇਨ੍ਹਾਂ ਦੇ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਨਾਮ-ਸਿਮਰਨ ਦੀ ਉੱਚੀ ਵਸਤੂ ਜਿਸ ਮਨੁੱਖ ਨੂੰ ਪ੍ਰਭੂ-ਦਇਆ ਨਾਲ ਮਿਲ ਜਾਂਦੀ ਹੈ। ਉਹ ਮਨੁੱਖ ਸਿਆਣਾ ਹੋ ਜਾਂਦਾ ਹੈ। ਹੇ ਨਾਨਕ! ਨਾਮ-ਸਿਮਰਨ ਕਰ ਕੇ ਜਿਨ੍ਹਾਂ ਨੂੰ ਮਾਲਕ ਮਿਲ ਗਿਆ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰਮਤਿ ਦੀ ਕਸਵੱਟੀ ਅਨੁਸਾਰ ਮਾਘ ਦੇ ਮਹੀਨੇ ਵਿਚ ਸੁੱਚੇ ਭਾਵ ਇਸ਼ਨਾਨ ਕਰਨ ਵਾਲੇ ਉਹ ਹੀ ਹਨ ਜਿਨ੍ਹਾਂ ਉੱਪਰ ਪੂਰਨ ਸਮਰੱਥ ਗੁਰੂ ਦੀ ਕਿਰਪਾ ਹੈ ਭਾਵ ਜੋ ਗੁਰੂ ਦੀ ਅਗਵਾਈ 'ਚ ਜੀਵਨ ਸਫ਼ਲਾ ਕਰ ਰਹੇ ਹਨ। ■

ਸੰਪਾਦਕੀ...

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਰੂਹਾਨੀ ਮਿਸ਼ਨ

*ਗੁਰੂ ਸਾਹਿਬਾਨ ਦਾ ਰੂਹਾਨੀ ਮਿਸ਼ਨ ਦੇਸ਼ ਕੌਮ ਦੀਆਂ ਹੱਦਬੰਦੀਆਂ ਤੋਂ ਉੱਪਰ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਰਬ-ਸਾਂਝਾ ਭਾਈਚਾਰਾ ਸਿਰਜਣਾ ਸੀ। ਇਸ ਸਰਬ-ਸਾਂਝੇ ਭਾਈਚਾਰੇ ਲਈ ਧਰਮੀ ਰਾਜ ਅਤੇ ਧਰਮੀ ਸਮਾਜ ਦੀ ਲੋੜ ਸੀ ਜਿਸ ਵਿਚ ਸਮਾਜਿਕ, ਆਰਥਿਕ ਨਾ-ਬਰਾਬਰੀ ਨੂੰ ਖਤਮ ਕਰ ਕੇ ਅਮੀਰ-ਗਰੀਬ, ਉਚ-ਨੀਚ ਦੇ ਵਖਰੇਵਿਆਂ ਨੂੰ ਮਿਟਾ ਕੇ ਸਭ ਅੰਦਰ **ਨਾ ਕੋ ਬੈਰੀ ਨਹੀ ਬਿਗਾਨਾ** ਅਤੇ **ਏਕੁ ਪਿਤਾ ਏਕਸ ਕੇ ਹਮ ਬਾਰਿਕ** ਦਾ ਰੂਹਾਨੀ ਅਹਿਸਾਸ ਜਗਾਇਆ ਜਗਾ ਸਕੇ।*

*ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਇਸ ਮਿਸ਼ਨ ਦੀ ਪੂਰਤੀ ਲਈ ਗੁਰੂ ਸਾਹਿਬਾਨ ਨੂੰ ਲੰਮਾ ਸੰਘਰਸ਼ ਕਰਨਾ ਪਿਆ ਜਿਸ ਵਿਚ ਦੋ ਗੁਰੂ ਸਾਹਿਬਾਨ ਨੂੰ ਆਪਣੀ ਸ਼ਹਾਦਤ ਵੀ ਦੇਣੀ ਪਈ। ਹੁਣ ਦਸਵੇਂ ਨਾਨਕ ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭ ਕੀਤੇ ਇਸ ਰੂਹਾਨੀ ਮਿਸ਼ਨ 'ਨਾਨਕ ਨਿਰਮਲ ਪੰਥ' ਦੀ 'ਗੁਰੂ ਖਾਲਸਾ ਪੰਥ' ਦੇ ਰੂਪ ਵਿਚ ਸੰਪੂਰਤਾ ਕਰਨੀ ਸੀ ਇਸ ਲਈ ਅਕਾਲ ਪੁਰਖ ਨੇ ਵਿਸ਼ੇਸ਼ ਬਖ਼ਸ਼ਿਸ਼ਾਂ ਨਾਲ ਨਿਵਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਜਗਤ ਵਿਚ ਭੇਜਿਆ।*

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਜਗਤ ਵਿਚ ਆਉਣ ਦੇ ਮੰਤਵ ਬਾਰੇ ਦੱਸਦੇ ਹੋਏ ਬਚਿਤ੍ਰ ਨਾਟਕ ਵਿਚ ਲਿਖਦੇ ਹਨ:*

***ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥***
***ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥***

*ਗੁਰੂ ਸਾਹਿਬ ਦੇ ਇਸ ਸਵੈ-ਹਵਾਲੇ ਤੋਂ ਸਪੱਸ਼ਟ ਹੋ ਜਾਂਦਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਜਗਤ ਵਿੱਚੋਂ ਅਧਰਮ ਦਾ ਖਾਤਮਾ ਕਰ ਕੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਆਏ ਸਨ। ਗੁਰੂ ਜੀ ਦੇ ਇਸ ਮਿਸ਼ਨ ਦੀ ਪੂਰਤੀ ਅੱਗੇ ਜੋ ਵੀ ਦੁਸ਼ਟ ਦੋਖੀ ਅੜਿਆ ਭਾਵੇਂ ਉਹ ਮੁਗ਼ਲ ਹਕੂਮਤ ਸੀ ਭਾਵੇਂ ਪਹਾੜੀ ਹਿੰਦੂ ਰਾਜੇ, ਗੁਰੂ ਜੀ ਨੇ ਸ਼ਸਤਰਬੱਧ ਸੰਘਰਸ਼ ਕਰਦਿਆਂ ਇਨ੍ਹਾਂ ਦੁਸ਼ਟ ਦੋਖੀਆਂ ਨੂੰ ਪਛਾੜਿਆ ਅਤੇ ਸਦੀਵ ਕਾਲ ਲਈ ਧਰਮੀ ਰਾਜ ਅਤੇ ਧਰਮੀ ਸਮਾਜ ਦੀ ਕਾਇਮੀ ਲਈ ਜੂਝਣ ਵਾਸਤੇ ਆਦਰਸ਼ਕ ਮਨੁੱਖ ਦੀ ਸੰਪੂਰਨਤਾ ਵਜੋਂ ਖਾਲਸਾ ਪੰਥ ਦੀ ਸਾਜਣਾ ਕੀਤੀ*

*ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਉੱਪਰ ਸੰਖੇਪ ਝਾਤ ਮਾਰੀਏ ਤਾਂ ਬਚਪਨ ਵਿਚ ਗੁਰੂ ਪਿਤਾ ਜੀ ਨੂੰ ਧਾਰਮਿਕ ਸੁਤੰਤਰਤਾ ਲਈ ਸ਼ਹਾਦਤ*

*ਵੱਲ ਤੋਰਨਾ, ਜ਼ੁਲਮ ਅਤੇ ਅਨਿਆਂ ਵਿਰੁੱਧ ਜੰਗਾਂ ਲੜਨੀਆਂ, ਬੁਜ਼ਦਿਲ ਹੋ ਚੁੱਕੀ ਭਾਰਤੀ ਲੋਕਾਈ ਅੰਦਰ ਬੀਰ ਰਸ ਪੈਦਾ ਕਰਨ ਲਈ ਬੀਰ ਰਸੀ ਸਾਹਿਤ ਦੀ ਰਚਨਾ ਕਰਨੀ, ਖਾਲਸਾ ਪੰਥ ਦੀ ਸਾਜਣਾ ਕਰਨੀ ਅਤੇ ਪੰਥ ਦੀ ਖਾਤਰ ਆਪਣਾ ਸਰਬੰਸ ਕੁਰਬਾਨ ਕਰ ਦੇਣਾ। ਅੰਤਮ ਸਮੇਂ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣਾ ਅਤੇ ਅੱਗੇ ਤੋਂ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਖਤਮ ਕਰ ਕੇ 'ਨਾਨਕ ਨਿਰਮਲ ਪੰਥ' ਦੀ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਰੂਪ ਵਿਚ ਸੰਪੂਰਨਤਾ ਕਰਦਿਆਂ ਬਦੀ ਵਿਰੁੱਧ ਨਿਰੰਤਰ ਸੰਘਰਸ਼ ਲਈ ਪੰਜ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਪੰਜਾਬ ਵੱਲ ਤੋਰਨਾ ਇਹ ਸਭ ਇੰਨੇ ਮਹਾਨ ਕਾਰਜ ਇੱਕ ਜਾਮੇ ਉਹ ਵੀ ਮਹਿਜ਼ ੪੨ ਸਾਲ ਦੀ ਆਯੂ ਵਿਚ ਸੰਪੂਰਨ ਕਰ ਲੈਣੇ ਗੁਰੂ ਜੀ ਦੀ ਅਗੰਮੀ ਸ਼ਖ਼ਸੀਅਤ ਅਤੇ ਅਕਾਲ ਪੁਰਖ ਦੀ ਨਿਵਾਜ਼ਿਸ਼ ਦਾ ਸਦਕਾ ਹੀ ਸੀ।*

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਜਗਤ ਵਿਚ ਆਗਮਨ, ਉਨ੍ਹਾਂ ਦੇ ਸੰਘਰਸ਼ ਅਤੇ 'ਖਾਲਸਾ ਪੰਥ' ਦੀ ਸਿਰਜਣਾ ਨੂੰ ਕਿਸੇ ਵਿਸ਼ੇਸ਼ ਜਮਾਤ ਦੀ ਰੱਖਿਆ ਹਿੱਤ ਕੀਤੇ ਗਏ ਕਾਰਜ ਸਿੱਧ ਕਰਨ ਦੇ ਯਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਹਾਨੀ ਮਿਸ਼ਨ ਨੂੰ ਸੀਮਤ ਕਰਨ ਦੇ ਯਤਨ ਹਨ ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਗੁਰੂ ਜੀ ਦਾ ਇਸ ਜਗਤ ਉੱਪਰ ਆਗਮਨ ਕਿਸੇ ਵਿਸ਼ੇਸ਼ ਫਿਰਕੇ ਦੀ ਰੱਖਿਆ ਕਰਨਾ ਨਹੀਂ ਸਗੋਂ ਜ਼ਾਲਮਾਂ ਨੂੰ ਸੋਧ ਕੇ ਮਜ਼ਲੂਮਾਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਲੋਕਾਂ ਨੂੰ ਆਪ ਆਪਣੀ ਪੱਤ ਅਤੇ ਆਪਣੇ ਹੱਕਾਂ ਦੇ ਰਾਖੇ ਬਣਾਉਣ ਸੀ।*

*ਦੂਸਰਾ, ਗੁਰੂ ਜੀ ਨੂੰ ਭਾਰਤੀ ਅਵਤਾਰਵਾਦੀ ਪਰੰਪਰਾ ਵਿਚ ਰੱਖ ਕੇ ਦੇਖਣ ਦੇ ਯਤਨ ਵੀ ਗੁਰੂ ਜੀ ਦੀ ਅਜ਼ਮਤ ਨੂੰ ਨੀਵਿਆਂ ਕਰਨਾ ਹੈ। ਗੁਰੂ ਜੀ ਦਾ ਆਸ਼ਾ ਅਵਤਾਰਵਾਦੀ ਸ੍ਵੈ-ਪੂਜਾ* ***ਤੇ ਕਹੈ ਕਰੋ ਹਮਾਰੀ ਪੂਜਾ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ*** *ਦੇ ਉਲਟ* ***ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥*** *ਵਾਲਾ ਸੀ, ਜੋ ਗੁਰੂ ਜੀ ਦੇ ਮਿਸ਼ਨ ਨੂੰ ਭਾਰਤੀ ਅਵਤਾਰਵਾਦੀ ਪਰੰਪਰਾ ਨਾਲੋਂ ਨਿਖੇੜ ਕੇ ਗੁਰੂ ਜੀ ਦੇ ਮਿਸ਼ਨ ਦਾ ਨਿਆਰਾਪਨ ਪੇਸ਼ ਕਰਦਾ ਹੈ, ਜਿਸ ਵਿਚ* ***ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ*** *ਦਾ ਆਦਰਸ਼ ਸ਼ਾਮਲ ਹੈ। ਸਦੀਆਂ ਤੋਂ ਦੇਸ਼ ਦੀ ਗ਼ੁਲਾਮੀ ਦਾ ਕਾਰਨ ਦੇਸ਼-ਵਾਸੀਆਂ ਵਿਚ ਏਕਤਾ ਦੀ ਅਣਹੋਂਦ ਸੀ। ਇਸ ਏਕਤਾ ਦੀ ਅਣਹੋਂਦ ਦਾ ਮੁੱਖ ਕਾਰਨ ਅਵਤਾਰਵਾਦੀ ਇਸ਼ਟ ਅਨੇਕਤਾ ਹੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ਸਮਝਾਇਆ ਕਿ ਇਹ ਅਵਤਾਰਵਾਦੀ ਅਨੇਕ ਪੂਜਾ ਕਿਸੇ ਪ੍ਰਕਾਰ ਵੀ ਮਾਨਸਿਕ ਅਤੇ ਸਰੀਰਕ ਗ਼ੁਲਾਮੀ ਦੇ ਉੱਧਾਰ ਦਾ ਸਾਧਨ ਨਹੀਂ ਬਣ ਸਕਦੀ:*

***ਰਾਮ ਰਹੀਮ ਉਬਾਰ ਨ ਸਕਿ ਹੈ ਜਾ ਕਰ ਨਾਮ ਰਟੈ ਹੈ॥***
***ਬ੍ਰਹਮਾ ਬਿਸ਼ਨ ਰੁਦ੍ਰ ਸੂਰਹ ਸਸਿ ਤੇ ਬਸਿ ਕਾਲ ਸਭੈ ਹੈ॥***

*ਇਸ ਲਈ ਗੁਰੂ ਜੀ ਨੇ ਅਵਤਾਰਵਾਦੀ ਕਿਰਤਮ ਦੀ ਪੂਜਾ ਛੱਡ ਕੇ ਸਾਰੀ ਸ੍ਰਿਸ਼ਟੀ ਦੇ ਕਰਨਹਾਰ ਕਰਤਾਰ ਨੂੰ ਪਰਮੇਸਰ ਮੰਨਣ ਦਾ ਉਪਦੇਸ਼ ਕੀਤਾ:*

***ਬਿਨ ਕਰਤਾਰ ਨ ਕਿਰਤਮ ਮਾਨੋ॥***
***ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥***

*ਗੁਰੂ ਜੀ ਨੇ ਇਸ਼ਟ ਅਨੇਕਤਾ ਨੂੰ ਖਤਮ ਕਰ ਕੇ ਇਸ਼ਟ ਏਕਤਾ ਦੇ ਉਪਦੇਸ਼ ਨਾਲ ਧਾਰਮਿਕ, ਅਧਿਆਤਮਕ ਕ੍ਰਾਂਤੀ ਲਿਆਂਦੀ ਅਤੇ ਇਕ ਪੁਰਖੀ ਰਾਜ ਦੀ ਧਾਰਮਿਕ, ਸਮਾਜਿਕ, ਰਾਜਨੀਤਕ ਗ਼ੁਲਾਮੀ ਨੂੰ ਖ਼ਤਮ ਕਰ ਕੇ ਪੰਚ ਪ੍ਰਧਾਨੀ ਸਿਧਾਂਤ ਨੂੰ ਲਾਗੂ ਕੀਤਾ।*

*ਅੱਜ ਮਨੁੱਖਤਾ ਨੂੰ ਦਰਪੇਸ਼ ਸਮੱਸਿਆਵਾਂ ਅਤੇ ਹਰ ਪ੍ਰਕਾਰ ਦੀਆਂ ਬੁਰਾਈਆਂ ਦੇ ਹੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਵਿਚਾਰਧਾਰਾ ਵਿੱਚੋਂ ਤਲਾਸ਼ੇ ਜਾ ਸਕਦੇ ਹਨ। ਇਸ ਲਈ ਗੁਰੂ ਜੀ ਦੀ ਵਿਚਾਰਧਾਰਾ ਨੂੰ ਵਿਸ਼ਵ ਭਰ ਵਿਚ ਪਹੁੰਚਾਉਣ ਲਈ ਸਾਨੂੰ ਇਕ ਲਹਿਰ ਬਣ ਕੇ ਅੱਗੇ ਆਉਣਾ ਪਵੇਗਾ।*

*ਸਾਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ ਕਿ ਅੱਜ ਅਸੀਂ ਗੁਰੂ ਜੀ ਦੇ ਉਪਦੇਸ਼ਾਂ ਨੂੰ ਕਿਸ ਹੱਦ ਤਕ ਆਪਣੇ ਵਿਵਹਾਰਕ ਜੀਵਨ ਵਿਚ ਅਪਣਾਅ ਸਕੇ ਹਾਂ। ਅੱਜ ਅਸੀਂ ਜੋ ਸਰਦਾਰੀਆਂ ਅਤੇ ਰੁਤਬੇ ਮਾਣ ਰਹੇ ਹਾਂ ਇਹ ਸਭ ਕਲਗੀਧਰ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਹੀ ਸਦਕਾ ਹੈ। ਗੁਰੂ ਜੀ ਦੇ ਸ਼ੁਕਰਗੁਜ਼ਾਰ ਬਣੇ ਰਹਿਣ ਲਈ ਸਾਨੂੰ ਅਲਹ ਯਾਰ ਖਾਂ ਜੋਗੀ ਦੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ:*

***ਦਿਲਾਈ ਪੰਥ ਕੋ ਸਰ-ਬਾਜ਼ੀਓ ਸੇ ਸਰਦਾਰੀ,***
***ਬਰਾਇ ਕੌਮ ਯਿ ਰੁਤਬੇ ਲਹੂ ਬਹਾ ਕੇ ਲੀਏ।*** ■

***ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ***
***ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ॥੧੦੫॥***
***ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ***
***ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ॥੧੦੬॥***
***ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ***
***ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ॥੧੦੭॥***
***(ਭਾਈ ਨੰਦ ਲਾਲ ਜੀ)***

# ਦਸਮ ਗੁਰੂ ਜੀ ਦਾ ਕੀਮਤ-ਫ਼ਲਸਫ਼ਾ

*-ਡਾ. ਵਜੀਰ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ਸਾਹਿਤ ਦਾ ਅਮੀਰ ਭੰਡਾਰ, ਕੌਮ-ਉਸਾਰੀ ਦੇ ਮੂਲ ਆਧਾਰ ਅਤੇ ਅਸੀਮ ਕੀਮਤਾਂ-ਭਰਪੂਰ ਰਵਾਇਤਾਂ ਦਾ ਵਿਰਸਾ ਪ੍ਰਦਾਨ ਕੀਤਾ। ਗੁਰੂ ਸਾਹਿਬ ਦੀ ਬਾਣੀ-ਰਚਨਾ ਅਤੇ ਉਨ੍ਹਾਂ ਦੀ ਸਮਾਜੀ-ਰਾਜਸੀ ਤੇ ਨੈਤਿਕ-ਅਧਿਆਤਮਕ ਖੇਤਰਾਂ ਨੂੰ ਦਿੱਤੀ ਦੇਣ ਨੂੰ ਮੁੱਖ ਰੱਖਦਿਆਂ ਕਦਰਾਂ-ਕੀਮਤਾਂ ਦੇ ਕਈ-ਇਕ ਸਿਲਸਿਲੇ ਰਚੇ ਜਾ ਸਕਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਪ੍ਰਤਿਭਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਬਖ਼ਸ਼ੀਆਂ ਦਾਤਾਂ ਦਾ ਅਨੁਮਾਨ ਲਾਉਣਾ ਸੰਭਵ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਪ੍ਰਸਤੁਤ ਕੀਮਤਾਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਇਸ ਵਿਚ ਅਕਾਲ ਪੁਰਖ ਤੋਂ ਲੈ ਕੇ ਮਾਨਵੀ ਗੌਰਵ ਤੇ ਸਮਾਜਕ ਹਿੱਤਾਂ ਸੰਬੰਧੀ ਅਨੇਕ ਵਿਸ਼ੇ ਸ਼ਾਮਲ ਹਨ । ਹਥਲੇ ਅਧਿਐਨ ਵਿਚ ਦਸ ਚੋਣਵੀਆਂ ਕਦਰਾਂ-ਕੀਮਤਾਂ ਦੀ ਵਿਚਾਰ ਪੇਸ਼ ਹੈ :

**੧. ਅਕਾਲ**

ਦਸਮ ਗੁਰੂ ਜੀ ਨੇ ਅਣਗਿਣਤ ਸਰੂਪਾਂ ਵਾਲੀ ਸ਼ਿਰੋਮਣੀ ਹਸਤੀ ਨੂੰ 'ਅਕਾਲ' ਦੀ ਸੰਗਿਆ ਦਿੱਤੀ ਹੈ। ਪਰਮ ਸਤਿ ਦੇ ਜਿੰਨੇ ਵੀ ਨਾਮ ਅਸੀਂ ਲੈਂਦੇ ਹਾਂ, ਉਹ ਉੱਚਤਮ ਸੱਚਾਈ ਦੇ ਕਿਰਤਮ ਜਾਂ ਕਰਮ ਨਾਮ ਹਨ, ਜੋ ਉਸ ਦੀ ਰਚਨਾ ਦੇ ਵਿਭਿੰਨ ਪ੍ਰਗਟਾਵਿਆਂ ਦੇ ਸੰਕੇਤ ਹੁੰਦੇ ਹਨ। ਬੁਨਿਆਦੀ ਹਕੀਕਤ ਨਾਮ-ਰਹਿਤ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਰੂਪ ਵਿਚ ਇਸ ਨੂੰ 'ਅਨਾਮੇ' ਕਿਹਾ ਹੈ। ਫਿਰ ਵੀ, ਉਨ੍ਹਾਂ ਨੇ ਚਕਰ-ਚਿਹਨ ਰਹਿਤ ਅਕਾਲ ਹਸਤੀ ਨੂੰ ਅਨੇਕਾਂ ਨਾਵਾਂ ਨਾਲ ਸੰਬੋਧਿਤ ਕੀਤਾ ਹੈ, ਜੋ ਉਨ੍ਹਾਂ ਦੇ ਸਦੀਵੀ ਸੱਚ ਦੇ ਫ਼ਲਸਫ਼ੇ ਅਤੇ ਕਾਲ-ਚਿੰਤਨ ਨੂੰ ਉਜਾਗਰ ਕਰਦੇ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਪਰਮਾਤਮਾ 'ਕਾਲ' ਵੀ ਹੈ, 'ਕਾਲ-ਰਹਿਤ' ਵੀ। ਕਾਲ ਤੇ ਅਕਾਲ ਦੇ ਪ੍ਰਤੀਕਾਂ ਤੋਂ ਸਿਵਾ, ਉਨ੍ਹਾਂ ਨੇ 'ਮਹਾਂਕਾਲ' ਅਤੇ 'ਸਰਬ-ਕਾਲ' ਸ਼ਬਦ ਵੀ ਵਰਤੇ ਹਨ, ਜੋ ਵਿਸ਼ਵ-ਰਚਨਾ ਤੋਂ ਅਗੋਚਰ ਅਤੇ ਘਟਨਾਵਾਂ ਭਰਪੂਰ ਸਮੇਂ ਤੋਂ ਨਿਰਲੇਪ ਹਸਤੀ ਦੇ ਸੂਚਕ ਹਨ। ਉਨ੍ਹਾਂ ਦਾ ਅਕਾਲ ਕੋਈ ਨਿਰਜਿੰਦ ਜਾਂ ਅਹਿੱਲ ਹੋਂਦ ਨਹੀਂ, ਸਗੋਂ ਇਹ ਸਮੁੱਚੇ ਬ੍ਰਹਿਮੰਡ ਦਾ ਆਤਮਕ ਆਧਾਰ ਹੈ। ਦ੍ਰਿਸ਼ਟਮਾਨ ਜਗਤ ਆਤਮਾ ਵਿੱਚੋਂ ਉਪਜਦਾ ਹੈ ਅਤੇ ਆਤਮਾ ਹੀ ਜਗਤ ਵਿਚ ਵਿਆਪਕ ਹੈ। ਗੁਰਬਾਣੀ ਅਨੁਸਾਰ ਨਿਰੰਕਾਰ ਸੰਸਾਰ ਦੀ ਰਚਨਾ ਰਚੀ

** ਗੁਰਪੁਰਵਾਸੀ*

ਜਾਂਦਾ ਹੈ। ਅਕਾਲ ਪੁਰਖ ਦੀ ਕਰਤਾਰੀ ਸ਼ਕਤੀ ਸਥਾਪਨਾ ਤੇ ਪੁਨਰ-ਸਿਰਜਣਾ ਕਰਦੀ ਰਹਿੰਦੀ ਹੈ, ਇਸ ਦਾ ਕੋਈ ਅੰਤ ਪਾਰਾਵਾਰ ਨਹੀਂ।

## ੨.ਕ੍ਰਿਪਾਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਹਿਲੀ ਨਮਸਕਾਰ ਅਕਾਲ ਨੂੰ ਕੀਤੀ ਹੈ ਅਤੇ ਫਿਰ ਕ੍ਰਿਪਾਲ ਨੂੰ ਸਿਮਰਿਆ ਹੈ, ਜੋ ਮਿਹਰਵਾਨ, ਕਿਰਪਾ-ਸਰੂਪ ਦਾਤਾਰ ਹੈ। ਸਦੀਵੀ, ਨਿਰ-ਆਕਾਰ, ਅਨੰਤ ਹਸਤੀ ਗੁਣ-ਅਤੀਤ ਹੈ, ਪਰ ਇਹ ਕੋਈ ਸੁੰਨ-ਮਸੁੰਨ, ਸੱਖਣਾਪਨ ਨਹੀਂ। ਅਕਾਲ ਦਾ ਅੰਤ੍ਰੀਵੀ ਕੇਂਦਰ ਉਸ ਦੀ ਰਚਨਾਤਮਿਕਤਾ ਹੈ। ਇਸ ਕਰਤਾਰੀ ਨਿਯਮ ਦੁਆਰਾ ਉਹ ਕਾਲ-ਰਹਿਤ ਹਸਤੀ ਨਿਰਗੁਣ ਤੋਂ ਸਰਗੁਣ ਵਿਚ ਪਲਟ ਜਾਂਦੀ ਹੈ, ਅਫੁਰ ਸਥਿਤੀ ਤੋਂ ਸਫੁਰ ਅਵਸਥਾ ਧਾਰ ਲੈਂਦੀ ਹੈ। ਆਪਣੇ ਸਰਗੁਣ ਸਰੂਪ ਵਿਚ ਨਿਰਗੁਣ ਬ੍ਰਹਮ 'ਦੈਵੀ ਪੁਰਖ' ਦੇ ਗੁਣ-ਲੱਛਣ ਧਾਰਨ ਕਰ ਕੇ, ਪ੍ਰੇਮ-ਪੁੰਜ ਈਸ਼ਵਰ ਤੇ ਭਗਤ-ਜਨਾਂ ਦਾ ਪ੍ਰਭੂ ਬਣ ਜਾਂਦਾ ਹੈ। ਅੰਤਮ ਹਸਤੀ 'ਇਹ' (ਪਦਾਰਥ) ਤੋਂ 'ਉਹ' (ਚੇਤਨ) ਵਿਚ ਪਲਟ ਜਾਂਦੀ ਹੈ, ਜਿਸ ਦੇ ਪੁਰਖੀ ਸਰੂਪ ਨਾਲ ਆਤਮਕ ਸੰਪਰਕ ਸੰਕਲਪਿਆ ਤੇ ਸਥਾਪਤ ਕੀਤਾ ਜਾਂਦਾ ਹੈ। ਇਸੇ ਮਿਹਰਵਾਨ, ਭਗਤ-ਵਛਲ ਪ੍ਰਭੂ ਨੂੰ ਨਮਸਕਾਰ ਕਰਦਿਆਂ 'ਕ੍ਰਿਪਾਲ' ਕਿਹਾ ਹੈ, ਜੋ ਦਾਤਾਰ ਰੂਪ ਵਿਚ ਆਪਣੀ ਰਚਨਾ ਨੂੰ ਵੇਖ-ਵੇਖ ਆਨੰਦਿਤ ਹੋ ਰਿਹਾ ਹੈ। ਜੋ ਪਿਆਰ ਤੇ ਸੰਗ-ਸਾਥ ਦਾ ਦਰਦ ਮਨੁੱਖੀ ਹਿਰਦੇ ਵਿਚ ਵਿਆਪਤ (ਵਿਆਪਕ) ਹੈ, ਉਹ 'ਪ੍ਰੇਮ' ਦੀ ਦੈਵੀ ਕੀਮਤ ਵਿਚੋਂ ਹੀ ਉਪਜਿਆ ਹੈ।

## ੩.ਸੂਰਬੀਰਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲ 'ਸਰਬ ਲੋਹ' ਹੈ, ਜੋ ਕਿ ਗੁਰੂ ਸਾਹਿਬ ਦੀ ਸੰਕਲਪਨਾ ਦੇ ਬਹਾਦਰ ਨਾਇਕਾਂ ਦਾ ਪ੍ਰਤੀਕ ਬਣ ਕੇ ਵਿਅਕਤ ਹੋਇਆ। ਸਿੱਖ ਪਰੰਪਰਾ ਦੈਵੀ ਪੁਰਖ ਦੇ ਹਠੀਲੇ ਸਰਬ ਲੋਹ ਪੱਖ ਤੋਂ ਪ੍ਰੇਰਿਤ, ਬਹਾਦਰੀ ਤੇ ਸੂਰਮਗਤੀ ਦੀ ਰੰਗਣ ਵਿਚ ਰੰਗੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਸੂਰਬੀਰ ਨਾਇਕ ਲਈ ਜੋਧਾ-ਮਹਾਂਬਲੀ-ਸੂਰਮਾ ਦੀ ਸ਼ਬਦਾਵਲੀ ਵਰਤੀ ਸੀ। ਦਸਮ ਗੁਰੂ ਜੀ ਨੇ ਆਪਣੇ ਪੈਰੋਕਾਰਾਂ ਵਿਚ ਬਹਾਦਰ ਜੋਧੇ, ਕਦੀ ਨਾ ਹਾਰਨ ਵਾਲੇ ਸੈਨਿਕ ਤੇ ਸੰਤ-ਸਿਪਾਹੀ ਦੀ ਸਪਿਰਿਟ ਭਰਨ ਦਾ ਉਪਰਾਲਾ ਕੀਤਾ। ਪਰ, ਇਸ ਸੈਨਿਕ ਨੂੰ ਬਦੀ-ਬੁਰਾਈ ਦਾ ਖ਼ਾਤਮਾ ਕਰਨ ਦੀ ਅਤੇ ਭਲੇ ਲੋਕਾਂ ਦੀ ਸੁਰੱਖਿਆ ਹਿਤ ਲੜਨ ਦੀ ਸਿਖਲਾਈ ਦਿੱਤੀ ਗਈ। ਗੁਰੂ ਸਾਹਿਬ ਨੇ 'ਘੋੜਾ' ਅਤੇ 'ਬਾਜ਼' ਨੂੰ (ਜੋ ਨੀਲਾ ਘੋੜਾ ਤੇ ਚਿੱਟਾ ਬਾਜ਼ ਕਰਕੇ ਪ੍ਰਸਿੱਧ ਹਨ) ਸ਼ਕਤੀ ਦੇ ਪ੍ਰਤੀਕਾਂ ਵਜੋਂ ਅਪਣਾਇਆ। ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਥਾਪਤ ਕੀਤੀ ਮੀਰੀ-ਪੀਰੀ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ, ਦਸਮ ਗੁਰੂ ਜੀ ਨੇ ਸ਼ਾਹੀ ਕਿਸਮ ਦੇ ਵਸਤਰ, ਸਣੇ ਕਲਗੀ ਆਦਿ ਦੇ ਧਾਰਨ ਕੀਤੇ ਅਤੇ ਨਾਲ ਹੀ ਆਪਣੇ ਸਿੱਖਾਂ ਨੂੰ ਅਧਿਆਤਮਕ

ਅਗਵਾਈ ਨਾਲ ਵਰੋਸਾਉਂਦੇ ਰਹੇ। ਇਹ ਸਮੁੱਚਾ ਉਪਰਾਲਾ ਦੈਵੀ ਪੁਰਖ ਦੇ ਸਰਬ-ਲੋਹ ਵਾਲੇ ਸੂਰਬੀਰ ਪੱਖ ਨੂੰ ਗੁਰੂ ਸਾਹਿਬ ਦਾ ਅਨੁਪਮ ਢੋਆ ਸੀ।

**੪. ਪ੍ਰਬੁੱਧਤਾ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਰਚਨਾ ਵਿਚ ਸਿੱਖਿਆ ਦੇ ਚਾਨਣ ਅਤੇ ਸੂਝ ਸਿਆਣਪ ਉੱਤੇ ਜੋ ਬਲ ਵਿਦਮਾਨ ਹੈ, ਉਹ ਉਨ੍ਹਾਂ ਨੂੰ ਬੁੱਧ-ਵਿਵੇਕ ਦਾ ਵਿਸ਼ੇਸ਼ ਸਮਰਥਕ ਸਿੱਧ ਕਰਦਾ ਹੈ। 'ਕ੍ਰਿਸ਼ਨਾਵਤਾਰ' ਦੇ ਇਕ ਪਦੇ ਵਿਚ ਉਨ੍ਹਾਂ ਨੇ ਸਾਫ਼-ਸਿੱਧੇ ਸ਼ਬਦਾਂ ਵਿਚ ਉਚਾਰਿਆ ਹੈ ਕਿ ਅਗਿਆਨ ਦਾ ਕੂੜਾ-ਕਰਕਟ ਸਿੱਖਿਆ ਤੇ ਗਿਆਨਵਾਨਤਾ ਦੀ ਬੁਹਾਰੀ ਨਾਲ ਹੂੰਝਣ ਦੀ ਅਵੱਸ਼ਕਤਾ ਹੈ। ਸਪੱਸ਼ਟ ਹੈ ਕਿ ਗਿਆਨ ਸੰਬੰਧੀ ਉਨ੍ਹਾਂ ਦਾ ਹਵਾਲਾ ਅਧਿਆਤਮਕ ਬੋਧ ਦਾ ਸੰਕੇਤ ਦੇਂਦਾ ਹੈ, ਨਾ ਕਿ ਨਿੱਕੀ-ਮੋਟੀ ਜਾਣਕਾਰੀ ਦਾ। ਗੁਰਬਾਣੀ ਨੇ ਬਾਰ-ਬਾਰ ਜਿਸ ਬੁੱਧ-ਵਿਵੇਕ ਦੀ ਗੱਲ ਕੀਤੀ ਹੈ, ਉਸ ਤੋਂ ਸਿੱਧਾ ਭਾਵ ਹੈ ਚੰਗੇ ਤੇ ਮੰਦੇ ਵਿਚ, ਉੱਚਿਤ ਤੇ ਅਨੁਚਿਤ ਵਿਚ ਅੰਤਰ ਕਰਨ ਦੀ ਯੋਗਤਾ। ਇਹ ਤੱਥ ਜੀਵਨ ਵਿਚ ਵਿਵੇਕਸ਼ੀਲਤਾ ਦੀ ਵਰਤੋਂ, 'ਮਨ ਨੀਵਾਂ ਮਤਿ ਉਚੀ' ਦੇ ਸੰਜਮ ਦੀ ਹਾਮੀ ਭਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਹਿਮ-ਪ੍ਰਸਤੀ ਤੇ ਹਠ-ਧਰਮੀ, ਰੂੜ੍ਹੀਵਾਦ ਤੇ ਖੰਡ-ਬਿਰਤੀ ਵਿਰੁੱਧ ਜਹਾਦ ਛੇੜਿਆ। ਉਨ੍ਹਾਂ ਨੇ ਜ਼ਿੰਦਗੀ ਦੇ ਸੱਚੇ ਤੱਤ ਅਤੇ ਖਰੇ ਜੀਵਨ ਦੀ ਵੀ ਖੋਜ-ਹਿਤ ਲਿਵਲੀਨਤਾ ਦਾ ਸਾਧਨ ਅਪਨਾਉਣ ਦੀ ਸਿਫ਼ਾਰਸ਼ ਕੀਤੀ। ਗੁਰੂ ਸਾਹਿਬ ਨੇ ਆਪ ਵੀ ਵੱਡ-ਆਕਾਰੀ ਕਾਵਿ-ਰਚਨਾ ਕੀਤੀ ਅਤੇ ਆਪਣੇ ਨਿਕਟਵਰਤੀ ਪ੍ਰਬੁੱਧ ਵਿਅਕਤੀਆਂ ਨੂੰ ਵੀ ਭਾਰਤੀ ਪਰੰਪਰਾ ਵਿੱਚੋਂ ਚੋਣਵੇਂ ਤੇ ਬਹੁਮੁੱਲੇ ਅਧਿਆਵਾਂ ਦਾ ਅਨੁਵਾਦ ਕਰਨ ਦੀ ਪ੍ਰੇਰਨਾ ਦਿੱਤੀ, ਤਾਂ ਕਿ ਲੋਕ-ਮਨ ਨੂੰ ਸੁਸਿੱਖਿਅਤ ਕੀਤਾ ਜਾ ਸਕੇ। ਇਹ ਤੱਥ ਗੁਰੂ ਸਾਹਿਬ ਦੀ ਸੂਝ ਸਿਆਣਪ ਦੀਆਂ ਅਤੇ ਸਾਹਿਤ ਵਿਚ ਪ੍ਰਾਪਤ ਅਧਿਆਤਮਕ ਕਦਰਾਂ-ਕੀਮਤਾਂ ਸੰਬੰਧੀ ਸੁਚੇਤਨਾ ਦਾ ਅਕੱਟ ਪ੍ਰਮਾਣ ਹੈ।

**੫.ਸੰਤੁਲਿਤ ਜੀਵਨ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਜੀਵਨ-ਸ਼ੈਲੀ ਸੰਤੁਲਨ ਦੇ ਮੁੱਲ ਦੀ ਸ਼ਾਹਦੀ ਭਰਦੀ ਹੈ—ਪ੍ਰਬੁੱਧਤਾ ਅਤੇ ਅਮਲ ਵਿਚਕਾਰ, ਭਗਤੀ ਅਤੇ ਸ਼ਕਤੀ ਵਿਚਕਾਰ ਸੰਤੁਲਨ। ਉਨ੍ਹਾਂ ਦੇ ਜੀਵਨ ਦਾ ਲਕਸ਼ 'ਸੰਤ ਉਬਾਰਨ', 'ਦੁਸ਼ਟ ਨਿਵਾਰਨ' ਸੀ। ਸਰਬ ਸ਼ਕਤੀਮਾਨ ਪਾਸੋਂ ਜੋ ਵਰਦਾਨ ਉਨ੍ਹਾਂ ਨੇ ਮੰਗਿਆ, ਉਹ ਸ਼ੁਭ ਕਰਮਨ ਦੀ ਯੋਗਤਾ ਸੀ। ਇਹ ਗੱਲ ਸਪੱਸ਼ਟ ਕਰਦੀ ਹੈ ਕਿ ਸਦਾਚਾਰ ਨੂੰ ਜੀਵਨ ਵਿਚ ਕਿੰਨੀ ਵਿਸ਼ੇਸ਼ਤਾ ਉਹ ਦਿੰਦੇ ਸਨ। ਸਦਗੁਣਾਂ ਵਾਲਾ ਨੇਕ ਵਿਅਕਤੀ ਲੋਭ-ਲਾਲਚਾਂ ਦੇ ਵੱਸ ਨਹੀਂ ਪੈਂਦਾ, ਉਹ ਸੰਸਾਰਕ ਜੀਵਨ ਬਸਰ ਕਰਦਾ ਹੋਇਆ ਗ੍ਰਿਹਸਥੀ ਦੇ ਕਰਤੱਵ ਨਿਭਾਉਂਦਾ ਹੈ ਅਤੇ ਫਿਰ ਵੀ ਨਿਰਲੇਪਤਾ ਦੀ ਭਾਵਨਾ ਦਾ ਧਾਰਨੀ ਰਹਿੰਦਾ ਹੈ। ਗੁਰੂ ਸਾਹਿਬ ਦੀਆਂ ਕਾਵਿ-ਰਚਨਾਵਾਂ ਔਖੀ ਘੜੀ ਵਿਚ ਵੀ ਚੜ੍ਹਦੀ ਕਲਾ ਕਾਇਮ ਰੱਖਣ

ਉੱਤੇ ਅਧਿਕ ਬਲ ਦੇਂਦੀਆਂ ਹਨ। ਉਨ੍ਹਾਂ ਨੇ ਨਾ ਕੇਵਲ ਮਨੁੱਖੀ ਜੀਵਨ ਵਿਚ ਤਿਆਗ ਅਤੇ ਸੁਖ-ਸਨੇਹ ਵਿਚਕਾਰ, ਸਗੋਂ ਦੈਵੀ-ਪੁਰਖ ਸੰਬੰਧੀ ਆਪਣੇ ਦ੍ਰਿਸ਼ਟੀਕੋਣ ਵਿਚ ਅਗੋਚਰ ਅਤੇ ਵਿਆਪਕ ਦਾ ਸੁਜੋੜ ਸਥਾਪਤ ਕੀਤਾ। ਸ਼ਿਰੋਮਣੀ ਹਕੀਕਤ ਨੂੰ ਉਹ ਹਾਂ-ਵਾਚਕ ਅਤੇ ਨਾਂਹ-ਵਾਚਕ ਦੋਵੇਂ ਤਰ੍ਹਾਂ ਦੇ ਨਾਮ ਦਿੰਦੇ ਹਨ। ਪਰਮ ਸਤਿ ਨੂੰ ਗੁਣ-ਭਰਪੂਰ ਹੁੰਦੇ ਹੋਏ ਵੀ, ਗੁਣ-ਰਹਿਤ ਦਰਸਾਇਆ ਹੈ, ਉਹ ਅਨੇਕ ਹੈ, ਫਿਰ ਵੀ ਇਕ ਹੈ। ਇਸ ਕਿਸਮ ਦਾ ਸੰਤੁਲਨ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਸ਼ੈਲੀ ਦਾ ਰੌਚਿਕ ਪ੍ਰਮਾਣ ਹੈ।

**੬.ਲੋਕਤੰਤਰੀ ਭਾਵਨਾ**

ਰਾਸ਼ਟਰ ਅਤੇ ਲੋਕਤੰਤਰ ਦੇ ਅਜੋਕੇ ਸੰਕਲਪ ਬਹੁਤੇ ਪੁਰਾਣੇ ਨਹੀਂ। ਗੁਰੂ-ਕਾਲ ਵਿਚ ਅਜੇ ਨਾ ਰਾਸ਼ਟਰ-ਰਾਜ, ਨਾ ਹੀ ਰਾਜਸੀ ਭਾਵ ਵਾਲੇ ਲੋਕਤੰਤਰ ਨੂੰ ਮਾਨਤਾ ਮਿਲੀ ਸੀ। ਗੁਰੂ ਨਾਨਕ ਸਾਹਿਬ ਨੇ 'ਸੰਗਤ' ਤੇ 'ਪੰਗਤ' ਦੇ ਅਦਾਰਿਆਂ ਦਾ ਮੁੱਢ ਬੰਨ੍ਹਿਆ ਸੀ, ਜਿਨ੍ਹਾਂ ਨੂੰ ਡਾ. ਗੰਡਾ ਸਿੰਘ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਪ੍ਰਮਾਣਿਤ ਕਰਨ ਤੇ ਅਮਲੀ ਰੂਪ ਦੇਣ ਵਾਲੀਆਂ 'ਪ੍ਰਯੋਗਸ਼ਾਲਾਵਾਂ' ਆਖਿਆ ਹੈ। ਦਸਵੇਂ ਗੁਰੂ ਜੀ ਨੇ ਇਨ੍ਹਾਂ ਸੰਸਥਾਵਾਂ ਨੂੰ ਪਕੇਰੇ ਪੈਰਾਂ ਉੱਤੇ ਖੜ੍ਹਿਆਂ ਕਰ ਦਿੱਤਾ। ਉਨ੍ਹਾਂ ਨੇ ਸੰਗਤ-ਰੂਪੀ ਸਭਾ ਨੂੰ ਆਧੁਨਿਕ ਜਨਰਲ ਅਸੰਬਲੀ ਦਾ ਅਗੇਤਰ ਰੂਪ ਦਿੱਤਾ, ਜਿਸ ਦੀ ਕਾਰਜਕਾਰੀ ਕੌਂਸਲ 'ਪੰਜ ਪਿਆਰਿਆਂ' ਦੇ ਰੂਪ ਵਿਚ ਕਾਇਮ ਸੀ। ਸਿੱਖ ਭਾਈਚਾਰੇ ਦੇ ਜੀਵਨ ਵਿਚ ਲੋਕਤੰਤਰੀ ਭਾਵਨਾ ਵਧੇਰੇ ਪ੍ਰਫੁੱਲਿਤ ਹੋਈ ਜਦੋਂ 'ਗੁਰਮਤੇ' ਦੇ ਰੂਪ ਵਿਚ ਪ੍ਰਸਤੁਤ ਮਤਿਆਂ ਨੂੰ ਵਿਚਾਰ-ਅਧੀਨ ਲਿਆ ਕੇ, ਜਾਂ ਸਰਬ-ਸੰਮਤੀ ਨਾਲ ਤੇ ਜਾਂ ਬਹੁ-ਸੰਮਤੀ ਨਾਲ ਪ੍ਰਵਾਨ ਕੀਤਾ ਜਾਣ ਲੱਗਾ। ਇਹ ਸਾਰੀ ਕ੍ਰਿਆ ਸਰਬ-ਸ਼ਕਤੀਮਾਨ ਦੇ ਨਾਮ ਨਿਭਾਈ ਜਾਂਦੀ ਹੈ; ਸਭ ਸਫਲਤਾ ਵਾਹਿਗੁਰੂ ਦੀ ਫ਼ਤਹਿ ਹੈ। ਸਭ ਬਖ਼ਸ਼ਿਸ਼ਾਂ ਤੇ ਨਿਆਮਤਾਂ 'ਵੰਡ ਕੇ ਛਕਣ' ਦੀ ਭਾਵਨਾ ਨਾਲ ਮਾਣੀਆਂ ਜਾਂਦੀਆਂ ਹਨ। ਸਮਾਜਕ ਭਲਾਈ ਦੇ ਕਾਰਜਾਂ ਹਿਤ ਸਵੈ-ਇੱਛਤ ਹਿੱਸਾ ਤੇ ਯੋਗਦਾਨ ਪਾਉਣ ਲਈ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਨਿਰਦੇਸ਼ ਜਾਰੀ ਕੀਤੇ। 'ਪ੍ਰੇਮ ਸੁਮਾਰਗ' ਦੇ ਕਰਤਾ ਅਨੁਸਾਰ, ਖ਼ਾਲਸਾ-ਜੀਵਨ ਦਾ ਇਕ ਵਿਸ਼ੇਸ਼ ਚਿੰਨ੍ਹ, ਸਮਾਜਕ ਨਿਆਂ ਦੇ ਰੂਪ ਵਿਚ ਪ੍ਰਮੁੱਖ ਸਦਗੁਣ ਬਣ ਕੇ ਉਭਰਿਆ, ਜੋ ਕਿ ਸਿੱਖ ਸਮਾਜ ਦੀ ਲੋਕਤੰਤਰੀ ਭਾਵਨਾ ਦੀ ਸਾਖੀ ਭਰਦਾ ਹੈ।

**੭.ਸਮਾਨਤਾ**

ਲੋਕਤੰਤਰ ਦੀ ਸ੍ਰੇਸ਼ਟ ਕਦਰ-ਕੀਮਤ ਵਜੋਂ ਅਤੇ ਮਾਨਵੀ ਅਧਿਕਾਰਾਂ ਵਿੱਚੋਂ ਪ੍ਰਮੁੱਖ, ਸਮਾਨਤਾ (ਬਰਾਬਰੀ) ਨੂੰ ਅਕਾਦਮਿਕ ਅਤੇ ਸਾਹਿਤਕ ਹਲਕਿਆਂ ਵਿਚ ਸਦਾ ਆਦਰ-ਯੋਗ ਸਥਾਨ ਮਿਲਿਆ ਹੈ। ਪਰ ਅਮਲੀ ਤੌਰ ਉੱਤੇ, ਵਿਸ਼ੇਸ਼ ਕਰਕੇ ਭਾਰਤ ਵਿਚ, ਸਮਾਨਤਾ ਘਾਟੇਵੰਦੀ ਹੀ ਰਹੀ ਹੈ। ਭਗਤੀ ਅੰਦੋਲਨ ਨੇ 'ਨੀਵੀਆਂ'

ਜਾਤੀਆਂ ਨੂੰ ਮੰਦਿਰਾਂ ਵਿਚ ਦਾਖਲੇ ਅਤੇ ਧਰਮ-ਗ੍ਰੰਥਾਂ ਦੇ ਅਧਿਐਨ ਬਾਰੇ ਲੱਗੀਆਂ ਪਾਬੰਦੀਆਂ ਵਿਰੁੱਧ ਰੋਸ ਪ੍ਰਗਟਾਇਆ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਨੂੰ ਮੂਲੋਂ ਹੀ ਖ਼ਤਮ ਕਰਨ ਦਾ ਬੀੜਾ ਚੁੱਕਿਆ ਅਤੇ ਸਮੁੱਚੀ ਮਨੁੱਖਤਾ ਦੀ ਬਰਾਬਰੀ ਨੂੰ ਸਵੀਕਾਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਣਾ ਕਰ ਕੇ ਅਸਮਾਨਤਾ ਨੂੰ ਅਲਵਿਦਾ ਹੀ ਕਹਿ ਦਿੱਤੀ। ਸ੍ਰੀਮਤੀ ਵਾਇਲਮ ਦੇ ਸ਼ਬਦਾਂ ਵਿਚ, "ਗੁਰੂ ਸਾਹਿਬ ਦਾ ਵਿਸ਼ਵਾਸ ਸੀ ਕਿ ਹਰ ਇਨਸਾਨ ਨੂੰ ਸੰਸਾਰ ਵਿਚ, ਬਿਨਾਂ ਭੇਦ-ਭਾਵ ਦੇ, ਪਦਾਰਥਕ ਅਤੇ ਆਤਮਕ ਤੌਰ ਉੱਤੇ ਪ੍ਰਗਤੀ ਕਰਨ ਦਾ ਹੱਕ ਹਾਸਲ ਹੈ।" ਦਸਮ ਗੁਰੂ ਜੀ ਨੂੰ, ਨਾ ਕੇਵਲ ਉਨ੍ਹਾਂ ਦੀ ਬਾਣੀ-ਰਚਨਾ ਦੇ ਆਧਾਰ ਉੱਤੇ, ਬਲਕਿ ਜਥੇਬੰਦਕ ਸਫਲਤਾਵਾਂ ਕਰਕੇ ਵੀ, ਸਮਾਨਤਾ ਦਾ ਸਿਰਮੌਰ ਹਿਮਾਇਤੀ ਗਰਦਾਨਿਆ ਜਾਂਦਾ ਹੈ। ਉਨ੍ਹਾਂ ਦੀ ਦੇਖ-ਰੇਖ ਅਧੀਨ, ਉੱਚੀ ਵਰਣ-ਜਾਤੀ ਦਾ ਗੁਮਾਨ, ਲਿੰਗਕ ਪੱਖ-ਪਾਤ ਅਤੇ ਕਸਬੀ ਊਚ-ਨੀਚ ਨੂੰ ਤਿਲਾਂਜਲੀ ਦੇ ਦਿੱਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਬ-ਮਨੁੱਖਤਾ ਦੀ ਸਮਾਨਤਾ ਵਾਲੀ ਦ੍ਰਿਸ਼ਟੀ ਨੂੰ, ਕੌਮਾਂਤਰੀ ਸੰਬੰਧਾਂ ਦੇ ਸੁਖਾਵੇਂ ਭਵਿੱਖ ਲਈ ਸੰਭਾਵੀ ਕਾਰਜ-ਸੂਚੀ ਵਿਚ ਸ਼ਾਮਲ ਕਰ ਲੈਣਾ ਉੱਚਿਤ ਤੇ ਨਿਆਂਸ਼ੀਲ ਹੋਵੇਗਾ।

**੮. ਭਾਈਚਾਰਾ**

ਸੁਤੰਤਰਤਾ ਤੇ ਸਮਾਨਤਾ ਦੀਆਂ ਲੋਕਤੰਤਰੀ ਕੀਮਤਾਂ ਆਵੱਸ਼ਕ ਤੌਰ 'ਤੇ 'ਭਾਈਚਾਰੇ' ਦੀ ਕੀਮਤ ਨੂੰ ਨਿਸ਼ਚਿਤ ਕਰਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੇ ਗੌਰਵ ਅਤੇ ਜ਼ਮੀਰ ਦੀ ਆਜ਼ਾਦੀ ਦਾ ਪੱਖ ਪੂਰਿਆ ਹੈ। ਉਨ੍ਹਾਂ ਨੇ 'ਅਕਾਲ ਉਸਤਤਿ' ਬਾਣੀ ਵਿਚ ਅਨੇਕ ਧਰਮ-ਸੰਪਦ੍ਰਾਵਾਂ ਤੇ ਮੱਤਾਂ ਦਾ ਵਰਣਨ ਕੀਤਾ, ਜੋ ਕਲਿਆਣ-ਪ੍ਰਾਪਤੀ ਹਿਤ ਭਿੰਨ-ਭਿੰਨ ਮਾਰਗ ਨਿਰਧਾਰਤ ਕਰਦੇ ਹਨ। ਵਿਅਕਤੀ ਦੇ ਸਭਿਆਚਾਰਕ ਵਾਤਾਵਰਨ ਉੱਤੇ ਨਿਰਭਰ ਹੈ ਕਿ ਉਹ ਕਿਹੜਾ ਪੰਥ ਜਾਂ ਮਾਰਗ ਅਪਨਾਉਂਦਾ ਹੈ। ਫਿਰ ਵੀ, ਸਾਰੇ ਮਨੁੱਖੀ ਜੀਵ ਇਕ-ਸਮਾਨ ਮਨੁੱਖ ਹਨ। ਗੁਰੂ ਸਾਹਿਬ ਧਰਮ-ਸੰਪ੍ਰਦਾਵਾਂ ਤੇ ਫਿਰਕਿਆਂ ਦੇ ਵਿਰੋਧੀ ਨਹੀਂ, ਪਰ ਉਹ ਫਿਰਕੂ ਜ਼ਹਿਨੀਅਤ ਦੇ ਆਲੋਚਕ ਜ਼ਰੂਰ ਹਨ। ਜੇਕਰ ਅਸੀਂ ਸੁਤੰਤਰਤਾ ਤੇ ਸਮਾਨਤਾ ਦੇ ਹਿਮਾਇਤੀ ਹਾਂ, ਤਾਂ ਭਾਈਚਾਰੇ ਦੀ ਭਾਵਨਾ ਤੋਂ ਮੁਨਕਰ ਨਹੀਂ ਹੋ ਸਕਦੇ। ਜੇ ਕਿਸੇ ਸਮਾਜ ਵਿਚ ਭਾਈਬੰਦੀ ਦੇ ਭਾਵਾਂ ਦਾ ਅਭਾਵ ਹੈ ਤਾਂ ਇਹ ਸਪੱਸ਼ਟ ਸੰਕੇਤ ਹੈ ਕਿ ਸਮਾਜਕ ਸੁਤੰਤਰਤਾ ਦੀ ਕੁਵਰਤੋਂ ਹੋ ਰਹੀ ਹੈ ਅਤੇ ਸਮਾਨਤਾ ਗਾਇਬ ਹੈ। ਗੁਰੂ ਸਾਹਿਬ ਦਾ ਪੱਕਾ ਨਿਸ਼ਚਾ ਹੈ ਕਿ 'ਸਾਰੇ ਮਨੁੱਖ ਭਾਈ-ਭਾਈ' ਹਨ। ਖ਼ਾਲਸਾ ਪੰਥ ਦੀ ਸਾਜਣਾ ਮਨੁੱਖੀ ਭਾਈਚਾਰੇ ਦੀ ਸਹੀ ਪਛਾਣ, ਇਸ ਦੇ ਪ੍ਰੇਮ-ਭਾਵ ਤੇ ਏਕਤਾ ਨੂੰ ਪ੍ਰਮਾਣਿਤ ਕਰਨ ਹਿੱਤ ਹੋਈ ਹੈ। ਗੁਰੂ ਸਾਹਿਬ ਦੀ ਨੀਤੀ ਦਾ ਸਭਿਆਚਾਰਕ ਪ੍ਰਭਾਵ ਇਸ ਤੱਥ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦੇ ਪੈਰੋਕਾਰ ਉਨ੍ਹਾਂ ਦੀਆਂ

ਸਿੱਖਿਆਵਾਂ ਤੇ ਉਪਦੇਸ਼ਾਂ ਨੂੰ ਪੂਰੇ ਭਰੋਸੇ ਨਾਲ ਸਹੀ ਤੇ ਦਰੁਸਤ ਮੰਨ ਕੇ ਚਲਦੇ ਹਨ। ਗੁਰੂ ਸਾਹਿਬ ਨੇ ਖ਼ਾਲਸਾ ਬਰਾਦਰੀ ਦੇ ਵਿਅਕਤੀਆਂ ਵਿਚ ਆਪਸੀ ਪ੍ਰੇਮ-ਪਿਆਰ ਤੇ ਵਫ਼ਾ ਦੇ ਗੁਣਾਂ ਦਾ ਸੰਚਾਰ ਕੀਤਾ। ਕੋਈ ਵੀ ਭਾਈਚਾਰਾ ਪਿਆਰ ਬਿਨਾਂ ਤੁੱਛ ਤੇ ਫੋਕਟ ਹੈ ਅਤੇ ਇਕ ਦੂਜੇ ਪ੍ਰਤੀ ਵਫ਼ਾ ਤੋਂ ਵਿਹੀਣ ਤੇ ਅਰਥਹੀਣ ਹੈ।

**੯.ਵਿਸ਼ਵਾਰਥੀ ਭਾਵਨਾ**

ਹਰ ਵਿਅਕਤੀ ਮਨੁੱਖ ਜੀਵ ਦੇ ਰੂਪ ਵਿਚ ਬੇਸ਼ੱਕ ਨਿਰਾਲਾ ਹੈ, ਤਦ ਵੀ ਉਹ, ਮਰਦ ਜਾਂ ਇਸਤਰੀ, ਕਿਸੇ ਸਮਾਜਕ ਸੰਗਠਨ ਦੀ ਇਕਾਈ ਹੈ, ਚਾਹੇ ਇਹ ਕੁਟੰਬ ਦੀ ਪੱਧਰ ਦਾ ਸਮਾਜ ਹੋਵੇ, ਚਾਹੇ ਕੋਈ ਹੋਰ ਸਮੂਹ ਜਾਂ ਕੌਮ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਰ ਵਿਅਕਤੀ, ਹਰ ਜੀਵ ਦੀ ਬਣਤਰ ਵਿਚਲੇ ਅਦੁੱਤੀ ਤੇ ਵਿਸ਼ਵਾਰਥੀ ਤੱਤਾਂ ਸੰਬੰਧੀ ਪੂਰੇ ਸੁਚੇਤ ਹਨ। ਗੁਰੂ ਸਾਹਿਬ ਦੇ ਸਿੱਖ ਪਾਸੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਿੱਜੀ ਕਲਿਆਣ ਹਿੱਤ ਸੰਤ-ਬਿਰਤੀ ਦੇ ਗੁਣਾਂ ਦਾ ਧਾਰਨੀ ਹੋਵੇ, ਪਰ ਨਾਲ ਹੀ ਉਹ ਸੰਜਮ-ਭਰਪੂਰ ਨਾਗਰਿਕ ਦੇ ਕਰਤੱਵ ਵੀ ਨਿਭਾਵੇ, ਸੇਵਾ-ਭਾਵਨਾ ਸੰਗਠਨ ਦਾ ਸਿਪਾਹੀ ਹੋਵੇ, ਨਿਹੱਥਿਆਂ ਤੇ ਮਜ਼ਲੂਮਾਂ ਦੀ ਸੁਰੱਖਿਆ ਲਈ ਤੱਤਪਰ ਰਹੇ। ਮਨੁੱਖੀ ਭਾਈਚਾਰੇ ਦਾ ਹਾਮੀ ਹੋਣ ਦੇ ਨਾਤੇ, ਉਹ ਆਪਣੇ ਸੰਗ-ਸਾਥ ਦਾ ਹਿਤੈਸ਼ੀ, ਹਮਵਤਨੀ, ਦੇਸ਼ਵਾਸੀਆਂ ਲਈ ਸਨੇਹ-ਭਰਪੂਰ ਹੋਵੇ। ਗੁਰੂ ਸਾਹਿਬ ਇਸ ਤੋਂ ਵੀ ਅਗੇਰੇ, ਸਿੱਖ ਨੂੰ ਸਮੁੱਚੀ ਮਨੁੱਖ-ਜਾਤੀ ਨਾਲ ਇਕਮਿਕਤਾ ਦੀ ਭਾਵਨਾ ਗ੍ਰਹਿਣ ਕਰਾਉਂਦੇ ਹਨ। ਰਾਸ਼ਟਰਵਾਦ ਤੋਂ ਅੱਗੇ ਉਹ ਮਾਨਵਵਾਦ ਦੀ ਸੇਧ ਅਪਨਾਅ ਲੈਂਦੇ ਹਨ। ਗੁਰੂ-ਕਾਲ ਵਿਚ ਰਾਸ਼ਟਰੀ ਹੱਦਬੰਦੀਆਂ ਏਨੀ ਸਖ਼ਤੀ ਨਾਲ ਨਿਸ਼ਚਿਤ ਨਹੀਂ ਸਨ, ਨਾ ਹੀ ਮੁਲਕਾਂ ਵਿਚਕਾਰ ਗਲ-ਵੱਢ ਮੁਕਾਬਲਾ ਚਲਦਾ ਸੀ। ਆਰਥਕ ਤੇ ਸਭਿਆਚਾਰਕ ਵਾਤਾਵਰਨ ਵਿਚ ਕਾਫ਼ੀ ਹੱਦ ਤਕ ਉਦਾਰਤਾ ਤੇ ਮਾਨਵਵਾਦੀ ਭਾਵਨਾ ਰਾਇਜ (ਵਿਦਮਾਨ) ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਨਸ਼ੀਲਤਾ ਤੇ ਪਰਸਪਰ ਰਵਾਦਾਰੀ ਦੀ ਸਪਿਰਿਟ ਨੂੰ ਉਤੇਜਿਤ ਕੀਤਾ, ਉਨ੍ਹਾਂ ਨੇ ਸਿੱਖ ਕੌਮ ਵਿਚ ਵਿਸ਼ਵਾਰਥੀ ਦ੍ਰਿਸ਼ਟੀ ਦੇ ਵਿਕਾਸ ਨੂੰ ਉਤਸ਼ਾਹ ਦਿੱਤਾ। ਇਸ ਸਮੁੱਚੇ ਉਪਰਾਲੇ ਦੀ ਸੇਧ ਕਿਸੇ ਨਰੋਏ ਅੰਤਰ-ਰਾਸ਼ਟਰਵਾਦ ਲਈ ਸੱਚੀ-ਸੁੱਚੀ ਬੁਨਿਆਦ ਕਾਇਮ ਕਰਨਾ ਸੀ। ਅਜੋਕੀ ਮਨੁੱਖ-ਜਾਤੀ ਦਸਮ ਗੁਰੂ ਜੀ ਦੇ ਇਸ ਐਲਾਨ ਦੀ ਭਾਵਨਾ ਗ੍ਰਹਿਣ ਕਰ ਕੇ ਲਾਭਵੰਦ ਹੋ ਸਕਦੀ ਹੈ:

*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* *(ਅਕਾਲ ਉਸਤਤਿ)*

**੧੦. ਅਮਨ-ਸ਼ਾਂਤੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਅਧੀਨ ਸਿੱਖਾਂ ਨੇ ਅਮਨ-ਪਸੰਦੀ ਦਾ ਰਾਹ ਚੁਣ ਲਿਆ, ਪਰ ਕਿਸੇ ਸਿਧਾਂਤਕ ਅਮਨਵਾਦ ਜਾਂ ਸ਼ਾਂਤਮਈ ਸੰਪਰਦਾ ਦੇ ਪਿਛਲੱਗ ਨਹੀਂ ਬਣੇ। ਗੁਰੂ ਸਾਹਿਬ ਨੇ ਕਿਰਪਾਨ ਤੇ ਖੜਕ ਆਦਿਕ ਸ਼ਸਤਰਾਂ ਨੂੰ

ਜੋ ਗੌਰਵ ਤੇ ਵਡਿਆਈ ਬਖ਼ਸ਼ੀ, ਉਹ ਇਕ ਤਾਂ ਸਰਬ-ਸ਼ਕਤੀਮਾਨ ਤੇ ਸੂਰਬੀਰਤਾ ਪੱਖ ਨੂੰ ਉਜਾਗਰ ਕਰਨ ਹਿੱਤ ਕੀਤਾ ਗਿਆ ਅਤੇ ਦੂਜੇ, ਆਪਣੇ ਪੈਰੋਕਾਰਾਂ ਨੂੰ ਬਹਾਦਰੀ ਦੀ ਪ੍ਰੇਰਨਾ ਦੇਣ ਹਿੱਤ। ਗੁਰੂ ਜੀ ਦੀਆਂ ਕਾਵਿ-ਰਚਨਾਵਾਂ ਵਿਚ ਮਿਥਿਹਾਸ ਦੀ ਵਰਤੋਂ ਪ੍ਰਤੀਕਮਈ ਹੈ, ਇਹ ਦੁਸ਼ਟਾਂ ਤੇ ਅਤਿਆਚਾਰੀਆਂ ਦੇ ਦਮਨ ਵੱਲ ਸੰਕੇਤ ਹੈ ਤਾਂ ਕਿ ਸੰਸਾਰ ਨੂੰ ਅਮਨ-ਚੈਨ ਤੇ ਇਕਸੁਰਤਾ ਵਾਲਾ ਰਹਿਣਯੋਗ ਸਥਾਨ ਬਣਾਇਆ ਜਾ ਸਕੇ। ਉਨ੍ਹਾਂ ਦਾ ਮਨੁੱਖ ਦੇ ਸਾਂਝੇ ਵਿਰਸੇ ਵਿਚ ਅਤੇ ਮਨੁੱਖ-ਜਾਤੀ ਦੀ ਸਮੁੱਚੀ ਸੂਝ-ਸਿਆਣਪ ਵਿਚ ਡੂੰਘਾ ਵਿਸ਼ਵਾਸ ਸੀ। ਉਹ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੀ ਪੂਰਤੀ ਲਈ ਕਾਰਜ ਕਰ ਰਹੇ ਸਨ। ਸਿੱਖ ਭਾਈਚਾਰੇ ਦੀ ਅਮਨ-ਪਸੰਦੀ ਦਾ ਇਕ ਬਲਵਾਨ ਪੱਖ ਗੁਰੂ ਸਾਹਿਬਾਨ ਵੱਲੋਂ ਅਤੇ ਸਿੱਖ ਸਿਧਾਂਤ ਤੇ ਪਰੰਪਰਾ ਵੱਲੋਂ ਇਸਤਰੀ ਨੂੰ ਆਦਰ-ਸਨਮਾਨ ਦੀ ਥਾਂ ਦੇਣਾ ਹੈ। ਜੇਕਰ ਅਮਨ-ਸ਼ਾਂਤੀ ਦੀ ਸੰਭਾਵਨਾ ਨਜ਼ਰ ਆਉਂਦੀ ਹੋਵੇ, ਤਾਂ ਇਸਤਰੀਆਂ ਘੱਟ ਹੀ ਕਦੇ ਜੰਗ ਦੇ ਹੱਕ ਵਿਚ ਹੋਣਗੀਆਂ। ਸਿੱਖ ਸਮਾਜ ਨੇ ਕਦੀ ਵੀ ਜੰਗ-ਯੁੱਧ ਦੀ ਸ਼ਾਨ ਨੂੰ ਆਪਣਾ ਨਾਅਰਾ ਨਹੀਂ ਬਣਾਇਆ, ਬੇਸ਼ੱਕ ਅਣਸੁਖਾਵੇਂ ਹਾਲਾਤ ਵਿਚ ਹਥਿਆਰ ਦੀ ਵਰਤੋਂ ਨਿਆਂਸ਼ੀਲ ਤੇ ਹੱਕੀ ਮੰਨੀ ਹੈ। ਗੁਰੂ ਸਾਹਿਬ ਦੀ ਬਾਣੀ ਧਰਤੀ ਨੂੰ ਬਹੁ-ਰੰਗੀ, ਬਹੁ-ਨਸਲੀ ਜੀਵਨ ਦੇ ਆਦਰਸ਼-ਰੂਪ ਵਿਚ ਪ੍ਰਸਤੁਤ ਕਰਦੀ ਹੈ। ਸਿੱਖ ਸੰਗਤ ਦੀ ਸਮੂਹਕ ਅਰਦਾਸ 'ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਸ਼ਬਦਾਂ ਨਾਲ ਸੰਪੰਨ ਹੁੰਦੀ ਹੈ।

■

## ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲੋਕਤੰਤਰ ਦਾ ਵਿਸਮਾਦੀ ਸੰਕਲਪ

*-ਡਾ. ਰਾਜਿੰਦਰ ਸਿੰਘ ਕੁਰਾਲੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਮੌਤ ਤੋਂ ਪਾਰ ਜ਼ਿੰਦਗੀ ਦਾ ਸੁਨੇਹਾ ਹੈ। ਤਾਨਾਸ਼ਾਹੀ ਦੀ ਥਾਂ ਲੋਕਤੰਤਰ ਦੀ ਸਵੇਰ ਦਾ ਹੁਸਨ ਹੈ। ਇਤਿਹਾਸ ਦੇ ਦਰਵਾਜ਼ੇ 'ਤੇ "*ਸੁਭ ਕਰਮਨ ਤੇ ਕਬਹੂੰ ਨ ਟਰੋਂ*" ਦੀ ਦਸਤਕ ਹੈ। ਕੂੜ ਦੇ ਹਨੇਰ ਨੂੰ ਚੀਰਦੇ ਚਾਨਣ ਦੇ ਤੀਰਾਂ ਦੀ ਬਰਸਾਤ ਹੈ। ਸ਼ੋਸ਼ਣ ਨੂੰ ਵੰਗਾਰਦੀ ਤੇਗ ਦੀ ਚਮਕ ਹੈ। ਮਜ਼ਲੂਮ ਜਨਤਾ ਦਾ ਹੱਥ ਫੜਨ ਦਾ ਇਕਰਾਰ ਹੈ। ਗੁਰੂ ਜੀ ਕੋਲ ਜਿੱਤ ਦਾ ਮਾਣ ਨਹੀਂ ਵਾਹਿਗੁਰੂ ਜੀ ਕੀ ਫਤਿਹ ਦਾ ਜੈ-ਗਾਨ ਹੈ। ਮਾਨਵਤਾ ਲਈ ਸਰਬੰਸ ਵਾਰ ਦੇਣ ਦਾ ਲਾਸਾਨੀ ਇਤਿਹਾਸ ਹੈ। ਸੰਸਾਰ ਨੂੰ ਆਪਣੇ ਪਰਿਵਾਰ ਵਜੋਂ ਦੇਖਣ ਦੀ ਲੰਮੀ ਨਦਰਿ ਗੁਰੂ ਜੀ ਨੂੰ ਦਸਮੇਸ਼ ਪਿਤਾ ਵਜੋਂ ਸਥਾਪਿਤ ਕਰਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀਵਾਦ ਦੀ ਥਾਂ ਸਮੂਹ ਨੂੰ ਕੇਂਦਰ ਵਿਚ ਰੱਖ ਕੇ ਲੋਕਤੰਤਰ ਦੀ ਮਹਾਨਤਾ ਨੂੰ ਮੂਰਤੀਮਾਨ ਕੀਤਾ। ਵਿਅਕਤੀ ਨੂੰ ਨਿੱਜੀ ਲਾਲਸਾ ਲਈ ਸਮਾਜਿਕ ਵਿਵਸਥਾ ਵਿਚ ਖ਼ਲਲ ਪਾਉਣ ਦੀ ਥਾਂ ਦੂਜਿਆਂ ਦੀ ਸੇਵਾ ਲਈ ਸਮਰਪਿਤ ਹੋਣ ਦੀ ਰਮਜ਼ ਸਮਝਾਈ। ਅਕਾਲ ਪੁਰਖ ਨੂੰ ਅੰਗ-ਸੰਗ ਸਮਝ ਕੇ ਨੇਕੀ ਦੇ ਰਾਹ ਤੁਰ ਰਹੇ ਮਨੁੱਖ ਅੰਦਰ ਇੱਕ ਦੂਜੇ ਲਈ ਪਿਆਰ-ਸਤਿਕਾਰ ਤੇ ਦੂਜਿਆਂ ਦੇ ਜਾਇਜ਼ ਅਧਿਕਾਰਾਂ ਦਾ ਸਨਮਾਨ ਕਰਨ ਦਾ ਸੱਭਿਆਚਾਰ ਵਿਕਸਤ ਕੀਤਾ। ਖ਼ਾਲਸੇ ਦਾ ਰੋਮ-ਰੋਮ ਵਾਹਿਗੁਰੂ ਜੀ ਕੀ ਫਤਿਹ ਵਿਚ ਯਕੀਨ ਕਰਦਾ ਹੈ। ਇਸੇ ਕਾਰਨ ਸਿੱਖਾਂ ਨੇ ਸਵਾ ਲੱਖ ਨਾਲ਼ ਜੂਝਣ ਦਾ ਬੇਮਿਸਾਲ ਇਤਿਹਾਸ ਰਚਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹੀ ਅਰਥਾਂ ਵਿਚ ਲੋਕਤੰਤਰ ਦੀ ਸਟੀਕ ਪਰਿਭਾਸ਼ਾ ਤੇ ਇਸ ਦੀ ਮਹੱਤਤਾ ਤੋਂ ਸੰਸਾਰ ਨੂੰ ਜਾਣੂ ਕਰਵਾਇਆ। ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਅਨੁਸਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਤੇ ਰਾਜਨੀਤਕ ਸੁਤੰਤਰਤਾ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਰਾਂਸ ਦੀ ਕ੍ਰਾਂਤੀ ਤੋਂ ੯੦ ਸਾਲ ਪਹਿਲਾਂ ਜਬਰ-ਜ਼ੁਲਮ ਤੇ ਤੁਲੀ ਹੋਈ ਹਕੂਮਤ ਖ਼ਿਲਾਫ ਸੰਘਰਸ਼ ਸ਼ੁਰੂ ਕੀਤਾ।

ਪੰਜ ਪਿਆਰਿਆਂ ਦੀ ਸੰਸਥਾ ਲੋਕਤੰਤਰ ਲਈ ਅਦਰਸ਼ ਹੈ, ਇਸ ਵਿਚ ਆਪਹੁਦਰੇਪਣ ਲਈ ਸੂਈ ਦੇ ਨੱਕੇ ਜਿੰਨੀ ਵੀ ਥਾਂ ਨਹੀਂ। ਸਿੱਖ ਅਰਦਾਸ ਵਿਚ ਪੰਜ ਪਿਆਰਿਆਂ ਦਾ ਜ਼ਿਕਰ ਗੁਰੂ ਸਾਹਿਬ ਦੇ ਸ਼ਹੀਦ ਹੋਏ ਸਾਹਿਬਜ਼ਾਦਿਆਂ ਤੋਂ ਪਹਿਲਾਂ ਆਉਣਾ ਇਸ ਸੰਸਥਾ ਦੀ ਮਹਾਨਤਾ ਨੂੰ ਰੂਪਮਾਨ ਕਰਦਾ ਹੈ। ਇੱਥੇ ਮਾਨਵਤਾ ਦੇ ਉੱਚੇ ਮਿਨਾਰਾਂ ਦੀ ਖ਼ੂਬਸੂਰਤੀ ਨੂੰ

** # ੨੯੪, ਮਾਸਟਰ ਕਾਲੋਨੀ, ਵਾਰਡ ੨, ਨੇੜੇ ਗੁਪਤਾ ਹਸਪਤਾਲ, ਕੁਰਾਲੀ ੧੪੦੧੦੩; ਮੋ.੭੦੦੯੩੫੬੬੦੭*

ਸਮਰਪਿਤ ਵਿਵੇਕ, ਮਿਲਵਰਤਨ, ਸਰਬਸੰਮਤੀ ਅਤੇ ਭਵਿੱਖਮੁਖੀ ਸੋਚ ਦਾ ਸਨਮਾਨ ਹੈ।

ਗੁਰੂ ਜੀ ਨੇ ਸਮਾਜਿਕ ਅਤੇ ਰਾਜਨੀਤਕ ਵਿਵਸਥਾ ਦੇ ਮਿਆਰੀਕਰਨ ਲਈ ਜਾਤ, ਲਿੰਗ, ਨਸਲ, ਰੁਤਬੇ, ਮਜ਼੍ਹਬ ਜਾਂ ਅਮੀਰੀ ਨੂੰ ਦਰਕਿਨਾਰ ਕਰ ਕੇ ਇਨਸਾਨੀਅਤ ਪ੍ਰਤੀ ਸੰਵੇਦਨਸ਼ੀਲਤਾ, ਕਾਰਜਸ਼ੀਲਤਾ, ਬੌਧਿਕਤਾ ਤੇ ਪ੍ਰਤਿਬੱਧਤਾ ਨੂੰ ਉਭਾਰਿਆ। ਇਸ ਨਾਲ਼ ਸਮਾਜਿਕ ਤੇ ਰਾਜਨੀਤਕ ਪਰਿਵਰਤਨਾਂ ਲਈ ਸੁਨਿਹਰੀ ਅਵਸਰਾਂ ਦੇ ਦਰਵਾਜ਼ੇ ਖੁੱਲ੍ਹੇ। ਨੇਕ ਇਸਤਰੀ ਪੁਰਸ਼ ਸਿਰ ਉੱਚਾ ਕਰ ਕੇ ਤੁਰਨ ਦੇ ਸਮਰੱਥ ਬਣੇ। "*ਇਨ ਗ਼ਰੀਬ ਸਿੱਖਨ ਕੋ ਦਯੈ ਪਾਤਿਸ਼ਾਹੀ, ਯਹ ਯਾਦ ਰਖੈਂ ਹਮਰੀ ਗੁਰਿਆਈ।*" ਗੁਰੂ ਸਾਹਿਬ ਦਾ ਮੰਤਵ ਸੱਤਾ 'ਤੇ ਸਥਾਪਿਤ ਜਨਤਾ ਦਾ ਸ਼ੋਸ਼ਣ ਕਰਨ ਵਾਲੀਆਂ ਧਿਰਾਂ ਦੇ ਕਹਿਰ ਤੋਂ ਮਾਰੇ ਮਾਰੇ ਫਿਰ ਰਹੇ ਲੋਕਾਂ ਨੂੰ ਸੰਗਠਿਤ ਕਰ ਕੇ ਨਿਆਂ ਦੀ ਸਥਾਪਨਾ ਕਰਨਾ ਸੀ। ਦੁਸ਼ਟ ਨੂੰ ਗਾਲਣਾ ਤੇ ਨਿਰਧਨ ਨੂੰ ਪਾਲਣਾ ਅਤੇ ਪ੍ਰਫੁੱਲਤ ਹੋਣ ਦੇ ਪੂਰੇ ਅਵਸਰ ਦੇਣਾ ਗੁਰੂ ਸਾਹਿਬ ਦੇ ਲੋਕਤੰਤਰ ਦੀ ਵਿਸ਼ੇਸ਼ਤਾ ਹੈ। ਧਰਮ ਦੇ ਨਾਂ 'ਤੇ ਲੋਕਾਂ ਨੂੰ ਭੜਕਾਉਣ ਦੀ ਥਾਂ ਸਾਂਝੀਵਾਲਤਾ ਸਿੱਖ ਧਰਮ ਦਾ ਗੌਰਵ ਹੈ। ਇਸੇ ਕਾਰਨ ਅਨੇਕ ਸੂਝਵਾਨ ਮੁਸਲਮਾਨ ਗੁਰੂ ਜੀ ਦੇ ਸਮਰਥਨ ਵਿਚ ਖੜ੍ਹੇ ਹੋ ਗਏ।

ਗੁਰੂ ਸਾਹਿਬ ਦੇ ਲੋਕਤੰਤਰ ਦਾ ਸਰੂਪ ਮਾਨਵਵਾਦੀ ਹੈ, ਇਸ ਦਾ ਪ੍ਰੇਰਨਾ ਸ੍ਰੋਤ ਸਿਆਸੀ ਨਹੀਂ ਵਿਸਮਾਦੀ ਹੈ। ਗੁਰੂ ਲਿਵ ਨੂੰ ਬ੍ਰਹਿਮੰਡ ਦੇ ਕਣ-ਕਣ ਵਿੱਚ "*ਨਮੋ ਸਰਬ ਦੇਸੇ ॥ਨਮੋ ਸਰਬ ਭੇਸੇ॥*" ਅਕਾਲ ਪੁਰਖ ਦੀ ਵਿਆਪਕਤਾ ਦਾ ਅਨੁਭਵ ਹੁੰਦਾ ਹੈ। ਸੰਸਾਰ ਦੇ ਸੂਰਜ, ਚੰਦ, ਤਾਰੇ, ਸਮੁੰਦਰ ਤੇ ਪੱਤਾ-ਪੱਤਾ ਉਸ ਦੀ ਕੀਰਤੀ ਗਾਉਂਦਾ ਪ੍ਰਤੀਤ ਹੁੰਦਾ ਹੈ। "*ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥*" ਅਕਾਲ ਪੁਰਖ ਹੰਕਾਰੀ ਤਾਨਾਸ਼ਾਹੀ ਲੋਕਤੰਤਰ ਵਿਰੋਧੀ ਦੁਸ਼ਟਾਂ ਨੂੰ ਮਿੱਟੀ ਵਿਚ ਮਿਲਾ ਦੇਣ ਵਾਲਾ ਮਹਾਂ ਗਜ਼ਬ ਹੈ। ਉਹ ਨੇਕ ਲੋਕਾਂ ਲਈ ਰਹਿਮਤ ਅਤੇ ਮੁਕਤੀ ਦਾਤਾ ਹੈ। ਸੰਸਾਰੀ ਹਾਕਮਾਂ ਦੇ ਸਾਹਮਣੇ ਰਾਜਿਆਂ ਦੇ ਰਾਜੇ "*ਰਾਜਾਨ ਰਾਜ॥ ਭਾਨਾਨ ਭਾਨ॥*" ਅਕਾਲ ਪੁਰਖ ਦੀ ਸੱਤਾ ਸਦੀਵੀ ਅਤੇ ਬੇਅੰਤ ਹੈ। ਅਕਾਲ ਪੁਰਖ ਦੀ ਵਿਰਾਟਤਾ ਦਾ ਵਿਸਮਾਦ, ਖ਼ਾਲਸੇ ਦਾ ਆਪਸੀ ਪ੍ਰੇਮ ਤੇ ਸੁਭ ਅਮਲਾਂ ਦਾ ਚਾਅ ਲਾਸਾਨੀ ਇਤਿਹਾਸ ਦੀ ਸਿਰਜਣਾ ਦਾ ਸ਼ਲਾਘਾਯੋਗ ਕਾਰਨ ਬਣਿਆ। ਇਸ ਨਾਲ਼ ਲੋਕਤੰਤਰ ਦੇ ਸੁਨਿਹਰੀ ਪੰਨੇ ਲਿਖੇ ਗਏ। ਵਿਅਕਤੀਵਾਦ ਦੀ ਥਾਂ ਸਰਬੱਤ ਅਤੇ ਸੇਵਾ ਦਾ ਜਜ਼ਬਾ ਪ੍ਰਚੰਡ ਹੋਇਆ। ਇਸੇ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਅਠਾਰ੍ਹਵੀਂ ਸਦੀ ਵਿਚ ਸਿੱਖ ਜੋਧਿਆਂ ਨੇ ਜਦੋਂ ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿਰਧੜ ਦੀਆਂ ਬਾਜੀਆਂ ਲਾ ਕੇ ਖ਼ਾਲਸਾ ਰਾਜ ਸਥਾਪਿਤ ਕੀਤਾ ਤੇ ਜਨਤਾ ਦੇ ਕਲਿਆਣ ਦਾ ਸੁਹਿਰਦ ਜਤਨ ਕੀਤਾ। ਸਰਬੱਤ ਖ਼ਾਲਸੇ ਦੀ ਪਰੰਪਰਾ ਲੋਕਤੰਤਰ ਦਾ ਸ਼ਾਨਦਾਰ ਉਦਾਹਰਨ ਬਣੀ, ਜਿਥੇ ਮੱਤ-ਭੇਦਾਂ ਦੇ ਬਾਵਜੂਦ ਵੈਸਾਖੀ ਅਤੇ ਦਿਵਾਲੀ ਦੇ ਅਵਸਰ 'ਤੇ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਆਗੂ ਮਿਲ ਕੇ ਕੌਮ ਦੀ ਪ੍ਰਭਾਤ ਤੇ ਸਰਬੱਤ ਦੇ ਭਲੇ ਲਈ ਫੈਸਲੇ ਕਰਦੇ ਸਨ। ਅੱਜ ਵੀ ਸਿਆਸਤ ਲਈ ਗੁਰੂ ਸਾਹਿਬ ਦਾ ਵਿਸਮਾਦੀ ਲੋਕਤੰਤਰ ਦਾ ਸੰਕਲਪ ਮਹਾਨ ਪ੍ਰੇਰਨਾ ਬਣ ਸਕਦਾ ਹੈ। ■

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਚੰਡੀ ਦੀ ਵਾਰ ਦੀ ਸਿਰਜਣ ਪ੍ਰਕਿਰਿਆ

*-ਡਾ. ਆਤਮਾ ਸਿੰਘ**

ਸਿੱਖ ਧਰਮ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਅਤੇ ਇਸ ਦਾ ਸਿਖਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਨਾਲ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚਦਿਆਂ ਸਿੱਖ ਧਰਮ ਕਈ ਪੜਾਵਾਂ ਵਿੱਚੋਂ ਲੰਘ ਚੁੱਕਾ ਸੀ। ਇਤਿਹਾਸਿਕ ਸੰਦਰਭ ਵਿਚ ਹੁਣ ਲੋੜ ਸੀ ਨਿਵੇਕਲੀ ਪਛਾਣ ਅਤੇ ਸਥਾਪਤੀ ਦੀ ਜੋ ਹਕੂਮਤ ਨਾਲ ਟੱਕਰ ਲੈਣ ਤੋਂ ਬਿਨਾਂ ਸੰਭਵ ਨਹੀਂ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਜ਼ਰਾਨਿਆਂ ਵਜੋਂ ਸ਼ਸਤਰਾਂ ਘੋੜਿਆਂ ਅਤੇ ਜੰਗੀ ਸਾਮਾਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਅਤੇ ਸਿੱਖਾਂ ਨੂੰ ਜੰਗੀ ਸਿਖਲਾਈ ਦੇਣੀ ਸ਼ੁਰੂ ਕੀਤੀ। ਕੁਝ ਸਮੇਂ ਲਈ ਆਪ ਨਾਹਨ ਦੇ ਰਾਜੇ ਦੇ ਸੱਦੇ ਉੱਤੇ ਪਾਉਂਟਾ ਸਾਹਿਬ ਜਾ ਟਿਕੇ ਜਿੱਥੇ ਸੈਨਿਕ ਸਿਖਲਾਈ ਦੇ ਨਾਲ ਨਾਲ ਜਜ਼ਬਿਆਂ ਨੂੰ ਉਭਾਰਨ ਲਈ ਆਪ ਨੇ ਸਾਹਿਤ ਦੀ ਸਿਰਜਣਾ ਵੀ ਕਰਵਾਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ੫੨ ਕਵੀ ਸਨ ਜਿਨ੍ਹਾਂ ਵਿਚ ਉਦੇ ਰਾਇ, ਅਣੀ ਰਾਇ, ਅੰਮ੍ਰਿਤ ਰਾਇ, ਅੱਲ, ਆਸਾ ਸਿੰਘ, ਆਲਿਮ, ਈਸਰ ਦਾਸ, ਸੁਖਦੇਵ, ਸੁੱਖਾ ਸਿੰਘ, ਸੁਖੀਆ, ਸੁਦਾਮਾ, ਸੈਨਾਪਤਿ, ਸਯਾਮ, ਹੁਸੈਨ ਅਲੀ, ਹੀਰ ਭੱਟ,ਹੰਸਰਾਮ, ਕੁੱਲ, ਕੁਰਵੇਸ਼, ਖਾਨਚੰਦ, ਗੁਣੀਆਂ, ਗੁਰਦਾਸ, ਗੋਪਾਲ, ਚੰਦਨ, ਚੰਦਾ, ਜਮਾਲ, ਟਹਿਕਣ, ਧਰਮ ਸਿੰਘ, ਧੰਨਾ ਸਿੰਘ, ਧਿਆਨ ਸਿੰਘ, ਨਨੂਆ, ਨਿਸਚਲ ਦਾਸ, ਨਿਹਾਲ ਚੰਦ, ਨੰਦ ਸਿੰਘ, ਨੰਦ ਲਾਲ, ਪਿੰਡੀ ਦਾਸ, ਬਲੱਭ, ਬੱਲੂ, ਬਿਧੀ ਚੰਦ, ਬ੍ਰਿਖਾ, ਬ੍ਰਿਜ ਲਾਲ, ਮਥੁਰਾ, ਮਦਨਗਿਰਿ, ਮਦਨ ਸਿੰਘ, ਮੱਲੂ, ਮਾਨਦਾਸ, ਮਾਲਾ ਸਿੰਘ, ਮੰਗਲ, ਰਾਮ, ਰਾਵਲ, ਲੱਖਾ, ਰੌਸ਼ਨ ਸਿੰਘ ਅਤੇ ਸੋਹਨ ਸਿੰਘ ਕਵੀਆਂ ਨੇ ਬੀਰ ਰਸੀ ਧਾਰਮਿਕ ਰਚਨਾ ਕੀਤੀ।

ਪਾਉਂਟਾ ਸਾਹਿਬ ਲੱਗਭਗ ਚਾਰ ਸਾਲ ਰਹਿਣ ਤੋਂ ਬਾਅਦ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਪਰਤੇ। ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਭਰੋਸਾ ਦਿੱਤਾ ਕਿ ਉਹ ਮੁਗ਼ਲਾਂ ਵਿਰੁੱਧ ਗੁਰੂ ਜੀ ਦਾ ਸਾਥ ਦੇਣਗੇ ਪਰ ਜਿਉਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੈਨਾ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਤਾਂ ਪਹਾੜੀ ਰਾਜੇ ਵਿਰੋਧੀ ਬਣ ਗਏ। ਸਿੱਟੇ ਵਜੋਂ ਭੰਗਾਣੀ ਦਾ ਯੁੱਧ ਹੋਇਆ ਤੇ ਲੜਾਈਆਂ ਦਾ ਸਿਲਸਿਲਾ ਸ਼ੁਰੂ ਹੋ

** ਪੰਜਾਬੀ ਵਿਭਾਗ, ਬਾਬਾ ਅਜੈ ਸਿੰਘ ਖਾਲਸਾ ਕਾਲਜ, ਗੁਰਦਾਸ ਨੰਗਲ, ਜ਼ਿਲ੍ਹਾ ਗੁਰਦਾਸਪੁਰ; ਮੋ. ੯੭੮੭੯੯੩੬੯੦*

ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹੇ ਤਿਆਰ ਕਰਵਾਏ। ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਵੀ ਸਾਹਿਤ ਸਿਰਜਣਾ ਦਾ ਕੰਮ ਜਾਰੀ ਰੱਖਿਆ ਅਤੇ ਆਪਣੇ ਸਿੱਖਾਂ ਨੂੰ ਧਰਮ ਯੁੱਧ ਲਈ ਪੂਰੀ ਤਰ੍ਹਾਂ ਤਿਆਰ ਕਰ ਦਿੱਤਾ। ਸਿੱਖਾਂ ਵਿਚ ਜੋਸ਼ ਭਰਨ ਲਈ 'ਰਣਜੀਤ ਨਗਾਰਾ' ਬਣਵਾਇਆ ਗਿਆ ਅਤੇ ਜਜ਼ਬਿਆਂ ਨੂੰ ਉਭਾਰਨ ਲਈ ਸਾਹਿਤ ਦੀ ਸਿਰਜਣਾ ਕੀਤੀ। ਜਿਸ ਵਿਚ 'ਚੰਡੀ ਦੀ ਵਾਰ' ਅਤੇ 'ਸ਼ਸਤਰ ਨਾਮ ਮਾਲਾ' ਵਿਸ਼ੇਸ਼ ਉਲੇਖਯੋਗ ਹਨ। ਹਰ ਰਾਤ ਸਿੱਖ ਸੰਗਤ ਉਨ੍ਹਾਂ ਯੋਧਿਆਂ ਦੀਆਂ ਬੀਰ ਗਾਥਾਵਾਂ ਤੇ ਵਾਰਾਂ ਸੁਣਦੀ ਜਿਨ੍ਹਾਂ ਨੇ ਹਥਿਆਰ ਉਠਾ ਕੇ ਜ਼ੁਲਮ ਨਾਲ ਟੱਕਰ ਲਈ ਸੀ। ਇਸ ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਸਿੱਖ ਦਰਬਾਰ ਦਾ ਮਾਹੌਲ ਸੈਨਿਕ ਗਤੀਵਿਧੀਆਂ ਵਾਲਾ ਬਣ ਗਿਆ।[੧] ਗੁਰੂ ਸਾਹਿਬ ਨੂੰ ਮੁਗ਼ਲਾਂ ਵਿਰੁੱਧ ਅਨੇਕਾਂ ਯੁੱਧ ਲੜਨੇ ਪਏ। ਸਿੱਖ ਫੌਜਾਂ ਵਿਚ ਜੋਸ਼ ਪੈਦਾ ਕਰਨ ਲਈ ਗੁਰੂ ਸਾਹਿਬ ਨੇ 'ਚੰਡੀ ਦੀ ਵਾਰ' ਦੀ ਸਿਰਜਣਾ ਕੀਤੀ। ਇਸ ਵਾਰ ਨੂੰ 'ਵਾਰ ਸ੍ਰੀ ਭਗਉਤੀ ਜੀ ਕੀ' ਵੀ ਕਿਹਾ ਜਾਂਦਾ ਹੈ। ਸਾਹਿਤ ਸਿਰਜਣਾ ਅਤੇ ਸੈਨਿਕ ਸਿਖਲਾਈ ਦੇ ਨਾਲ ਨਾਲ ਗੁਰੂ ਜੀ ਨੇ ਸਿੱਖਾਂ ਦੀ ਮਾਨਸਿਕਤਾ ਨੂੰ ਦ੍ਰਿੜ੍ਹ ਕਰਨ ਅਤੇ ਉਨ੍ਹਾਂ ਨੂੰ ਸਦਾ ਲਈ ਅਮਰ ਬਣਾਉਣ ਦੇ ਮਕਸਦ ਨਾਲ ਸੰਨ ੧੬੯੯ ਈ. ਨੂੰ ਵੈਸਾਖੀ ਵਾਲੇ ਦਿਨ ਖ਼ਾਲਸਾ-ਪੰਥ ਦੀ ਸਿਰਜਣਾ ਕੀਤੀ ਜੋ ਦੁਨੀਆ ਦੇ ਇਤਿਹਾਸ ਵਿਚ ਇਕ ਅਲੌਕਿਕ ਘਟਨਾ ਸੀ।

ਸੰਨ ੧੭੦੩ ਈ. ਵਿਚ ਮੁਗ਼ਲ ਸੈਨਾ ਤੇ ਪਹਾੜੀ ਰਾਜਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰ ਲਿਆ ਪਰ ਕਈ ਮਹੀਨੇ ਘੇਰਾ ਪਾਈ ਰੱਖਣ ਦੇ ਬਾਵਜੂਦ ਅੰਦਰ ਦਾਖ਼ਲ ਹੋਣ ਵਿਚ ਸਫਲਤਾ ਨਾ ਮਿਲ ਸਕੀ।ਅਖੀਰ ਮੁਗ਼ਲ ਫੌਜਾਂ ਨੇ ਕੁਰਾਨ ਸ਼ਰੀਫ ਅਤੇ ਪਹਾੜੀ ਰਾਜਿਆਂ ਨੇ ਗਊ ਦੀ ਕਸਮ ਚੁੱਕ ਕੇ ਕਿਲ੍ਹਾ ਖਾਲੀ ਕਰਵਾਇਆ ਤੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਪਰਵਾਰ ਵਿਛੜ ਗਿਆ, ਸਾਰਾ ਸਾਹਿਤ ਰੁੜ੍ਹ ਗਿਆ, ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਨਾਲ ਗੰਗੂ ਦੇ ਪਿੰਡ ਸਹੇੜੀ (ਖੇੜੀ) ਚਲੇ ਗਏ ਜਿਨ੍ਹਾਂ ਨੂੰ ਬਾਅਦ ਵਿਚ ਸਰਹਿੰਦ ਦੇ ਨਵਾਬ ਨੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ। ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸੀ ਰਚਨਾ, ਸੈਨਿਕ ਸਿਖਲਾਈ ਅਤੇ ਅੰਮ੍ਰਿਤ ਸੰਚਾਰ ਦੁਆਰਾ ਮੁਰਦਾ ਹੋ ਚੁੱਕੀ ਭਾਰਤੀ ਕੌਮ ਨੂੰ ਫਿਰ ਤੋਂ ਜੀਵਤ ਕਰ ਦਿੱਤਾ। ਆਪ ਵਲੋਂ ਰਚੀ ਬਾਣੀ ਸ੍ਰੀ ਦਸਮ ਗ੍ਰੰਥ ਵਿਚ ਦਰਜ ਹੈ। ਸ੍ਰੀ ਦਸਮ ਗ੍ਰੰਥ ਵਿਚ ਕੁਝ ਭਗਤੀ ਪ੍ਰਧਾਨ ਰਚਨਾਵਾਂ ਹਨ, ਕੁਝ ਪੌਰਾਣਿਕ ਪ੍ਰਸੰਗ ਅਤੇ ਬਾਕੀ ਚਰਿਤ੍ਰ ਕਥਾਵਾਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਜਾਬੀ ਵਿਚ ਵੱਡੀ ਰਚਨਾ 'ਚੰਡੀ ਦੀ ਵਾਰ'

ਹੈ ਜਿਸ ਵਿਚ ਚੰਡੀ ਦੀ ਵੀਰਤਾ ਰਾਹੀਂ ਸਿੱਖਾਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਸ ਨੂੰ ਪੰਜਾਬੀ ਦੀ ਆਦਰਸ਼ ਵਾਰ ਮੰਨਿਆ ਜਾਂਦਾ ਹੈ।

ਮਾਰਕੰਡੇ ਪੁਰਾਣ 'ਤੇ ਆਧਾਰਿਤ 'ਚੰਡੀ ਦੀ ਵਾਰ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਨੂੰ ਧਰਮ ਯੁੱਧ ਨਾਲ ਜੋੜਨ ਲਈ ਦੋ ਸ਼ਕਤੀਸ਼ਾਲੀ ਮਿਥਿਹਾਸਕ ਧਿਰਾਂ ਨੂੰ ਪਾਤਰ ਬਣਾਇਆ। ਇਸ ਵਾਰ ਦੀ ਕਥਾ ਵਿਚ ਦੁਰਗਾ ਦੇਵੀ ਸ਼ਕਤੀਸ਼ਾਲੀ ਤੇ ਭਿਅੰਕਰ ਰਾਖਸ਼ਾਂ ਨਾਲ ਟੱਕਰ ਲੈਂਦੀ ਤੇ ਜਿੱਤ ਪ੍ਰਾਪਤ ਕਰਦੀ ਹੈ। ਬਦੀ ਉੱਤੇ ਨੇਕੀ ਦੀ ਜਿੱਤ ਨੂੰ ਦਰਸਾਉਂਦਿਆਂ ਗੁਰੂ ਜੀ ਨੇ ਯੁੱਧ ਵੇਰਵਿਆਂ, ਜੰਗੀ ਚਾਲਾਂ, ਨਿਡਰਤਾ, ਬਹਾਦਰੀ ਅਤੇ ਸ਼ਕਤੀ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ:

*ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥*
*ਝੂਲਣ ਨੇਜੇ ਬੈਰਕਾਂ ਨੀਸਾਣ ਲਸਨਿ ਲਿਸਾਵਲੇ॥*
*ਢੋਲ ਨਗਾਰੇ ਪਉਣ ਦੇ ਊਂਘਨ ਜਾਣ ਜਟਾਵਲੇ॥*
*ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤੁ ਭੀਹਾਵਲੇ॥*

'ਚੰਡੀ ਦੀ ਵਾਰ' ਦੇ ਬਿਰਤਾਂਤ ਵਿਚ ਦੁਰਗਾ ਤੇ ਦੈਂਤਾਂ ਦੀ ਵਾਰ ਵਾਰ ਭਿਆਨਕ ਟੱਕਰ ਦਰਸਾਈ ਗਈ ਹੈ। ਮਹਿਖਾਸੁਰ ਦੈਂਤ ਇੰਦਰ ਨੂੰ ਹਰਾ ਦਿੰਦਾ ਹੈ। ਇੰਦਰ ਦੁਰਗਾ ਦੀ ਸ਼ਰਨ ਵਿਚ ਜਾਂਦਾ ਹੈ, ਯੁੱਧ ਹੁੰਦਾ ਹੈ, ਦੈਂਤ ਹਾਰ ਜਾਂਦੇ ਹਨ ਫਿਰ ਸ੍ਵਣਤ ਬੀਜ, ਸੁੰਭ ਨਿਸੁੰਭ ਆਦਿ ਦੈਂਤਾਂ ਨਾਲ ਲੜਾਈ ਹੁੰਦੀ ਹੈ। ਹਰ ਵਾਰੀ ਦੋਵੇਂ ਧਿਰਾਂ ਪੂਰੀ ਬਹਾਦਰੀ ਨਾਲ ਲੜਦੀਆਂ ਹਨ:

*ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ॥ ਰਾਕਸ਼ ਰਣੋ ਨਾ ਭੱਜਨ ਰੋਹੇ ਰੋਹਲੇ॥*
*ਸੀਹਾਂ ਵਾਂਗੂ ਗੱਜਨ ਸੱਭੇ ਸੂਰਮੇ॥ ਤਣਿ ਤਣਿ ਕੈਬਰ ਛੱਡਨ ਦੁਰਗਾ ਸਾਮਣੇ॥*

ਬੀਰ-ਰਸ ਨਾਲ ਭਰਪੂਰ 'ਚੰਡੀ ਦੀ ਵਾਰ' ਕਲਾਤਮਕ ਪੱਖ ਤੋਂ ਵੀ ਮਹੱਤਵਪੂਰਨ ਹੈ। ਇਸ ਵਾਰ ਨੂੰ ਪਰੰਪਰਾਗਤ ਛੰਦ ਨਿਸ਼ਾਨੀ ਅਤੇ ਸਿਰਖੰਡੀ ਦੁਆਰਾ ਪਉੜੀਆਂ ਵਿਚ ਲਿਖਿਆ ਗਿਆ ਹੈ। ੩੨ ਪਉੜੀਆਂ ਵਿਚ ਸਿਰਖੰਡੀ ਛੰਦ, ੨੨ ਪਉੜੀਆਂ ਵਿਚ ਨਿਸ਼ਾਨੀ ਛੰਦ ਅਤੇ ਇਕ ਦੋਹਰੇ ਦੇ ਰੂਪ ਵਿਚ ਵਾਰ ਸੰਪੂਰਨ ਕੀਤੀ ਹੈ।

*-ਰਾਕਿਸ ਆਏ ਰੋਹਲੇ ਖੇਤ ਭਿੜਨ ਕੇ ਚਾਇ॥*
*ਲਸ਼ਕਨ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ॥*[੨]
*-ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥*
*ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥*[੩]
*-ਦੁਹਾਂ ਕੰਧਾਰਾਂ ਮੁਹਿ ਜੁੜੇ ਜਾ ਸੱਟ ਪਈ ਖਰਵਾਰ ਕਉ॥*
*ਤਕ ਤਕ ਕੈਬਰਿ ਦੁਰਗਸਾਹ ਤਕ ਮਾਰੇ ਭਲੇ ਜੁਝਾਰ ਕਉ॥*[੪]

ਵਾਰ ਨੂੰ ਸ਼ਿੰਗਾਰਨ ਲਈ ਉਪਮਾ, ਰੂਪਕ, ਅਨੁਪ੍ਰਾਸ ਤੇ ਅਤਿਕਥਨੀ ਅਲੰਕਾਰਾਂ ਦੀ ਖੁੱਲ ਕੇ ਵਰਤੋਂ ਕੀਤੀ ਹੈ। ਉਪਮਾ ਅਲੰਕਾਰ ਦੀ ਵਰਤੋਂ ਵਾਰ ਦੀ ਲੈਅ ਤੇ

ਰਵਾਨੀ ਨੂੰ ਬਣਾਈ ਰੱਖਣ ਦੇ ਨਾਲ ਇਸ ਨੂੰ ਬੇਹੱਦ ਜੋਸ਼ੀਲੀ ਬਣਾਉਂਦੀ ਹੈ। ਮਿਸਾਲ ਵਜੋਂ:

*- ਬੀਰ ਪਰੋਤੇ ਬਰਛੀਏਂ ਜਣ ਡਾਲ ਚਮੁੱਟੇ ਆਵਲੇ॥...*
*- ਲੋਹੂ ਫਾਥੀ ਜਾਲੀ ਲੋਥੀ ਜਮਧੜੀ॥*
*ਘਣ ਵਿਚ ਜਿਉ ਛੰਛਾਲੀ ਤੇਗਾਂ ਹਸੀਆਂ॥...*
*- ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ॥*
*ਜਾਣ ਰਜਾਦੀ ਉਤਰੀ ਪੈਨ ਸੂਹੀ ਸਾਰੀ॥*

ਵਾਰ ਦੀ ਸਿਖਰ ਉਸ ਵੇਲੇ ਹੁੰਦੀ ਹੈ ਜਦੋਂ ਅਤਿਕਥਨੀ ਅਲੰਕਾਰ ਦੀ ਵਰਤੋਂ ਹੁੰਦੀ ਹੈ। ਇਹ ਅਲੰਕਾਰ ਵਾਰ ਨੂੰ ਅਤਿ ਜੋਸ਼ੀਲੀ ਬਣਾਉਣ ਦੇ ਨਾਲ-ਨਾਲ ਦੁਰਗਾ ਦੇ ਰੂਪ ਵਿਚ ਇਸਤਰੀ ਦੇ ਬਾਹੂਬਲ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ। ਮਿਸਾਲ ਵਜੋਂ:

*ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂੰ॥*
*ਕੋਪਰ ਚੂਰ ਚਵਾਣੀ ਲੱਥੀ ਕਰਗ ਲੈ॥*
*ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ॥*
*ਲੈਦੀ ਅਘਾ ਸਿਧਾਣੀ ਸਿੰਗਾਂ ਧਉਲ ਦਿਆਂ॥*
*ਕੂਰਮ ਸਿਰ ਲਹਿਲਾਣੀ ਦੁਸਮਨ ਮਾਰਿ ਕੈ॥*

ਭਾਰਤੀ ਕਾਵਿ ਸ਼ਾਸਤਰ ਵਿਚ ਰਸ ਸਿਧਾਂਤ ਦੀ ਖ਼ਾਸ ਮਹਾਨਤਾ ਹੈ। ਰਸ ਦੇ ਆਚਾਰੀਆ ਲਿਖਦੇ ਹਨ ਕਿ ਭਾਵ, ਵਿਭਾਵ ਅਤੇ ਸੰਚਾਰੀ ਭਾਵ ਤੋਂ ਰਸ ਦੀ ਉਤਪਤੀ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਵਿਚ ਵਿਸ਼ੇਸ਼ ਤੌਰ 'ਤੇ ਬੀਰ ਰਸ ਦੀ ਵਰਤੋਂ ਕੀਤੀ ਹੈ ਪਰ ਇਸਦੇ ਨਾਲ ਨਾਲ ਬਾਕੀ ਰਸਾਂ ਦੀ ਵੀ ਭਰਪੂਰ ਵਰਤੋਂ ਕੀਤੀ ਹੈ:

*ਚੋਬੀਂ ਧਉਂਸ ਬਜਾਈ ਦਲਾਂ ਮੁਕਾਬਲਾ॥ ਰੋਹ ਭਵਾਨੀ ਆਈ ਉਤੇ ਰਾਕਸਾਂ॥*
*ਖੱਬੇ ਦਸਤ ਨਚਾਈ ਸੀਹਣ ਸਾਰ ਦੀ॥ ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ॥*
*ਭਾਈਆਂ ਮਾਰਨ ਭਾਈ ਦੁਰਗਾ ਜਾਣਿ ਕੈ॥ਰੋਹ ਹੋਇ ਚਲਾਈ ਰਾਕਸਿ ਰਾਇ ਨੂੰ॥*
*ਜਮ ਪੁਰ ਦੀਆ ਪਠਾਈ ਲੋਚਨ ਧੂਮ ਨੂੰ॥*

ਇਸ ਤਰ੍ਹਾਂ ਗੁਰੂ ਜੀ ਨੇ ਵਾਰ ਵਿਚ ਇਕ ਪਾਸੇ ਸਾਧਾਰਨ ਸਿਪਾਹੀਆਂ ਦੇ ਸਮਝ ਆ ਜਾਣ ਵਾਲੀ ਭਾਸ਼ਾ ਲਿਖੀ ਹੈ, ਉੱਥੇ ਫੌਜਾਂ ਵਿਚ ਜੋਸ਼ ਪੈਦਾ ਕਰਨ ਵਾਲੀ ਜੋਸ਼ੀਲੀ ਭਾਸ਼ਾ ਦਾ ਵੀ ਖਿਆਲ ਰੱਖਿਆ ਹੈ। ਇਸ ਮਕਸਦ ਵਾਸਤੇ ਨਵੇਂ ਸਮਾਸੀ ਸ਼ਬਦ ਘੜੇ ਅਤੇ ਨਵੇਂ ਸ਼ਬਦਾਂ ਦੀ ਸਿਰਜਣਾ ਵੀ ਕੀਤੀ ਗਈ ਹੈ ਜਿਵੇਂ-ਵਡਜੋਧੀ, ਵਰਿਆਮੀ, ਪਠਾਣੀ, ਇਆਣੀ, ਸੰਘਰਵਾਏ, ਸੰਗਲੀਆਲੇ, ਖਰਚਾਮੀ, ਭੀਹਾਵਲੇ, ਰੋਹਾਵਲੇ, ਸੰਗਲੀਆਲੇ, ਮੁਛਲੀਆਲੇ, ਜੱਟਾਲੇ, ਜਮਧਾਣੀ, ਜਮਧੜੀ ਆਦਿ। ਇਸਦੇ ਨਾਲ ਹੀ

ਗੁਰੂ ਸਾਹਿਬ ਨੇ 'ਚੰਡੀ ਦੀ ਵਾਰ' ਵਿਚ ਅਰਬੀ ਫ਼ਾਰਸੀ ਦੇ ਅਨੇਕਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਵੇਂ- ਗੋਸ਼ਤ, ਦਹਿਸ਼ਤ, ਫੌਜਾਂ, ਫਰਮਾਇਸ਼, ਰਜ਼ਾਦੀ ਸ਼ਾਹੀ, ਕੁਦਰਤ, ਤੇਗ, ਤਨ, ਬਖਤਰ, ਜੰਗ, ਨੇਜਾ, ਤੀਰ, ਨੀਸਾਣੁ ਆਦਿ।

ਵਾਰ ਦੀ ਕਥਾ ਵਿਚ ਰਹੱਸਵਾਦੀ ਸ਼ਕਤੀਆਂ ਦਾ ਪ੍ਰਦਰਸ਼ਨ ਪਰੰਪਰਾਗਤ ਕਥਾ ਨਾਲੋਂ ਕਾਫੀ ਘਟਾਇਆ ਗਿਆ ਹੈ ਪਰ ਜਿੱਥੇ ਸ਼ਾਮਲ ਕੀਤਾ ਗਿਆ ਹੈ, ਉੱਥੇ ਵਾਰ ਦੀ ਕਥਾ ਵਿਚ ਨਾਟਕੀਅਤਾ ਤੇ ਰੌਚਿਕਤਾ ਦਾ ਵਾਧਾ ਵੀ ਹੁੰਦਾ ਹੈ।[੫] ਦੁਰਗਾ ਦੀ ਸ਼ਕਤੀ ਦਾ ਪ੍ਰਦਰਸ਼ਨ ਵਾਰ ਵਿਚ ਅਨੇਕਾਂ ਥਾਵਾਂ 'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ:

*ਦੁਰਗਾ ਅਤੈ ਦਾਨਵੀ ਭੇੜ ਪਇਆ ਸਬਾਹੀਂ॥*
*ਸਸਤ੍ਰ ਪਜੂਤੇ ਦੁਰਗਸਾਹ ਗਹ ਸਭਨੀ ਬਾਹੀਂ॥*
*ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀਂ॥*
*ਫਉਜਾਂ ਰਾਕਸਿਆਰੀਆਂ ਦੇਖ ਰੋਵਨਿ ਧਾਹੀਂ॥*
*ਮੁਹਿ ਕੁੜੂਚੇ ਘਾਹ ਦੇ ਛੱਡ ਘੋੜੇ ਰਾਹੀਂ॥*
*ਭਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀਂ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਸ਼ੁਮਾਰ ਤਸ਼ਬੀਹਾਂ ਤੇ ਇਸ਼ਾਰਿਆਂ ਦੀ ਵਰਤੋਂ ਨਾਲ ਬਿੰਬਾਂ ਦੀ ਸਿਰਜਣਾ ਕਰ ਕੇ ਯੁੱਧ ਦੇ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਤੇ ਰੌਚਿਕ ਬਣਾਇਆ ਹੈ:

*ਬੱਜੇ ਸੰਗਲੀਆਲੇ ਸੰਘਰ ਡੋਹਰੇ॥ ਡਹੇ ਜੁ ਖੇਤ ਜਟਾਲੇ ਹਾਠਾਂ ਜੋੜਿ ਕੈ॥*
*ਨੇਜੇ ਬੰਬਲੀਆਲੇ ਦਿਸੱਨ ਓਰੜੇ॥ ਚੱਲੇ ਜਾਣ ਜਟਾਲੇ ਨਾਵਨ ਗੰਗ ਨੂੰ॥*

ਕੁੱਲ ਮਿਲਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ' ਫੌਜਾਂ ਵਿਚ ਬੀਰ ਰਸ ਉਤਪੰਨ ਕਰਦੀ ਹੈ। ਵਾਰ ਦੀ ਸਿਰਜਣਾਤਮਿਕਤਾ ਦਾ ਆਧਾਰ ਭਾਵੇਂ ਸਥਾਪਤੀ ਲਈ ਸੰਘਰਸ਼ ਨੂੰ ਮੰਨਿਆ ਜਾ ਸਕਦਾ ਹੈ ਪਰ ਸਾਹਿਤਕ ਰੂਪ ਵਿਚ ਵਾਰ ਦੇ ਤੱਤਾਂ ਦੀ ਸੰਪੂਰਨਤਾ ਵਾਲੀ ਇਹ ਸਰਬੋਤਮ ਬਿਰਤਾਂਤਕ ਰਚਨਾ ਹੈ। ਇਸ ਵਾਰ ਦੀ ਖ਼ਾਸੀਅਤ ਇਹ ਹੈ ਕਿ ਜਿੱਥੇ ਨਾਇਕ ਦੀ ਬਹਾਦਰੀ ਤੇ ਸੂਰਬੀਰਤਾ ਦਰਸਾਈ ਗਈ ਹੈ, ਉੱਥੇ ਖ਼ਲਨਾਇਕ ਨੂੰ ਪੂਰੇ ਜੋਸ਼ ਤੇ ਉਤਸ਼ਾਹ ਨਾਲ ਟਾਕਰਾ ਕਰਦਿਆਂ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ।

**ਹਵਾਲੇ :**

੧. ਸ. ਖੁਸ਼ਵੰਤ ਸਿੰਘ, *ਸਿੱਖ ਇਤਿਹਾਸ*-(ਭਾਗ ਪਹਿਲਾ), ਲਾਹੌਰ ਬੁੱਕ ਸ਼ਾਪ, ਲੁਧਿਆਣਾ,੨੦੦੬, ਪੰਨਾ ੮੭
੨. ਦੋਹਰਾ ਛੰਦ
੩. ਸਿਰਖੰਡੀ ਛੰਦ
੪. ਨਿਸ਼ਾਨੀ ਛੰਦ
੫. ਧਰਮ ਸਿੰਘ, ਹਿਰਦੇਜੀਤ ਸਿੰਘ ਭੋਗਲ, *ਪੰਜਾਬੀ ਸਾਹਿਤ ਦਾ ਇਤਿਹਾਸ* (੧੭੦੦ ਈ. ਤਕ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੨੦੧੧, ਪੰਨਾ ੧੨੦

# ਗੁਰਦੁਆਰਾ ਸ੍ਰੀ ਟੋਕਾ ਸਾਹਿਬ ਪਾਤਸ਼ਾਹੀ ਦਸਵੀਂ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਸੁਸ਼ੋਭਿਤ ਗੁਰਦੁਆਰਾ ਸ੍ਰੀ ਟੋਕਾ ਸਾਹਿਬ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿਚ ਕਾਲਾ ਅੰਬ ਤੋਂ ਲਗ-ਪਗ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਇੱਥੋਂ ਹੀ ਅੱਗੇ ੯ ਕਿਲੋਮੀਟਰ ਦੀ ਦੂਰੀ 'ਤੇ ਨਰਾਇਣਗੜ੍ਹ ਸਥਿਤ ਹੈ। ਸਤਾਰ੍ਹਵੀਂ ਸਦੀ ਵਿਚ ਇਹ ਅਸਥਾਨ ਰਾਜਾ ਮੇਦਨੀ ਪ੍ਰਕਾਸ਼ ਅਧੀਨ ਸਿਰਮੌਰ ਰਿਆਸਤ ਵਿਚ ਸਥਿਤ ਸੀ। ਜਦੋਂ ਮੇਦਨੀ ਪ੍ਰਕਾਸ਼ ਨੇ ਗੜ੍ਹਵਾਲ ਦੇ ਰਾਜਾ ਫ਼ਤਿਹ ਸ਼ਾਹ ਅਤੇ ਕਹਿਲੂਰ ਦੇ ਰਾਜੇ ਭੀਮ ਚੰਦ ਤੋਂ ਖ਼ਤਰਾ ਮਹਿਸੂਸ ਕੀਤਾ ਤਾਂ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਰਿਆਸਤ ਵਿਚ ਆਉਣ ਲਈ ਸੱਦਾ ਭੇਜਿਆ ਸੀ। ਉਸ ਦੀ ਬੇਨਤੀ ਮੰਨ ਕੇ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਤੋਂ ਸਿਰਮੌਰ ਰਿਆਸਤ ਵਿਚ ਗਏ ਸਨ। ਰੂਨ ਨਦੀ ਦੇ ਕੰਢੇ ਰਾਜਾ ਮੇਦਨੀ ਪ੍ਰਕਾਸ਼ ਅਤੇ ਉਸ ਦੇ ਦਰਬਾਰੀ ਗੁਰੂ ਜੀ ਦੇ ਸਵਾਗਤ ਲਈ ਇਸ ਅਸਥਾਨ 'ਤੇ ਪੁੱਜੇ ਸਨ। ਸਿਰਮੌਰ ਰਿਆਸਤ ਦੇ ਇਸ ਅਸਥਾਨ 'ਤੇ ਗੁਰੂ ਜੀ ਨੇ ਪਹਿਲਾ ਪੜਾਅ ਕੀਤਾ ਸੀ। ਜਦੋਂ ਗੁਰੂ ਜੀ ਪਾਉਂਟਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਵਾਪਸ ਗਏ ਸਨ ਤਾਂ ਉਨ੍ਹਾਂ ਨੇ ਤੇਰ੍ਹਾਂ ਦਿਨ ਇਸ ਅਸਥਾਨ 'ਤੇ ਪੜਾਅ ਕੀਤਾ ਸੀ ਅਤੇ ਫਿਰ ਸਿੱਖ ਉਸ ਅਸਥਾਨ ਦੀ ਸੇਵਾ ਸੰਭਾਲ ਕਰਨ ਲੱਗੇ ਸਨ। ਭਾਈ ਸੰਤੋਖ ਸਿੰਘ ਲਿਖਦੇ ਹਨ:

*ਜਹਿਂ ਸਤਿਗੁਰ ਡੇਰਾ ਕਿਯੋ ਤ੍ਰੌਦਸ ਦਿਵਸ ਟਿਕਾਇ।*
*ਅਬਿ ਤਿਸ ਥਲ ਮਹਿਂ ਸਿੰਘ ਨਰ ਜਾਗਾ ਲਈ ਬਨਾਇ।*
*ਅਬਿ ਗੁਰ ਜਾਗਾ ਨਾਮ ਕੋ ਭਾਖਤਿ ਹੈਂ ਟੋਕਾ।*
*ਸਿੰਘਨਿ ਤੇ ਹਮ ਸ਼੍ਰੋਨ ਸੁਨ ਨਹਿਂ ਆਂਖ ਬਿਲੋਕਾ।*

ਬਾਬਾ ਸੁਮੇਰ ਸਿੰਘ ਦੱਸਦੇ ਹਨ:

*ਜਹ ਸਤਿਗੁਰ ਤੇਰਹ ਦਿਨ ਰਹੇ।*
*ਟੋਕਾ ਨਾਮ ਤਹਾਂ ਮੰਜੀ ਰਚ ਸਿੱਖਯਨ ਸੇਵਾ ਲਹੈ।*

ਗੁਰੂ ਜੀ ਦੀ ਯਾਦ ਵਿਚ ਇਸ ਅਸਥਾਨ 'ਤੇ ਕੁਝ ਸਿੱਖ ਇਕ ਛੱਪੜੀ ਪਾ ਕੇ ਨਿਵਾਸ ਕਰਨ ਲੱਗੇ ਸਨ ਅਤੇ ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਉੱਥੇ ਇਕ ਥੜ੍ਹੇ ਦੀ ਉਸਾਰੀ ਕਰ ਕੇ ਉਸਨੂੰ 'ਮੰਜੀ ਸਾਹਿਬ' ਕਿਹਾ ਜਾਣ ਲੱਗਿਆ।

**ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ: ੯੮੭੨੦-੭੪੩੨੨*

ਇਹ ਅਸਥਾਨ ਪਿੰਡ ਦੇ ਬਾਹਰਵਾਰ ਸਥਿਤ ਹੈ ਅਤੇ ਮੌਜੂਦਾ ਸਮੇਂ ਵਿਚ ਇਹ ਗੁਰਧਾਮ ਪਿੰਡ ਦੇ ਨਾਂ 'ਤੇ ਹੀ 'ਗੁਰਦੁਆਰਾ ਸ੍ਰੀ ਟੋਕਾ ਸਾਹਿਬ ਪਾਤਸ਼ਾਹੀ ਦਸਵੀਂ' ਵਜੋਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਹੈ।

੧੯੦੪ ਈ. ਦੇ ਸਿਰਮੌਰ ਗਜ਼ਟੀਅਰ ਵਿਚ ਇਸ ਅਸਥਾਨ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ੧੯ਵੀਂ ਸਦੀ ਦੇ ਪਿਛਲੇ ਸਮੇਂ ਦੌਰਾਨ ਇਹ ਇਲਾਕਾ ਫ਼ਤਿਹ ਸਿੰਘ ਆਹਲੂਵਾਲੀਆ ਦੇ ਅਧੀਨ ਸੀ ਜਿਸ ਨੇ ਇਕ ਥੜ੍ਹੇ ਦੀ ਉਸਾਰੀ ਕਰਵਾ ਕੇ ੧੦੦ ਵਿੱਘੇ ਜ਼ਮੀਨ ਇਸ ਦੇ ਨਾਂ ਲਵਾਈ ਸੀ ਅਤੇ ੧੦੦ ਮਣ ਕਣਕ ਪਟਿਆਲਾ ਰਿਆਸਤ ਵੱਲੋਂ ਹਰ ਸਾਲ ਭੇਜੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਇਸ ਪਿੰਡ ਦੇ ਰੰਘੜਾਂ ਨੇ ਗੁਰੂ ਜੀ ਦੇ ਲਸ਼ਕਰ ਨਾਲ ਚੱਲ ਰਹੇ ਦੋ ਊਠ ਚੁਰਾ ਲਏ ਸਨ ਜਿਸ ਕਰਕੇ ਉਹਨਾਂ ਨੂੰ ਯੋਗ ਦੰਡ ਦਿੱਤਾ ਗਿਆ ਅਤੇ ਪਿੰਡ ਦਾ ਨਾਂ 'ਟੋਟਾ' ਪੈ ਗਿਆ। ਸਥਾਨਕ ਪਰੰਪਰਾ ਦੱਸਦੀ ਹੈ ਕਿ ਇਨ੍ਹਾਂ ਦੀ ਨੀਅਤ ਵਿਚ ਖੋਟ ਹੋਣ ਕਰਕੇ ਗੁਰੂ ਜੀ ਨੇ ਇਹ ਬਚਨ ਕਰ ਦਿੱਤਾ ਸੀ ਕਿ ਇਨ੍ਹਾਂ ਨੂੰ ਹਮੇਸ਼ਾਂ 'ਤੋਟਾ' ਬਣਿਆ ਰਹੇਗਾ ਜਿਸ ਤੋਂ ਵਿਕਰਿਤ ਹੋ ਕੇ ਇਹ ਸ਼ਬਦ 'ਟੋਟਾ' ਪ੍ਰਚਲਿਤ ਹੋ ਗਿਆ ਪਰ ਗੁਰਧਾਮ ਦਾ ਨਾਂ ਗੁਰਦੁਆਰਾ ਸ੍ਰੀ ਟੋਕਾ ਸਾਹਿਬ ਹੀ ਚੱਲਦਾ ਰਿਹਾ। ਗੁਰਦੁਆਰਾ ਸਾਹਿਬ ਦੇ ਨਾਂ ੧੦੦ ਵਿੱਘੇ ਜ਼ਮੀਨ ਰਿਆਸਤ ਨਾਹਨ ਵੱਲੋਂ ਅਤੇ ਮੀਰਪੁਰ ਵਿਚਲੀ ੧੫੦ ਵਿੱਘੇ ਆਹਲੂਵਾਲੀਏ ਜਾਗੀਰਦਾਰਾਂ ਵੱਲੋਂ ਹੈ। ਰਿਆਸਤ ਪਟਿਆਲੇ ਤੋਂ ੯੫ ਰੁਪਏ ਸਲਾਨਾ ਮਿਲਦੇ ਹਨ।

ਨਾਹਨ ਰਿਆਸਤ ਵੱਲੋਂ ੧੦੦ ਵਿੱਘੇ ਜ਼ਮੀਨ ਭੇਟ ਕਰਨ ਦੀ ਪੁਸ਼ਟੀ ਕਰਦੇ ਹੋਏ ਸ. ਪਰਦੁਮਣ ਸਿੰਘ ਬੱਦੋਂ ਦੱਸਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਵੀ ਇੱਥੇ ਆਏ ਸਨ ਅਤੇ ਉਨ੍ਹਾਂ ਨੇ ਇਹ ਇਲਾਕਾ ਜਿੱਤ ਕੇ ਰਾਜਾ ਫ਼ਤਿਹ ਸਿੰਘ ਕਪੂਰਥਲਾ ਨੂੰ ਦੇ ਦਿੱਤਾ ਸੀ ਜਿਨ੍ਹਾਂ ਨੇ ਇਸ ਅਸਥਾਨ 'ਤੇ ਇਕ ਖੂਹ ਅਤੇ ਮੰਜੀ ਦੀ ਸੇਵਾ ਕਰਵਾਈ ਸੀ। ਖੂਹ 'ਤੇ ਹਾਲੇ ਵੀ ਇਕ ਪੁਰਾਣੀ ਲਿਖਤ ਮੌਜੂਦ ਹੈ ਜਿਸ 'ਤੇ "ੴ ਸ੍ਰੀ ਅਕਾਲ ਸਹਾਇ...ਬਾਬਾ ਫਤੇ ਸਿੰਘ..." ਅਤੇ ਕੁਝ ਉਰਦੂ ਜਾਂ ਫ਼ਾਰਸੀ ਦੇ ਸ਼ਬਦ ਉਕਰੇ ਹੋਏ ਹਨ। ਖੂਹ ਦੇ ਉੱਤੇ ਲੱਗੀ ਹੋਈ ਪਲੇਟ 'ਤੇ ਲਿਖਿਆ ਹੋਇਆ ਹੈ "ਇਸ ਪਵਿੱਤਰ ਥਾਂ 'ਤੇ ਨਤਮਸਤਕ ਹੋਣ ਲਈ ਮਹਾਰਾਜਾ ਜੱਸਾ ਸਿੰਘ ਆਹਲੁਵਾਲਿਯਾ ਪਧਾਰੇ ਸਨ ਅਤੇ ਇਸ ਖੂਹ ਦੀ ਸੇਵਾ ਮਹਾਰਾਜਾ ਫਤੇਹ ਸਿੰਘ ਆਹਲੁਵਾਲਿਆ ਨੇ ਕਰਾਈ ਸੀ। " ੧੯੩੧ ਵਿਚ ਭਾਈ ਧੰਨਾ ਸਿੰਘ ਇਸ ਅਸਥਾਨ 'ਤੇ ਇਕ ਪੱਕੀ ਮੰਜੀ ਸਾਹਿਬ, ਨਿਸ਼ਾਨ ਸਾਹਿਬ ਅਤੇ ਨੇੜੇ ਹੀ ਇਕ ਛੱਪਰੀ ਦੱਸਦੇ ਹਨ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ।

ਇਸ ਅਸਥਾਨ ਦੇ ਬਹੁਤਾ ਵਿਕਸਿਤ ਨਾ ਹੋਣ ਦੇ ਕਈ ਕਾਰਨ ਦੇਖੇ ਜਾ ਸਕਦੇ ਹਨ ਪਰ ਉਹਨਾਂ ਵਿੱਚੋਂ ਪ੍ਰਮੁੱਖ ਇਹੀ ਜਾਪਦਾ ਹੈ ਕਿ ਪਿੰਡ ਵਿਚ ਲਗਪਗ ੨੦੦

ਘਰ ਹਨ ਪਰ ਸਿੱਖ ਵੱਸੋਂ ਕੋਈ ਨਹੀਂ ਹੈ। ਮੌਜੂਦਾ ਸਮੇਂ ਵਿਚ ਹਰਿਆਣਾ ਅਤੇ ਹਿਮਾਚਲ ਦੇ ਸਿੱਖਾਂ ਵੱਲੋਂ ਇਸ ਅਸਥਾਨ ਦੀ ਸੇਵਾ ਸੰਭਾਲ ਕੀਤੀ ਜਾ ਰਹੀ ਹੈ। ਲਗ-ਪਗ ੫੦ ਪਿੰਡਾਂ ਨੂੰ ਇਸ ਗੁਰਧਾਮ ਨਾਲ ਪੱਕੇ ਤੌਰ 'ਤੇ ਜੋੜਿਆ ਗਿਆ ਹੈ ਅਤੇ ਹਰ ਪਿੰਡ ਵਿੱਚੋਂ ਇਕ ਮੈਂਬਰ ਲਿਆ ਜਾਂਦਾ ਹੈ ਜਿਹੜਾ ਕਿ ਨਿਸ਼ਕਾਮ ਭਾਵਨਾ ਨਾਲ ਇਸ ਗੁਰਧਾਮ ਦੀ ਸੇਵਾ-ਸੰਭਾਲ ਵਿਚ ਯੋਗਦਾਨ ਪਾਉਂਦਾ ਹੈ। ਬਹੁਤੇ ਪਿੰਡ ਹਰਿਆਣੇ ਨਾਲ ਸੰਬੰਧਿਤ ਹਨ ਪਰ ਸੇਵਾ ਵਿਚ ਸਾਰੇ ਬਰਾਬਰ ਦਾ ਹਿੱਸਾ ਪਾਉਂਦੇ ਹਨ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ ਕਮੇਟੀ ਦੀ ਮੰਗ 'ਤੇ ਸਰਕਾਰ ਵੱਲੋਂ ਇਕ ਪ੍ਰਬੰਧਕ ਵੀ ਲਗਾਇਆ ਹੋਇਆ ਹੈ ਜਿਹੜਾ ਕਿ ਪ੍ਰਬੰਧ ਦੇ ਸਮੁੱਚੇ ਲੇਖੇ-ਜੋਖੇ ਦਾ ਕਾਰਜ ਕਰਦਾ ਹੈ।

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਮਹਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਨਿਰੰਤਰ ਸੇਵਾ ਚੱਲ ਰਹੀ ਹੈ। ਪਹਿਲਾਂ ਤੋਂ ਜਿਹੜੀ ਇਮਾਰਤ ਮੌਜੂਦ ਸੀ, ਉਸ ਦੀ ਹਾਲਤ ਠੀਕ ਨਾ ਹੋਣ ਕਰਕੇ ਸੰਗਤ ਨੇ ਨਵੀਂ ਇਮਾਰਤ ਦੀ ਉਸਾਰੀ ਕਰਨ ਦਾ ਫ਼ੈਸਲਾ ਕੀਤਾ ਅਤੇ ਫਰਵਰੀ ੨੦੧੭ ਵਿਚ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਨਵੀਂ ਇਮਾਰਤ ਦੀ ਉਸਾਰੀ ਕਾਰ ਸੇਵਾ ਵਾਲਿਆਂ ਦੀ ਬਜਾਏ ਗੁਰਦੁਆਰਾ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਹੀ ਕੀਤੀ ਜਾ ਰਹੀ ਹੈ। ਹਰ ਇਕ ਕਮੇਟੀ ਮੈਂਬਰ ਇਸ ਕਾਰਜ ਵਿਚ ਹਿੱਸਾ ਲੈਂਦਾ ਹੈ। ਇਸ ਅਸਥਾਨ 'ਤੇ ਗੁਰੂ ਜੀ ਦੇ ਘੋੜਿਆਂ ਨੂੰ ਬੰਨਣ ਲਈ ਜਾਮਣ ਦੇ ਰੁੱਖ ਦੇ ਕਿੱਲੇ ਗੱਡੇ ਗਏ ਸਨ ਜਿਹੜੇ ਕਿ ਸਮਾਂ ਪਾ ਕੇ ਹਰੇ ਹੋ ਗਏ ਸਨ ਅਤੇ ਇਨ੍ਹਾਂ ਵਿੱਚੋਂ ਹਾਲੇ ਵੀ ਕੁਝ ਰੁੱਖ ਹਰੇ ਹਨ ਜਿਨ੍ਹਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਅਸਥਾਨ ਤੋਂ ਲਗਪਗ ੨੦੦ ਮੀਟਰ ਦੀ ਦੂਰੀ 'ਤੇ ਅੰਬ ਦਾ ਇਕ ਪੁਰਾਤਨ ਰੁੱਖ ਮੌਜੂਦ ਹੈ ਜਿਹੜਾ ਕਿ ਗੁਰੂ ਜੀ ਦੁਆਰਾ ਆਪਣੇ ਹੱਥਾਂ ਨਾਲ ਲਗਾਇਆ ਗਿਆ ਸੀ ਪਰ ਸਮਾਂ ਪਾ ਕੇ ਇਹ ਰੁੱਖ ਹੇਠਾਂ ਡਿੱਗ ਗਿਆ ਸੀ। ਇਸ ਡਿੱਗੇ ਹੋਏ ਰੁੱਖ ਦਾ ਪੁਰਾਤਨ ਤਣਾ ਹਾਲੇ ਵੀ ਮੌਜੂਦ ਹੈ ਜਿਸ ਵਿੱਚੋਂ ਨਵੀਆਂ ਲਗਰਾਂ ਫੁੱਟ ਪਈਆਂ ਸਨ ਜਿਨ੍ਹਾਂ ਨੂੰ ਫਲ ਲੱਗਦੇ ਹਨ।

ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਕੰਢੇ ਉਸ ਅਸਥਾਨ 'ਤੇ ਉਸਾਰੀ ਕੀਤੀ ਜਾ ਰਹੀ ਹੈ ਜਿੱਥੇ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ ਨੇ ਥੜ੍ਹਾ ਬਣਵਾਇਆ ਸੀ। ਇਸ ਗੁਰਧਾਮ ਦੇ ਸਾਹਮਣੇ ਸ਼ਹੀਦਾਂ ਦੀ ਯਾਦਗਾਰ ਬਣੀ ਹੋਈ ਹੈ। ਕਿਹਾ ਜਾਂਦਾ ਹੈ ਕਿ ਭੰਗਾਣੀ ਦੇ ਯੁੱਧ ਵਿਚ ਜਿਹੜੇ ਸਿੰਘ ਸ਼ਹੀਦ ਹੋਏ ਸਨ ਉਨ੍ਹਾਂ ਵਿੱਚੋਂ ਦੋ ਇਸ ਅਸਥਾਨ 'ਤੇ ਅਕਾਲ ਚਲਾਣਾ ਕਰ ਗਏ ਸਨ ਜਿਨ੍ਹਾਂ ਦਾ ਅੰਤਿਮ ਸਸਕਾਰ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਕੀਤਾ ਸੀ। ਸਰੋਵਰ ਦੀ ਪਰਕਰਮਾ ਵਿਚ ਸਿੱਖ ਇਤਿਹਾਸ ਦੇ ਦਰਸ਼ਨ ਕਰਵਾਉਂਦੀਆਂ ਕੁਝ ਝਾਕੀਆਂ ਮੌਜੂਦ ਹਨ।

ਮੌਜੂਦਾ ਸਮੇਂ ਵਿਚ ਗੁਰਦੁਆਰਾ ਸਾਹਿਬ ਕੋਲ ੧੯੮ ਵਿੱਘੇ ਜ਼ਮੀਨ ਮੌਜੂਦ ਹੈ ਜਿਸ ਵਿੱਚੋਂ ਲਗਪਗ ੧੯ ਵਿੱਘੇ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਸਰੋਵਰ, ਯਾਤਰੂਆਂ ਅਤੇ ਸਟਾਫ਼ ਲਈ ਕਮਰੇ ਅਤੇ ਹਾਲ ਅਤੇ ਪਾਰਕਿੰਗ ਆਦਿ ਬਣੇ ਹੋਏ ਹਨ। ਇਸ ਤੋਂ ਇਲਾਵਾ ੯ ਕਿੱਲੇ ਵਾਹੀਯੋਗ ਜ਼ਮੀਨ ਹਰਿਆਣੇ ਵਿਚ ਹੈ। ਆਲੇ-ਦੁਆਲੇ ਦੇ ਪਿੰਡਾਂ ਤੋਂ ਸੰਗਤ ਇੱਥੇ ਨਿਰੰਤਰ ਹਾਜ਼ਰੀ ਭਰਦੀ ਹੈ ਅਤੇ ਬਹੁਤ ਸਾਰੇ ਸ਼ਰਧਾਲੂ ਵਿਸ਼ੇਸ਼ ਤੌਰ 'ਤੇ ਵੀ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆਉਂਦੇ ਹਨ। ਨਿਸ਼ਕਾਮ ਭਾਵਨਾ ਨਾਲ ਸੇਵਾ ਦੀ ਰੁਚੀ ਅਧੀਨ ਪ੍ਰਬੰਧਕ ਯਾਤਰੂਆਂ ਦੀ ਸੇਵਾ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦੇ ਹਨ। ਸਮੂਹ ਗੁਰਪੁਰਬ ਅਤੇ ਪੂਰਨਮਾਸ਼ੀ ਮਨਾਈ ਜਾਂਦੀ ਹੈ। ਵੈਸਾਖੀ ਨੂੰ ਵਿਸ਼ੇਸ਼ ਜੋੜ-ਮੇਲਾ ਹੁੰਦਾ ਹੈ ਅਤੇ ਆਮ ਦਿਨਾਂ ਵਿਚ ਐਤਵਾਰ ਵਾਲੇ ਦਿਨ ਸੰਗਤ ਵੱਡੀ ਗਿਣਤੀ ਵਿਚ ਇੱਥੇ ਦਰਸ਼ਨ ਕਰਨ ਲਈ ਆਉਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੩ ਦਿਨ ਇਸ ਅਸਥਾਨ 'ਤੇ ਨਿਵਾਸ ਕੀਤਾ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਗੁਰੂ ਜੀ ਨੇੜੇ ਹੀ ਇਕ ਟਿੱਬੇ 'ਤੇ ਪ੍ਰਭੂ-ਬੰਦਗੀ ਅਤੇ ਸਿਮਰਨ ਕਰਨ ਲਈ ਚਲੇ ਜਾਂਦੇ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ 'ਤਪ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ' ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਗੁਰਦੁਆਰਾ ਟੋਕਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਇੱਥੇ ਵੀ ਹਾਜ਼ਰੀ ਭਰਦੀ ਹੈ।

■

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਤਰਨਜੀਤ ਸਿੰਘ, ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪ੍ਰਧਾਨ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹੋਏ ਨਿਰਦੇਸ਼ਾਂ ਅਤੇ ਸਕੱਤਰ ਸਾਹਿਬ ਧਰਮ ਪ੍ਰਚਾਰ ਕਮੇਟੀ ਦੀ ਪ੍ਰੇਰਨਾ ਸਦਕਾ ਸਿੱਖ ਮਿਸ਼ਨ ਜੰਮੂ-ਕਸ਼ਮੀਰ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ ਦੀ ਅਗਵਾਈ ਹੇਠ ੧ ਅਕਤੂਬਰ, ੨੦੨੩ ਈ. ਨੂੰ ਗੁਰਦੁਆਰਾ ਸੰਤ ਬਾਬਾ ਸੁੰਦਰ ਸਿੰਘ, ਅਖਨੂਰ, ਜ਼ਿਲ੍ਹਾ ਜੰਮੂ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਵਿਚ ੮੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।

# ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਾਰੇ ਇਕ ਅਹਿਮ ਪੰਥਕ ਦਸਤਾਵੇਜ਼

*-ਸ. ਗੁਰਚਰਨਜੀਤ ਸਿੰਘ ਲਾਂਬਾ**

ਗੰਗਾ 'ਚੋਂ ਉਠੀ ਲਹਿਰ ਗੋਦਾਵਰੀ ਵਿਚ ਸਮਾਈ। ਇਹ ਸ਼ਬਦ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਦੇ ਸਫ਼ਰ ਨੂੰ ਬਿਆਨ ਕਰਦੇ ਹਨ। ਗੰਗਾ ਤਟ ਦੇ ਕਦੀਮੀ ਸ਼ਹਿਰ ਪਟਨਾ ਸਾਹਿਬ ਵਿਚ ਸਤਿਗੁਰੂ ਜੀ ਦਾ ਪ੍ਰਕਾਸ਼ ਹੋਇਆ ਅਤੇ ਗੋਦਾਵਰੀ ਦੇ ਕਿਨਾਰੇ ਹਜੂਰ ਸਾਹਿਬ ਵਿਚ ਜੋਤੀ ਜੋਤਿ ਸਮਾਏ। ਪੰਜਾਬ ਵਿਚ ਸਤਲੁਜ ਦੇ ਕੰਢੇ ਆਪ ਦਾ ਕਰਮ ਖੇਤਰ ਰਿਹਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੰਬੰਧਿਤ ਦੋ ਤਖ਼ਤ-ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜੂਰ ਸਾਹਿਬ, ਨੰਦੇੜ ਪੰਜਾਬ ਤੋਂ ਬਾਹਰ ਬਿਹਾਰ ਅਤੇ ਮਹਾਰਾਸ਼ਟਰ ਵਿਚ ਸਥਿਤ ਹਨ। ਹਰ ਸਿੱਖ ਆਪਣੀ ਅਰਦਾਸ ਵਿਚ ਇਨ੍ਹਾਂ ਪਾਵਨ ਤਖ਼ਤ ਸਾਹਿਬਾਨ ਨੂੰ ਯਾਦ ਕਰਦਾ ਹੈ। ਪਰ ਕੇਵਲ ਦਰਸ਼ਨ ਦੀਦਾਰ ਨਾਲ ਹੀ ਕੌਮੀ ਮਸਲੇ ਪੂਰੇ ਨਹੀਂ ਹੁੰਦੇ।

ਅਲਾਮਾ ਇਕਬਾਲ ਨੇ ਇਕ ਵਾਰ ਲਿਖਿਆ ਸੀ, "ਮੁੱਲਾਂ ਕੋ ਜੋ ਹੈ ਹਿੰਦ ਮੇਂ ਸਿਜਦੇ ਕੀ ਇਜਾਜ਼ਤ। ਨਾਦਾਂ ਯੇਹ ਸਮਝਤਾ ਹੈ ਕਿ ਇਸਲਾਮ ਹੈ ਆਜ਼ਾਦ।" ਸੋ ਗੱਲ ਕੇਵਲ ਦਰਸ਼ਨ ਦੀਦਾਰ ਤਕ ਹੀ ਮਹਿਦੂਦ ਨਹੀਂ ਹੁੰਦੀ ਬਲਕਿ ਕੌਮੀ ਅਰਦਾਸ ਦਾ ਹਿੱਸਾ ਹੈ, ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਮਿਲੇ। ਪਰ ਇਹ ਮੰਗ ਅਤੇ ਜੋਦੜੀ ਵੀ ਪੂਰੀ ਹੁੰਦੀ ਨਜ਼ਰ ਨਹੀਂ ਆਂਦੀ।

ਪਟਨਾ ਸਾਹਿਬ ਨੂੰ ਸਿੱਖ ਪੰਥ ਦਾ ਪੰਘੂੜਾ ਵੀ ਕਿਹਾ ਜਾਂਦਾ ਹੈ। ਇਸ ਪਾਵਨ ਨਗਰੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੋਣ ਦਾ ਮਾਣ ਪ੍ਰਾਪਤ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਇੱਥੋਂ ਦੀ ਸੰਗਤ ਦੇ ਨਾਮ ਖਾਸ ਹੁਕਮਨਾਮੇ ਭੇਜ ਕੇ ਸੰਗਤ ਨੂੰ ਕ੍ਰਿਤਾਰਥ ਕੀਤਾ। ਗੁਰੂ ਸਾਹਿਬ ਜੀ ਦੇ ਪਾਵਨ ਸ਼ਸਤਰ ਅਤੇ ਹੋਰ ਯਾਦਗਾਰਾਂ ਇੱਥੇ ਸੁਰੱਖਿਅਤ ਹਨ। ਇਸ ਲਈ ਵੀ ਇੱਥੋਂ ਦਾ ਪ੍ਰਬੰਧ ਖਾਲਸਾ ਜੀ ਦਾ ਹੱਕ ਵੀ ਹੈ ਅਤੇ ਫ਼ਰਜ਼ ਵੀ ਹੈ।

ਕੇਵਲ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕੀ ਹਵਾਲੇ ਨਾਲ ਗੱਲ ਕਰੀਏ ਤਾਂ ਇਸ ਦਾ ਆਪਣਾ ਬਹੁਤ ਪੁਰਾਣਾ ਇਤਿਹਾਸ ਹੈ। ਮੌਜੂਦਾ ਨਿਜ਼ਾਮ ਵਿਚ ਇਹ ਹਿੰਦੂ

** New Jersey. USA. Mo: +1 9736990950 Email: santsipahi@gmail.com*

ਰਿਲੀਜਸ ਐਂਡੋਅਮੈਂਟ ਐਕਟ ਦੇ ਅਧੀਨ ਹੈ। ਇਸ ਵਿਚ ਪ੍ਰਬੰਧਕ ਕਮੇਟੀ ਦੇ ਕੁੱਲ ੧੫ ਮੈਂਬਰ ਹਨ। ਇਹ ਹਾਊਸ ਚੋਣ, ਨਾਮਜ਼ਦਗੀ ਅਤੇ ਕੋ-ਆਪਸ਼ਨ ਨਾਲ ਪੂਰਾ ਹੁੰਦਾ ਹੈ। ਪਰ ਇਸ ਵਿਚ ਮੁੱਖ ਨੁਕਤਾ ਹੈ ਕਿ ਚੋਣਾਂ ਅਤੇ ਸਿੱਖ ਸੰਸਥਾਵਾਂ ਰਾਹੀਂ ੧੧ ਮੈਂਬਰ ਆਉਂਦੇ ਹਨ। ਹੁਣ ਇਸ ਵਿਚ ਡਿਸਟ੍ਰਿਕਟ ਜੱਜ, ਪਟਨਾ ੩ ਮੈਂਬਰ ਆਪਣੇ ਵੱਲੋਂ ਨਾਮਜ਼ਦ ਕਰਦਾ ਹੈ। ਇਸ ਤਰ੍ਹਾਂ ਹਾਊਸ ਦੇ ੧੪ ਮੈਂਬਰ ਹੋ ਜਾਂਦੇ ਹਨ। ਹੁਣ ਇਹ ੧੪ ਮੈਂਬਰ ਮਿਲ ਕੇ ਇਕ ਮੈਂਬਰ ਕੋ-ਆਪਟ ਕਰਦੇ ਹਨ। ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ ਪ੍ਰਬੰਧਕ ਕਮੇਟੀ ਬਣਾਉਣ ਵਿਚ ਡਿਸਟ੍ਰਿਕਟ ਜੱਜ, ਪਟਨਾ ਦਾ ਪ੍ਰਭਾਵੀ ਰੋਲ ਹੁੰਦਾ ਹੈ। ਇੰਨਾ ਹੀ ਨਹੀਂ ਕੋਈ ਵੀ ਮੈਂਬਰ ਚੁਣੇ ਜਾਣ ਜਾਂ ਨਾਮਜ਼ਦ ਹੋਣ ਦੇ ਬਾਵਜੂਦ ਮੈਂਬਰ ਤਾਂ ਮੰਨਿਆ ਜਾਵੇਗਾ ਜਦੋਂ ਡਿਸਟ੍ਰਿਕਟ ਜੱਜ, ਪਟਨਾ ਉਸ ਦੀ ਪ੍ਰਵਾਨਗੀ ਦਵੇਗਾ। ਇਸ ਤਰ੍ਹਾਂ ਪ੍ਰਬੰਧ ਵਿਚ ਸਰਕਾਰੀ ਦਖ਼ਲ ਅੰਦਾਜ਼ੀ ਦੀ ਪੈਠ ਬਹੁਤ ਡੂੰਘੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਵੀ ਪ੍ਰਬੰਧਕ ਮਾਮਲਿਆਂ ਵਿਚ ਡਿਸਟ੍ਰਿਕਟ ਜੱਜ ਦੇ ਅਧਿਕਾਰ ਇਸ ਨੂੰ ਸਰਕਾਰੀ ਦਖ਼ਲ-ਅੰਦਾਜ਼ੀ ਤੋਂ ਮੁਕਤ ਨਹੀਂ ਕਰਦੇ ਅਤੇ ਪ੍ਰਬੰਧ ਨੂੰ ਨਿਰੋਲ ਪੰਥਕ ਰੂਪ ਦੇਣ ਵਿਚ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਟਨਾ ਸਾਹਿਬ ਦੇ ਸੰਵਿਧਾਨ ਅਤੇ ਚੋਣਾਂ ਦੇ ਨਿਯਮਾਂ ਨੂੰ ਜਦੋਂ ਵਾਚਿਆ ਜਾਂਦਾ ਹੈ ਤਾਂ ਇਕ ਸੁਖਦ ਮਦ ਨਜ਼ਰ ਆਉਂਦੀ ਹੈ ਕਿ ਚੋਣਾਂ ਵਿਚ ਹਿੱਸਾ ਲੈਣ ਵਾਲੇ ਮੈਂਬਰਾਂ ਤਕ ਹੀ ਨਹੀਂ ਬਲਕਿ ਵੋਟਰ ਬਣਨ ਲਈ ਵੀ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਜਦੋਂ ਕੋਈ ਮਦ ਕਾਨੂੰਨ ਦਾ ਹਿੱਸਾ ਬਣ ਜਾਵੇ ਤਾਂ ਫਿਰ ਲਾਗੂ ਕਰਵਾਉਣ ਵਾਲਾ ਚਾਹੀਦਾ ਹੈ, ਇਹ ਲਾਗੂ ਵੀ ਹੋ ਜਾਂਦੀ ਹੈ। ਪਟਨਾ ਸਾਹਿਬ ਚੋਣਾਂ ਦੇ ਦੌਰਾਨ ਪੰਜ ਧਨਾਢ ਅਤੇ ਪਤਵੰਤੇ ਸੱਜਣ ਜੋ ਬਾਅਦ ਵਿਚ ਪ੍ਰਬੰਧਕ ਕਮੇਟੀ ਵਿਚ ਆਉਣਾ ਚਾਹੁੰਦੇ ਸਨ ਪਰ ਉਹ ਅੰਮ੍ਰਿਤਧਾਰੀ ਤਾਂ ਦੂਰ ਦੀ ਗੱਲ ਹੈ ਪਤਿਤ ਅਤੇ ਤਨਖਾਹੀਏ ਸਨ। ਉਨ੍ਹਾਂ ਦੇ ਵੋਟਰ ਫਾਰਮ 'ਤੇ ਬਾਕਾਇਦਾ ਇਤਰਾਜ਼ ਦਰਜ ਕਰ ਦਿੱਤਾ ਗਿਆ। ਚੋਣ ਕਮਿਸ਼ਨਰ ਸਰਦਾਰ ਗੁਰਦੇਵ ਸਿੰਘ (ਗਰੇਵਾਲ) ਆਈ.ਏ. ਐਸ ਸਨ। ਬਾਕਾਇਦਾ ਸੁਣਵਾਈ ਹੋਈ ਅਤੇ ਉਨ੍ਹਾਂ ਦੇ ਨਾਮ ਵੋਟਰ ਲਿਸਟ ਵਿੱਚੋਂ ਹੀ ਕੱਟ ਦਿੱਤੇ ਗਏ। ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਲਈ ਇਹ ਮਦ ਬਹੁਤ ਮਹੱਤਵਪੂਰਨ ਹੈ।

ਇਹ ਸਹੀ ਹੈ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸੰਵਿਧਾਨ ਦੀ ਧਾਰਾ ੭੯ ਵਿਚ ਵੀ ਸਪੱਸ਼ਟ ਤਰੀਕੇ ਨਾਲ ਅੰਕਤ ਕੀਤਾ ਗਿਆ ਹੈ ਕਿ ਧਾਰਮਿਕ ਮਾਮਲਿਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦ ਨਿਰਣਾ ਅੰਤਿਮ ਹੈ।

**Dispute relating to religious matter: 79. If any dispute relating to relgious matters other than Existing Maryada, Rituals and Doctrines, of the Gurdwara arises,**

**the Committee shall refere the same to Sri Akal Takht Sahib, Amritsar, whose opinion shall be final. This, however, will not act as bar to the filing of any regular petition in the court of the District Judge, Patna, in this connection under the Religious Endowments Act (ActXX of 1863)** [Article79 of Constitution and By-laws of Takhat Sri Harimandir ji, Patna Sahib)

ਇਸ ਧਾਰਾ ਦੀ ਵਿਆਖਿਆ ਵਿਚ ਨਾ ਜਾਂਦਿਆਂ ਹੋਇਆਂ ਸਪੱਸ਼ਟ ਹੈ ਕਿ ਧਾਰਮਿਕ ਮਾਮਲਿਆਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਰਾਇ ਦੇਣ ਦੇ ਅਧਿਕਾਰ ਦੇ ਬਾਵਜੂਦ ਮਾਮਲਾ ਮੁੜ ਅਦਾਲਤਾਂ ਦੀ ਘੁੰਮਣਘੇਰੀ ਵਿਚ ਪਾਇਆ ਜਾ ਸਕਦਾ ਹੈ। ਇਹ ਕੇਵਲ ਖ਼ਦਸ਼ਾ ਹੀ ਨਹੀਂ ਬਲਕਿ ਜ਼ਮੀਨੀ ਹਕੀਕਤ ਹੈ ਕਿ ਤਖ਼ਤ ਸਾਹਿਬ ਅਤੇ ਇਸ ਦੇ ਅਧੀਨ ਵਿੱਦਿਅਕ ਸੰਸਥਾਵਾਂ ਦੇ ਮੁਕੱਦਮੇ ਅਦਾਲਤਾਂ ਵਿਚ ਲਿਜਾਏ ਜਾਂਦੇ ਰਹੇ ਹਨ ਜਿਸ ਨਾਲ ਗੁਰੂ ਕੀ ਗੋਲਕ ਅਤੇ ਸਿੱਖ ਮਾਨਸਿਕਤਾ 'ਤੇ ਉਲਟ ਪ੍ਰਭਾਵ ਪੈਂਦੇ ਹਨ।

ਇਸ ਪਿਛੋਕੜ ਵਿਚ ੧੩ ਫਰਵਰੀ, ੧੯੭੭ ਈ. ਨੂੰ ਸਿੰਘ ਸਾਹਿਬ ਜਥੇਦਾਰ ਸਾਧੂ ਸਿੰਘ ਭੌਰਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਧਾਨਗੀ ਹੇਠ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਇਕ ਪੰਥਕ ਕਨਵੈਨਸ਼ਨ ਹੋਈ। ਇਸ ਵਿਚ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਭਾਈ ਮਾਨ ਸਿੰਘ ਜੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਸੰਤ ਕਰਤਾਰ ਸਿੰਘ ਜੀ ਅਤੇ ਹੋਰ ਉੱਘੀਆਂ ਹਸਤੀਆਂ ਸ਼ਾਮਲ ਹੋਈਆਂ ਅਤੇ ਐਲਾਨ ਕੀਤਾ ਗਿਆ ਕਿ ਪਟਨਾ ਸਾਹਿਬ ਦੇ ਪ੍ਰਬੰਧ ਵਿਚ ਕਿਸੇ ਵੀ ਕਿਸਮ ਦਾ ਸਰਕਾਰੀ ਦਖ਼ਲ ਪ੍ਰਵਾਨ ਨਹੀਂ ਕੀਤਾ ਜਾਏਗੀ। ਪਰ ਇਸ ਅਹਿਮ ਨਿਰਣੇ ਦੀ ਪੈਰਵਾਈ ਜਾਂ ਕਾਰਵਾਈ ਨਹੀਂ ਹੋਈ, ਜਿਵੇਂ ਸਾਡੀ ਅਣਗਹਿਲੀ ਦੀ ਹਾਲਤ ਹੈ। ਇਸ ਪੰਥਕ ਕਨਵੈਨਸ਼ਨ ਦੇ ਗੁਰਮਤੇ ਦੀ ਫ਼ੋਟੋ ਕਾਪੀ ਲੇਖ ਦੇ ਅੰਤ ਵਿਚ ਦਿੱਤੀ ਗਈ ਹੈ।

ਇਸ ਕਨਵੈਨਸ਼ਨ ਵਿਚ ਪਾਸ ਕੀਤੇ ਮਤੇ ਕੋਈ ਵਕਤੀ ਨਹੀਂ ਹਨ। ਇਹ ਇਕ ਪੰਥਕ ਦਸਤਾਵੇਜ਼ ਹੈ। ਇਸ ਦੀ ਇਬਾਰਤ ਇਸ ਤਰ੍ਹਾਂ ਹੈ:-

**੧੩/੨/੭੭ - ਜਥੇਦਾਰ ਸਾਧੂ ਸਿੰਘ ਜੀ ਭੌਰਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਈ ਅੱਜ ਦੀ ਇਹ ਕਨਵੈਨਸ਼ਨ ਬੜ੍ਹੇ ਹੀ ਪੁਰਜ਼ੋਰ ਸ਼ਬਦਾਂ ਨਾਲ ਪ੍ਰਗਟ ਕਰਨੀ ਹੈ ਕਿ ਸਿੱਖ ਗੁਰਦੁਆਰੇ ਤੇ ਹੋਰ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਕਰਨ ਦਾ ਅਧਿਕਾਰ ਕੇਵਲ ਕੌਮ ਦੇ ਪ੍ਰਤਿਨਿਧਾਂ ਨੂੰ ਹੀ**

**ਹੈ ਅਤੇ ਇਸ ਮੁਤਾਬਿਕ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧ ਦਾ ਪੂਰਾ ਅਤੇ ਨਿਰੋਲ ਅਧਿਕਾਰ ਕੇਵਲ ਸਿੱਖਾਂ ਦੀ ਨੁਮਾਇੰਦਾ ਕਮੇਟੀ ਨੂੰ ਹੀ ਹੈ। ਇਹ ਕਨਵੈਨਸ਼ਨ ਹਰ ਸੰਬੰਧਿਤ ਅਧਿਕਾਰੀ ਨੂੰ ਸਪੱਸ਼ਟ ਤੌਰ 'ਤੇ ਪ੍ਰਗਟ ਕਰ ਦੇਣਾ ਚਾਹੁੰਦੀ ਹੈ ਕਿ ਸਿੱਖ ਕੌਮ ਸਰਕਾਰੀ ਜਾਂ ਹੋਰ ਕਿਸੇ ਵੀ ਪ੍ਰਕਾਰ ਦੀ ਬਾਹਰਲੀ ਮੁਦਾਖਲਤ ਤਖਤ ਸਾਹਿਬ ਦੇ ਪ੍ਰਬੰਧ ਵਿਚ ਕਤਈ ਬਰਦਾਸ਼ਤ ਨਹੀਂ ਕਰੇਗੀ ਅਤੇ ਅੱਜ ਦੀ ਇਹ ਕਨਵੈਨਸ਼ਨ ਸਰਬ-ਸੰਮਤੀ ਨਾਲ ਪ੍ਰਵਾਨ ਕਰਦੀ ਹੈ ਕਿ ਤਖਤ ਸਾਹਿਬ ਦੇ ਮੌਜੂਦਾ ਵਿਧਾਨ ਨੂੰ ਬਦਲੇ ਹੋਏ ਸਮੇਂ ਅਨੁਸਾਰ ਇਸ ਪ੍ਰਕਾਰ ਤਰਮੀਮ ਕੀਤਾ ਜਾਵੇ ਕਿ ਤਖਤ ਸਾਹਿਬ ਦਾ ਪ੍ਰਬੰਧ ਨਿਰੋਲ ਸਿੱਖ ਕੌਮ ਦੇ ਨੁਮਾਇੰਦਿਆਂ ਰਾਹੀਂ ਹੀ ਕੀਤਾ ਜਾ ਸਕੇ ਅਤੇ ਇਸ ਵਿਚ ਕਿਸੇ ਕਿਸਮ ਦੀ ਸਰਕਾਰੀ ਜਾਂ ਹੋਰ ਬਾਹਰਲੀ ਮੁਦਾਖ਼ਲਤ ਹੋਣ ਦੀ ਸੰਭਾਵਨਾ ਹੀ ਖਤਮ ਹੋ ਜਾਵੇ। ਇਸ ਮੰਤਵ ਲਈ, ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰਿਮੰਦਰ ਜੀ ਦੀ ਇਕੱਤ੍ਰਤਾ ਮਿਤੀ ੬-੨-੭੭ ਵਿਚ ਕਾਂਸਟੀਚਯੂਸ਼ਨ ਸਬ-ਕਮੇਟੀ ਬਣਾਏ ਜਾਣ ਦੀ ਪ੍ਰੋੜ੍ਹਤਾ ਕੀਤੀ ਜਾਂਦੀ ਹੈ ਤੇ ਤਖਤ ਸਾਹਿਬ ਦੇ ਵਿਧਾਨ ਦੀ ਉਪ੍ਰੋਕਤ ਫੈਸਲੇ ਅਨੁਸਾਰ ਤਰਮੀਮ ਲਈ ਲੋੜੀਂਦੀ ਕਾਰਵਾਈ ਕਰਨ ਲਈ ਉਕਤ ਕਮੇਟੀ ਨੂੰ ਪੂਰੇ ਪੂਰੇ ਅਧਿਕਾਰ ਦਿੱਤੇ ਜਾਂਦੇ ਹਨ।**

ਇਸ ਕਨਵੈਨਸ਼ਨ ਵਿਚ ਇਹ ਵੀ ਪ੍ਰਵਾਨ ਹੋਇਆ ਕਿ ਹੇਠ ਲਿਖੇ ਮੈਂਬਰਾਂ ਦਾ ਇਕ ਵਫਦ ਬਣਾਇਆ ਜਾਵੇ:-

੧. ਸ੍ਰ. ਜੋਗਿੰਦਰ ਸਿੰਘ ਜੋਗੀ, ਕਨਵੀਨਰ
੨. ਸ੍ਰ. ਗੁਰਚਰਨਜੀਤ ਸਿੰਘ ਲਾਂਬਾ
੩. ਸ੍ਰ. ਹਰਸੇਵ ਸਿੰਘ ਧੂਪੀਆ
੪. ਸ੍ਰੀ. ਬਖਸ਼ੀਸ਼ ਸਿੰਘ (ਢਿੱਲੋਂ)
੫. ਸ੍ਰ. ਕਰਨਲ ਡੀ. ਐਸ. ਗੁਮਾਨਪੁਰੀ
੬. ਸ੍ਰ. ਮੌਲੀਸ਼ਵਰ ਪ੍ਰਸਾਦਿ ਸਿੰਘ
੭. ਸ੍ਰ. ਹਰਚਰਨ ਸਿੰਘ ਬਿੰਦਰਾ
੮. ਸ੍ਰ. ਪ੍ਰੀਤਮ ਸਿੰਘ ਸੋਹੀ
੯. ਸ੍ਰ. ਬਾਬਾ ਜਸਵੰਤ ਸਿੰਘ

ਅਤੇ ਇਸ ਵਫ਼ਦ ਨੂੰ ਅਧਿਕਾਰ ਦਿੱਤੇ ਗਏ ਕਿ ਇਸ ਦੇ ਮੈਂਬਰ ਡਿਸਡ੍ਰਿਕਟ ਜੱਜ ਪਟਨਾ, ਰਾਜਪਾਲ ਬਿਹਾਰ ਸਰਕਾਰ, ਮੁੱਖ ਮੰਤਰੀ ਬਿਹਾਰ ਸਰਕਾਰ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਮਿਲ ਕੇ ਇਸ ਕਨਵੈਨਸ਼ਨ ਦੇ ਫੈਸਲੇ ਤੋਂ ਜਾਣੂ ਕਰਵਾਉਣ।

Grams: TAKHATSAHEB

Phone: [illegible]

ੴ ਵਾਹਿਗੁਰੂ ਜੀ ਕੀ ਫ਼ਤਹ

ਪ੍ਰਬੰਧਕ ਕਮੇਟੀ ਸ੍ਰੀ ਤਖ਼ਤ ਹਰਿਮੰਦਿਰ ਜੀ, ਪਟਨਾ ਸਾਹਿਬ

# PRABANDHAK COMMITTEE

*(Birth Place of Sri Guru Gobind Singh Ji Maharaj)*

SRI TAKHT HARIMANDIR JI, PATNA SAHEB

Ref. No.

PATNA SAHEB/CITY

Dated ੧੩/੨/੭੭ 197 .

ਸੰਤਿਧਾਰ ਸਾਧੂ ਸਿੰਘ ਜੀ ਭੌਰਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਏ ਇਕੱਠ ਦਾ ਸਿੱਖਾਂ ਦੀ ਇਹ ਕਨਵੈਨਸ਼ਨ ਬੜੇ ਹੀ ਪਰਜ਼ੋਰ ਸ਼ਬਦਾਂ ਨਾਲ ਪ੍ਰਗਟ ਕਰਦੀ ਹੈ ਕਿ ਸਿੱਖ ਗੁਰਦੁਆਰੇ ਤੇ ਹੋਰ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਕਰਨ ਦਾ ਅਧਿਕਾਰ ਕੇਵਲ ਕੌਮ ਦੇ ਪ੍ਰਤੀਨਿਧਾਂ ਨੂੰ ਹੀ ਹੈ। ਅਤੇ ਇਸ ਮੁਤਾਬਿਕ ਤਖ਼ਤ ਸ੍ਰੀ ਹਰਿਮੰਦਿਰ ਜੀ ਪਟਨਾ ਸਾਹਿਬ ਦੇ ਪ੍ਰਬੰਧ ਦਾ ਪੂਰਾ ਅਤੇ ਨਿਰੋਲ ਅਧਿਕਾਰ ਕੇਵਲ ਸਿੱਖਾਂ ਦੀ ਨੁਮਾਇੰਦਾ ਕਮੇਟੀ ਨੂੰ ਹੀ ਹੈ। ਇਹ ਕਨਵੈਨਸ਼ਨ ਹਰ ਸੰਬੰਧਿਤ ਅਧਿਕਾਰੀ ਨੂੰ ਸਪਸ਼ਟ ਤੌਰ ਤੇ ਪ੍ਰਗਟ ਕਰ ਦੇਣਾ ਚਾਹੁੰਦੀ ਹੈ ਕਿ ਸਿਖ ਕੌਮ ਸਰਕਾਰੀ ਜਾਂ ਹੋਰ ਕਿਸੇ ਵੀ ਪ੍ਰਕਾਰ ਦੀ ਬਾਹਰਲੀ ਮੁਦਾਖ਼ਲਤ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਕਦਾਚਿਤ ਬਰਦਾਸ਼ਤ ਨਹੀਂ ਕਰੇਗੀ ਅਤੇ

ਅਜ ਦੀ ਇਹ ਕਨਵੈਨਸ਼ਨ ਸਰਬ ਸੰਮਤੀ ਨਾਲ ਪ੍ਰਵਾਨ ਕਰਦੀ ਹੈ ਕਿ ਤਖ਼ਤ ਸਾਹਿਬ ਦੇ ਮੌਜੂਦਾ ਵਿਧਾਨ ਨੂੰ ਬਦਲੇ ਹੋਏ ਸਮੇਂ ਅਨੁਸਾਰ ਇਸ ਪ੍ਰਕਾਰ ਤਰਮੀਮ ਕੀਤਾ ਜਾਵੇ ਕਿ ਤਖ਼ਤ ਸਾਹਿਬ ਦਾ ਪ੍ਰਬੰਧ ਨਿਰੋਲ ਸਿਖ ਕੌਮ ਦੇ ਨੁਮਾਇੰਦਿਆਂ ਰਾਹੀਂ ਹੀ ਕੀਤਾ ਜਾ ਸਕੇ ਅਤੇ ਇਸ ਵਿਚ ਕਿਸੇ ਕਿਸਮ ਦੀ ਸਰਕਾਰੀ ਜਾਂ ਹੋਰ ਬਾਹਰਲੀ ਮੁਦਾਖ਼ਲਤ ਹੋਣ ਦੀ ਸੰਭਾਵਨਾ ਹੀ ਖ਼ਤਮ ਹੋ ਜਾਵੇ। ਇਸ ਮਤਵ ਲਈ, ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰਿਮੰਦਿਰ ਜੀ ਦਾ ਇਕੱਤ੍ਰਤਾ ਮਿਤੀ ੯-੨-੭੭ ਵਿਚ ਇਕ ਕਾਂਸਟੀਚੂਸ਼ਨ ਸਬ ਕਮੇਟੀ ਬਣਾਏ ਜਾਣ ਦੀ ਪ੍ਰੋੜਤਾ ਕੀਤੀ ਜਾਂਦੀ ਹੈ ਤੇ ਤਖ਼ਤ ਸਾਹਿਬ ਦੇ ਵਿਧਾਨ ਦੀ ਉਪਰੋਕਤ ਫ਼ੈਸਲੇ ਅਨੁਸਾਰ ਤਰਮੀਮ ਲਈ ਲੋੜੀਂਦੀ ਕਾਰਵਾਈ ਕਰਨ ਲਈ ਉਕਤ ਕਮੇਟੀ ਨੂੰ ਪੂਰੇ ਪੂਰੇ ਅਧਿਕਾਰ ਦਿਤੇ ਜਾਂਦੇ ਹਨ।

ਇਸ ਕਨਵੈਨਸ਼ਨ ਵਿਚ ਇਹ ਵੀ ਪ੍ਰਵਾਨ ਹੋਇਆ ਕਿ ਹੇਠ ਲਿਖੇ ਸੱਜਣਾਂ ਦੀ ਇਕ ਸਬ ਕਮੇਟੀ ਬਣਾਈ ਜਾਵੇ:-

੧- ਡਾ: ਜੋਗਿੰਦਰ ਸਿੰਘ ਜੋਗੀ, ਕਨਵੀਨਰ
੨- ਡਾ: ਗੁਰਚਰਨਜੀਤ ਸਿੰਘ ਲਾਂਬਾ
੩- ਡਾ: ਹਰਜੋਧ ਸਿੰਘ ਧੁਪੀਆ
੪- ਡਾ: [illegible] ਸਿੰਘ [illegible]
੫- ਡਾ: [illegible] ਐਸ. ਕਮਾਲਪੁਰੀ
੬- ਡਾ: [illegible] ਪ੍ਰਸਾਦਿ ਸਿੰਘ
੭- ਡਾ: ਹਰਚਰਨ ਸਿੰਘ [illegible]
੮- ਸ: ਪ੍ਰੀਤਮ ਸਿੰਘ ਸੇਠੀ
੯- ਡਾ: [illegible] ਸਿੰਘ

(ਪਰਤੋ)

ਮਹਿਕਮਾ ਇਨਕਮ ਟੈਕਸ ਵਲੋਂ [illegible] ਦਾਨ ਦੇਣ ਵਾਲੇ ਪ੍ਰੇਮੀ ਨੂੰ ਉਸ ਰਕਮ ਤੇ ਟੈਕਸ ਦੀ ਮੁਆਫ਼ੀ ਮਿਲ ਜਾਂਦੀ ਹੈ।
ਮਨੀ ਆਰਡਰ, ਚੈਕ, ਡਰਾਫਟ ਤੇ ਚਿਠੀ ਪੱਤਰ ਆਦਿ ਪ੍ਰਬੰਧਕ ਕਮੇਟੀ ਸ੍ਰੀ ਤਖ਼ਤ ਹਰਿਮੰਦਿਰ ਜੀ ਪਟਨਾ ਸਾਹਿਬ ਦੇ ਨਾਮ ਤੇ ਭੇਜੀ ਜਾਵੇ।


-੨-
ਅਤੇ ਇਸ ਕਮੇਟੀ ਨੂੰ ਅਧਿਕਾਰ ਦਿੰਦੇ ਹਨ ਕਿ ਇਸ ਕਮੇਟੀ ਦੇ ਮੈਂਬਰ ਪ੍ਰਿੰਸੀਪਲ ਜਸ ਪਟਨਾ, ਰਾਜਪਾਲ ਬਿਹਾਰ ਸਰਕਾਰ, ਮੁਖ ਮੰਤ੍ਰੀ ਬਿਹਾਰ ਸਰਕਾਰ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਮਿਲ ਕੇ ਇਸ ਕਨਵੈਨਸ਼ਨ ਦੇ ਫੈਸਲੇ ਤੋਂ ਜਾਣੂ ਕਰਵਾਣ।
ਪੇਸ਼ ਕਰਤਾ:—
ਪ੍ਰੋੜ੍ਹਤਾ ਕਰਤਾ:—
੨੩.੨.੭੭
੨੩.੨.੭੭
੧੪-੨-੭੭

# ਨਾਂਦੇੜ ਸਾਹਿਬ ਦੇ ਗੁਰਦੁਆਰਾ ਸਾਹਿਬਾਨ ਦਾ ਇਤਿਹਾਸਿਕ ਅਧਿਐਨ

*-ਸ. ਜਗਰਾਜ ਸਿੰਘ**

*ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥*
*ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥*[੧]

ਧਰਤੀ ਉੱਤੇ ਜਿੱਥੇ ਜਿੱਥੇ ਵੀ ਗੁਰੂ ਸਾਹਿਬਾਨ ਜੀ ਨਿਵਾਸ ਕਰਦੇ ਰਹੇ ਸਨ, ਉਹ ਸਥਾਨ ਸੋਹਾਵਣੇ ਅਤੇ ਸਿੱਖ ਧਰਮ ਦੇ ਸੋਮੇ ਬਣੇ। ਹਰੇਕ ਗੁਰਸਿੱਖ ਦੀ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਧੂੜ ਨੂੰ ਮੱਥੇ 'ਤੇ ਲਾਉਣ ਦੀ ਤਾਂਘ ਰਹਿੰਦੀ ਹੈ। ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਤਿਹਾਸ ਸਾਡਾ ਸਰਵੋਤਮ ਵਿਰਸਾ ਹੈ, ਜਿਸ ਦੀਆਂ ਪੈੜਾਂ ਉੱਤੇ ਅਸੀਂ ਆਪਣੇ ਜੀਵਨ ਨੂੰ ਸਹੀ ਸੇਧ ਦੇਣੀ ਹੈ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸ ਵੀ ਸਾਨੂੰ ਉੱਥੋਂ ਦੇ ਰਾਜਸੀ ਅਤੇ ਧਾਰਮਿਕ ਹਾਲਾਤਾਂ ਦਾ ਅਨੁਭਵ ਕਰਾਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਜੋ ਇਤਿਹਾਸਿਕ ਪ੍ਰਸੰਗ ਰਚਿਆ, ਉਸ ਨੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ।[੨] ਨਾਂਦੇੜ ਸਾਹਿਬ ਤੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ੁਲਮ ਦਾ ਨਾਸ਼ ਕਰਨ ਲਈ ਪੰਜਾਬ ਵੱਲ ਤੋਰਿਆ। ਨਾਂਦੇੜ ਸਾਹਿਬ ਵਿਖੇ ਗੁਰੂ ਜੀ ਯਾਦ ਵਿਚ ਸੁਸ਼ੋਭਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸਿਕ ਵਰਣਨ ਇਸ ਤਰ੍ਹਾਂ ਹੈ:-

**ਗੁਰਦੁਆਰਾ ਦਮਦਮਾ ਸਾਹਿਬ (ਬਸਮਤ ਨਗਰ)**

ਗੁਰਦੁਆਰਾ ਦਮਦਮਾ ਸਾਹਿਬ (ਬਸਮਤ ਨਗਰ) ਦਾ ਪ੍ਰਬੰਧ ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਅਧੀਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੱਖਣ ਦੀ ਯਾਤਰਾ ਵੇਲੇ ਆਗਰਾ, ਉਜੈਨ, ਬੁਰਹਾਨਪੁਰ, ਨਾਗਪੁਰ, ਬਾਲਾਪੁਰ, ਅਮਰਾਵਤੀ ਅਤੇ ਹਿੰਗੋਲੀ ਦੇ ਰਸਤੇ ਸੰਗਤ ਨੂੰ ਤਾਰਦੇ ਹੋਏ, ਸੰਨ ੧੭੦੮ ਵਿਚ ਬਸਮਤ ਨਗਰ ਪਹੁੰਚੇ। ਬੁਰਹਾਨਪੁਰ ਦੇ ਪੜਾਅ ਬਾਰੇ ਕਵੀ ਸੈਨਾਪਤਿ ਜ਼ਿਕਰ ਕਰਦੇ ਹਨ:

*ਇਹੈ ਹੋਇ ਬੀਤੀ ਤਹਾ ਕੇਤੇ ਦਿਵਸ ਬਿਹਾਇ॥*
*ਬੁਰਹਾਨੰ ਪੁਰ ਜਾਇ ਕੈ ਬਸੈ ਧਾਮ ਮੈ ਧਾਇ॥੨੯॥੭੬੫॥*[੩]

ਬਸਮਤ ਨਗਰ ਵਿਚ ਗੁਰੂ ਸਾਹਿਬ ਨੇ ਇਕ ਖੁੱਲੀ ਇਕਾਂਤ ਅਤੇ ਸੁੰਦਰ ਥਾਂ

* *ਖੋਜਾਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ. ੭੫੮੯੪੬੭੨੦੪*

ਵੇਖ ਕੇ ਡੇਰਾ ਕੀਤਾ ਤੇ ਤੰਬੂ ਲਾ ਦਿੱਤੇ। ਇਸ ਅਸਥਾਨ ਉਪਰ ਗੁਰੂ ਸਾਹਿਬ ਨੇ ਅੱਠ ਦਿਨ ਵਿਸ਼ਰਾਮ ਕੀਤਾ। ਸੰਗਤ ਬਸਮਤ ਨਗਰ ਦੇ ਪੜਾਅ ਬਾਰੇ ਸੁਣ ਕੇ ਦੂਰੋਂ ਦੂਰੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੀ ਅਤੇ ਖੁਸ਼ੀਆਂ ਪ੍ਰਾਪਤ ਕਰਦੀ। ਬਸਮਤ ਨਗਰ ਦੇ ਪੜਾਅ ਬਾਰੇ ਭਾਈ ਸੰਤੋਖ ਸਿੰਘ ਜ਼ਿਕਰ ਕਰਦੇ ਹਨ:

*ਬਿਸਮਤਿ ਨਗਰ ਬਿਲੋਕਿ ਬਿਸਾਲਾ। ਤਿਸ ਕੇ ਨਿਕਟ ਸਿਵਰ ਕੋ ਘਾਲਾ।*
*ਆਠ ਦਿਵਸ ਤਹਿਂ ਕੀਨ ਮੁਕਾਮੂ। ਸੰਗਤਿ ਗੁਰ ਕੋ ਪਿਖਹਿ ਤਮਾਮੂ॥੧੨॥*[੪]

ਇਹ ਇਤਿਹਾਸਿਕ ਅਸਥਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਲਗਪਗ ੩੦ ਕਿਲੋਮੀਟਰ ਦੀ ਦੂਰੀ 'ਤੇ ਮਹਾਰਾਸ਼ਟਰ ਦੇ ਜ਼ਿਲ੍ਹਾ ਹਿੰਗੋਲੀ ਦੇ ਬਸਮਤ ਨਗਰ ਵਿਚ ਸੁਸ਼ੋਭਿਤ ਹੈ। ਇਸ ਅਸਥਾਨ ਦੇ ਪੜਾਅ ਤੋਂ ਬਾਅਦ ਗੁਰੂ ਸਾਹਿਬ ਨੇ ਨਾਂਦੇੜ ਲਈ ਕੂਚ ਕੀਤਾ ਜਿੱਥੇ ਅੱਜ ਤਖ਼ਤ ਸ੍ਰੀ ਹਜ਼ੂਰ ਸਾਹਿਬ ਸੋਭਾ ਪਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਬਸਮਤ ਨਗਰ ਵਿਖੇ 'ਗੁਰਦੁਆਰਾ ਦਮਦਮਾ ਸਾਹਿਬ' ਦਾ ਪਵਿੱਤਰ ਅਸਥਾਨ ਬਣਿਆ ਹੋਇਆ ਹੈ।

**ਗੁਰਦੁਆਰਾ ਹੀਰਾ ਘਾਟ ਸਾਹਿਬ (ਨਾਂਦੇੜ)**

ਗੁਰਦੁਆਰਾ ਹੀਰਾ ਘਾਟ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਸਮਤ ਨਗਰ ਤੋਂ ਬਾਅਦ ਨਾਂਦੇੜ ਦੇ ਬਾਹਮਣਵਾੜਾ ਪਿੰਡ ਗੋਦਾਵਰੀ ਨਦੀ ਦੇ ਕੰਢੇ ਉੱਪਰ ਆ ਕੇ ਡੇਰੇ ਲਾਏ ਅਤੇ ਨਾਮ-ਬਾਣੀ, ਕੀਰਤਨ ਦਾ ਪ੍ਰਵਾਹ ਚਲਾਇਆ। ਇਹ ਅਸਥਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ੧੨ ਕਿਲੋਮੀਟਰ ਦੀ ਦੂਰੀ 'ਤੇ ਨਾਂਦੇੜ ਤੋਂ ਮੁਗਟ ਰੋਡ ਦੇ ਉੱਪਰ ਗੋਦਾਵਰੀ ਨਦੀ ਦੇ ਕਿਨਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਸੁਸ਼ੋਭਿਤ ਹੈ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਇਸ ਅਸਥਾਨ ਉਪਰ ਇੱਕ ਦਿਨ ਗੁਰੂ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਣ ਸਮੇਂ ਸਤਿਕਾਰ ਵਜੋਂ ਇਕ ਕੀਮਤੀ ਹੀਰਾ ਗੁਰੂ ਜੀ ਨੂੰ ਭੇਟ ਕੀਤਾ। ਗੁਰੂ ਸਾਹਿਬ ਨੇ ਬਾਦਸ਼ਾਹ ਦੇ ਮਨ ਦੀ ਅਵਸਥਾ ਜਾਣ ਕੇ, ਇਹ ਹੀਰਾ ਸਾਹਮਣੇ ਵਗ ਰਹੀ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ। ਜਿਸਦਾ ਗਿਆਨੀ ਗਿਆਨ ਸਿੰਘ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

*ਤਬ ਗੁਰ ਢਿਗ ਸ਼ਾਹਿ ਬਹਾਦੁਰ। ਕਰ ਜੋਰ ਬੋਲਿਓ ਸਾਦਰ।*
*ਹੇ ਗੁਰ ਇਹੁ ਨੀਕੋ ਹੀਰਾ। ਕਿਸ ਕਾਰਣ ਗੇਰਯੋ ਨੀਰਾ।*[੫]

ਇਹ ਸਾਰਾ ਕੁਝ ਵੇਖ ਕੇ ਬਹਾਦਰ ਸ਼ਾਹ ਬਹੁਤ ਹੈਰਾਨ ਹੋਇਆ। ਗੁਰੂ ਜੀ ਨੇ ਬਹਾਦਰ ਸ਼ਾਹ ਦੀ ਪਰੇਸ਼ਾਨੀ ਜਾਣ ਕੇ, ਉਸ ਨੂੰ ਕਿਹਾ ਤੁਹਾਡਾ ਹੀਰਾ ਨਦੀ ਵਿੱਚੋਂ ਕੱਢ ਕੇ ਲਿਆਉ। ਜਦੋਂ ਬਹਾਦਰ ਸ਼ਾਹ ਨੇ ਨਿਗ੍ਹਾ ਮਾਰੀ ਤਾਂ ਨਦੀ ਵਿਚ ਉਸਨੂੰ ਕਈ ਤਰ੍ਹਾਂ ਦੇ ਬੇਅੰਤ ਬੇਸ਼ਕੀਮਤੀ ਹੀਰੇ ਜਵਾਹਰਾਤ ਨਜ਼ਰੀਂ ਪਏ:

*ਤਹਿ ਭਾਂਤ ਅਨੇਕ ਜਵਾਹਰ। ਆਨੰਦ ਅਮੋਲਕ ਜਾਹਰ।*

*ਹੋਯੋ ਪਿਖ ਅਧਕ ਹਿਰਾਨਾ। ਗੁਰ ਪਗ ਪਰ ਬੰਦਨ ਠਾਂਨਾ।*
*ਤਿਸ ਜਾਗਾ ਕਾ ਅਬ ਨਾਂਮੂ। ਕਹਿ ਹੀਰਾ ਘਾਟ ਤਮਾਮੂ।*[੬]

ਇਹ ਕੌਤਕ ਵੇਖ ਕੇ ਬਹਾਦਰ ਸ਼ਾਹ ਬਹੁਤ ਹੈਰਾਨ ਹੋਇਆ ਤੇ ਵਾਪਸ ਆ ਕੇ ਗੁਰੂ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਭੁੱਲ ਬਖ਼ਸ਼ਾਈ ਅਤੇ ਉਸ ਦਾ ਹੰਕਾਰ ਨਵਿਰਤ ਹੋਇਆ। ਜਿਸ ਕਾਰਨ ਇਸ ਅਸਥਾਨ ਦਾ ਨਾਮ 'ਹੀਰਾ ਘਾਟ ਸਾਹਿਬ' ਹੈ।

**ਗੁਰਦੁਆਰਾ ਸ਼ਿਕਾਰ ਘਾਟ ਸਾਹਿਬ**

ਗੁਰਦੁਆਰਾ ਸ਼ਿਕਾਰ ਘਾਟ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ੧੨ ਕਿਲੋਮੀਟਰ ਦੀ ਦੂਰੀ 'ਤੇ ਨਾਂਦੇੜ ਤੋਂ ਸ਼ਿਕਾਰ ਘਾਟ ਰੋਡ ਉੱਪਰ ਗੋਦਾਵਰੀ ਨਦੀ ਦੇ ਕੰਢੇ ਤੋਂ ਥੋੜਾ ਪਿਛੇ ਹਟ ਕੇ, ਇਕ ਪਹਾੜੀ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਸੁਭਾਇਮਾਨ ਹੈ। ਇਸ ਇਤਿਹਾਸਿਕ ਅਸਥਾਨ ਦਾ ਸਾਰਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ, ਉਨ੍ਹਾਂ ਦਾ ਇਕ ਅਨਿਨ ਸੇਵਕ ਭਾਈ ਮੂਲਾ ਖੱਤਰੀ ਜੀ ਨਿਵਾਸੀ ਸਿਆਲਕੋਟ (ਪਾਕਿਸਤਾਨ), ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਤੋਂ ਬੇਮੁਖ ਹੋ ਗਿਆ ਅਤੇ ਆਪਣੇ ਹੀ ਘਰ ਵਿਚ ਸੱਪ ਲੜ ਕੇ ਮਰ ਗਿਆ ਸੀ:

*ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥*
*ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥੨੧॥*[੭]

ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਚਨ ਕੀਤਾ ਸੀ ਕਿ ਇਸਦਾ ਉੱਧਾਰ ਅਸੀਂ ਆਪਣੇ ਦਸਵੇਂ ਜਾਮੇ ਵਿਚ ਆ ਕੇ ਕਰਾਂਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਨਾਂਦੇੜ ਸਾਹਿਬ ਆਏ ਹੋਏ ਸੀ, ਤਾਂ ਇਕ ਦਿਨ ਇਸ ਅਸਥਾਨ ਉੱਪਰ ਆ ਕੇ ਸ਼ਿਕਾਰ ਖੇਡ ਰਹੇ ਸਨ। ਇੱਥੇ ਇਕ ਸਹੇ (ਖਰਗੋਸ਼) ਦਾ ਸ਼ਿਕਾਰ ਕਰ ਕੇ ਦਸਮੇਸ਼ ਪਿਤਾ ਨੇ ਆਪਣੇ ਪਵਿੱਤਰ ਬਚਨ ਪੂਰੇ ਕੀਤੇ ਸੀ। ਸਿੱਖਾਂ ਵੱਲੋਂ ਪੁੱਛਣ 'ਤੇ ਗੁਰੂ ਜੀ ਨੇ ਦੱਸਿਆ ਕਿ ਉਨ੍ਹਾਂ ਨੇ ੮੪ ਲੱਖ ਜੂਨਾਂ ਵਿਚ ਪਏ, ਸਹੇ ਦੀ ਜੂਨ ਭੋਗ ਰਹੇ ਭਾਈ ਮੂਲਾ ਖੱਤਰੀ, ਜੋ ਸਿਆਲਕੋਟ ਦਾ ਰਹਿਣ ਵਾਲਾ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਤੋਂ ਬੇਮੁਖ ਹੋ ਗਿਆ ਸੀ, ਦਾ ਉੱਧਾਰ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਸਰ ਇਸ ਅਸਥਾਨ ਉੱਪਰ ਸ਼ਿਕਾਰ ਖੇਡਣ ਤੋਂ ਬਾਅਦ ਆਰਾਮ ਕਰਿਆ ਕਰਦੇ ਸਨ। ਸ਼ਿਕਾਰ ਕਰਨ 'ਤੇ ਇਸ ਅਸਥਾਨ ਦਾ ਨਾਂ 'ਗੁਰਦੁਆਰਾ ਸ਼ਿਕਾਰ ਘਾਟ ਸਾਹਿਬ' ਕਰਕੇ ਪ੍ਰਸਿੱਧ ਹੋਇਆ। ਇਸ ਦੀ ਨਵੀਂ ਇਮਾਰਤ ਬਾਬਾ ਜੀਵਨ ਸਿੰਘ ਅਤੇ ਬਾਬਾ ਦਲੀਪ ਸਿੰਘ ਨੇ ਸੰਨ ੧੯੭੧ ਈ. ਵਿਚ ਮੁਕੰਮਲ ਕਰਵਾਈ ਸੀ।[੮]

**ਗੁਰਦੁਆਰਾ ਮਾਤਾ ਸਾਹਿਬ ਕੌਰ**

ਗੁਰਦੁਆਰਾ ਮਾਤਾ ਸਾਹਿਬ ਕੌਰ ਦਾ ਪ੍ਰਬੰਧ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ

ਚਲਦਾ ਵਹੀਰ ਚੱਕਰਵਰਤੀ ਪੰਜਾਬ (ਹਿੰਦੁਸਤਾਨ) ੯੬ ਕਰੋੜੀ ਜਥੇਦਾਰ ਬਾਬਾ ਪ੍ਰੇਮ ਸਿੰਘ ਜੀ ਅਕਾਲੀ ਮੁਖੀ ਬੁੱਢਾ ਦਲ ਦੇ ਅਧੀਨ ਹੈ। ਇਹ ਪਵਿੱਤਰ ਅਸਥਾਨ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਤੋਂ ੧੪ ਕਿਲੋਮੀਟਰ ਦੂਰੀ 'ਤੇ ਨਾਂਦੇੜ ਤੋਂ ਮੁਗਟ ਰੋਡ ਉੱਤੇ ਗੋਦਾਵਰੀ ਨਦੀ ਦੇ ਕਿਨਾਰੇ ਤੇ ਸੁਸ਼ੋਭਿਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਦੋਂ ਬਾਹਮਣਵਾੜੇ (ਹੀਰਾ ਘਾਟ) ਦੇ ਅਸਥਾਨ 'ਤੇ ਪੜਾਅ ਕੀਤਾ ਤਾਂ ਕੁਝ ਦੂਰੀ 'ਤੇ ਖਾਲਸੇ ਦੀ ਮਾਤਾ ਸਾਹਿਬ ਕੌਰ ਲਈ ਤੰਬੂ ਲਗਵਾ ਕੇ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਇੱਥੇ ਮਾਤਾ ਜੀ ਨੇ ਗੁਰੂ ਜੀ ਨਾਲ ਆ ਕੇ ਕੁਝ ਸਮੇਂ ਲਈ ਨਿਵਾਸ ਕੀਤਾ ਸੀ ਅਤੇ 'ਗੁਰੂ ਕਾ ਲੰਗਰ' ਦੀ ਵਿਵਸਥਾ ਕੀਤੀ ਸੀ।[੯] ਇਹ ਮਾਤਾ ਜੀ ਦਾ ਤਪ ਅਸਥਾਨ ਹੈ। ਸਾਹਿਬ ਕੌਰ ਮਾਤਾ ਰੋਹਤਾਸ ਨਿਵਾਸੀ ਭਾਈ ਰਾਮੂ ਬਸੀ ਖਤ੍ਰੀ ਦੀ ਸਪੁਤ੍ਰੀ, ਜਿਸ ਦਾ ਆਨੰਦ ੧੮ ਵੈਸਾਖ ਸੰਮਤ ੧੭੫੭ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਕਲਗੀਧਰ ਨੇ ਇਸੇ ਦੀ ਗੋਦੀ ਪੰਥ ਖਾਲਸਾ ਪਾਇਆ ਹੈ।[੧੦]

ਇਸ ਅਸਥਾਨ ਉੱਪਰ ਸੰਗਤ ਅਤੇ ਗੁਰੂ ਜੀ ਲਈ ਲੰਗਰ ਤਿਆਰ ਹੁੰਦਾ ਸੀ। ਮਾਤਾ ਸਾਹਿਬ ਕੌਰ ਦਾ ਇਹ ਨੇਮ ਸੀ ਕਿ ਆਪ ਸਦਾ ਹੀ ਪਤੀ-ਪ੍ਰਮੇਸ਼ਵਰ ਦੇ ਦਰਸ਼ਨ ਕਰ ਕੇ ਭੋਜਨ ਛਕਦੇ ਸੀ। ਗੁਰੂ ਸਾਹਿਬ ਵੀ ਨਾਂਦੇੜ ਰਹਿੰਦੇ ਹੋਏ ਆਪ ਇੱਥੇ ਆ ਕੇ ਲੰਗਰ ਛਕਿਆ ਕਰਦੇ ਸੀ। ਗੁਰੂ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ ਸਾਹਿਬ ਤੋਂ ਮਾਤਾ ਸਾਹਿਬ ਕੌਰ ਨੂੰ ਆਪਣੇ ਨਿੱਜੀ ਪੰਜ ਸ਼ਸਤਰ ਦੇ ਕੇ ਭਾਈ ਮਨੀ ਸਿੰਘ ਤੇ ਹੋਰ ਸਿੰਘਾਂ ਸਮੇਤ ਵਾਪਿਸ ਦਿੱਲੀ ਮਾਤਾ ਸੁੰਦਰੀ ਜੀ ਕੋਲ ਭੇਜ ਦਿੱਤਾ ਸੀ। ਮਾਤਾ ਸਾਹਿਬ ਕੌਰ ਗੁਰੂ ਜੀ ਤੋਂ ਆਗਿਆ ਲੈ ਕੇ ਦਿੱਲੀ ਆ ਗਏ ਸੀ। ਦਿੱਲੀ ਵਿਚ ਹੀ ਮਾਤਾ ਸਾਹਿਬ ਕੌਰ ਜੀ ਨੇ ਆਪਣਾ ਸਰੀਰ ਤਿਆਗਿਆ ਸੀ। ਗੁਰਦੁਆਰਾ ਮਾਤਾ ਸਾਹਿਬ ਕੌਰ, ਨਾਂਦੇੜ ਵਿਚ ਲੰਗਰ ਦੀ ਪ੍ਰਥਾ ਅੱਜ ਵੀ ਉਸੇ ਤਰ੍ਹਾਂ ਚੱਲੀ ਆ ਰਹੀ ਹੈ। ਜਿੱਥੇ ਚੌਵੀ ਘੰਟੇ ਗੁਰੂ ਕਾ ਅਤੁੱਟ ਲੰਗਰ ਚੱਲਦਾ ਰਹਿੰਦਾ ਹੈ।

**ਗੁਰਦੁਆਰਾ ਸੰਗਤ ਸਾਹਿਬ**

ਗੁਰਦੁਆਰਾ ਸੰਗਤ ਸਾਹਿਬ ਦੀ ਵਿਵਸਥਾ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਹ ਇਤਿਹਾਸਿਕ ਅਸਥਾਨ ਤਖ਼ਤ ਹਜ਼ੂਰ ਸਾਹਿਬ ਤੋਂ ਲਗਪਗ ੨ ਕਿਲੋਮੀਟਰ ਦੀ ਦੂਰੀ 'ਤੇ ਨਾਂਦੇੜ ਸ਼ਹਿਰ ਦੇ ਬ੍ਰਹਮਪੁਰੀ ਮੁਹੱਲੇ ਵਿਚ ਗੁਰਦੁਆਰਾ ਰੋਡ, ਉੱਪਰ ਗੋਦਾਵਰੀ ਨਦੀ ਦੇ ਕੰਢੇ 'ਤੇ ਸ਼ੋਭਾ ਪਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜਦੋਂ ਨਾਂਦੇੜ ਸ਼ਹਿਰ ਵਿਚ ਆਏ ਤਾਂ ਸਭ ਤੋਂ ਪਹਿਲਾਂ ਇਸ ਸਥਾਨ 'ਤੇ ਬਿਰਾਜੇ ਸਨ। ਗੁਰਦੁਆਰਾ ਸੰਗਤ ਸਾਹਿਬ ਦੀ ਮਹੱਤਤਾ, ਸੰਗਤ ਦੇ ਜੁੜਨ, ਨਾਮ ਸਿਮਰਨ, ਗੁਰੂ ਜੀ ਦੀ ਕਥਾ-ਵਾਰਤਾ ਤੇ ਕੀਰਤਨ ਨਾਲ ਸੰਬੰਧਿਤ ਹੈ। ਇਸ ਸਥਾਨ ਉੱਤੇ ਗੁਰੂ ਸਾਹਿਬ ਨਾਲ ਪੰਜਾਬ ਤੋਂ ਆਈ ਫੌਜ ਨੇ ਵਾਪਸ ਪੰਜਾਬ ਮੁੜਨ ਤੋਂ ਪਹਿਲਾਂ ਤਨਖ਼ਾਹਾਂ ਦੀ ਮੰਗ ਕੀਤੀ ਸੀ। ਦਸਮ ਗੁਰੂ ਜੀ ਨੇ ਗੁਰਦੁਆਰਾ

ਮਾਲਟੇਕਰੀ ਤੋਂ ਕੱਢੇ ਹੋਏ ਧਨ ਨੂੰ ਆਪਣੇ ਸਿਪਾਹੀਆਂ ਵਿਚ ਤਨਖ਼ਾਹ ਵਜੋਂ ਇੱਥੇ ਹੀ ਵੰਡਿਆ ਸੀ।[੧੧] ਗੁਰੂ ਸਾਹਿਬ ਨੇ ਆਪਣੀ ਅਤੇ ਬਹਾਦਰ ਸ਼ਾਹ ਦੀ ਫੌਜ ਨੂੰ ਢਾਲਾਂ ਭਰ-ਭਰ ਕੇ ਸੋਨੇ ਦੀਆਂ ਮੋਹਰਾਂ ਵੰਡੀਆਂ ਸਨ ਅਤੇ ਸੰਗਤ ਨੂੰ ਉਪਦੇਸ਼ ਸੁਣਾਇਆ ਸੀ ਕਿ ਸਾਰੇ ਸੁੱਖ ਧਨ ਇਕੱਠਾ ਕਰਨ ਵਿਚ ਨਹੀਂ ਸਗੋਂ ਲੋੜ ਪੈਣ 'ਤੇ ਵੰਡ ਕੇ ਵਰਤਣ ਵਿਚ ਹਨ:

*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥੩॥*[੧੨]

ਗੁਰੂ ਜੀ ਦੀ ਛੋਹ ਪ੍ਰਾਪਤ ਪਾਵਨ ਇਤਿਹਾਸਿਕ ਢਾਲ ਅੱਜ ਵੀ ਗੁਰਦੁਆਰਾ ਸੰਗਤ ਸਾਹਿਬ ਵਿਖੇ ਸੰਭਾਲੀ ਹੋਈ ਹੈ ਅਤੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

**ਗੁਰਦੁਆਰਾ ਮਾਲਟੇਕੜੀ ਸਾਹਿਬ**

ਗੁਰਦੁਆਰਾ ਮਾਲਟੇਕੜੀ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ੫ ਕਿਲੋਮੀਟਰ ਦੂਰੀ 'ਤੇ ਮਾਲਟੇਕੜੀ ਰੋਡ, ਨਾਂਦੇੜ ਉੱਪਰ ਸੁਸ਼ੋਭਿਤ ਹੈ। ਇਸ ਅਸਥਾਨ ਦਾ ਸਾਰਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਜੀ ਉਦਾਸੀ ਦੌਰਾਨ ਬਿਦਰ (ਕਰਨਾਟਕ) ਨੂੰ ਜਾਣ ਸਮੇਂ ਨਾਂਦੇੜ ਵਿਚ ਇਸ ਮਾਲਟੇਕੜੀ ਵਾਲੀ ਥਾਂ ਉੱਤੇ ਡੇਰਾ ਲਾ ਕੇ ਸੰਗਤ ਕਾਇਮ ਕੀਤੀ ਸੀ। ਇਹ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਗੁਪਤ ਖ਼ਜ਼ਾਨੇ ਦੀ ਥਾਂ ਹੈ। ਸਰਕਾਰੀ ਰਿਕਾਰਡਾਂ ਵਿਚ ਇਸ ਨੂੰ 'ਚਕਰੀ ਮਾਲ' ਅਤੇ 'ਮਾਲ ਟਿਲਾ' ਵੀ ਲਿਖਿਆ ਹੋਇਆ ਹੈ।[੧੩] ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਅਸਥਾਨ ਤੋਂ ਪੁਰਾਣਾ ਖ਼ਜ਼ਾਨਾ ਕਢਵਾ ਕੇ ਗੁਰਦੁਆਰਾ ਸੰਗਤ ਸਾਹਿਬ ਦੇ ਅਸਥਾਨ ਤੇ ਸਿੱਖ ਸੈਨਾਵਾਂ ਅਤੇ ਸ਼ਾਹੀ ਸੈਨਾਵਾਂ ਵਿਚ ਢਾਲਾਂ ਭਰ ਕੇ ਵੰਡਿਆ ਸੀ ਅਤੇ ਬਾਕੀ ਬਚਿਆ ਖ਼ਜ਼ਾਨਾ ਵਾਪਸ ਮਾਲਟੇਕੜੀ ਵਾਲੇ ਅਸਥਾਨ 'ਤੇ ਗੁਪਤ ਰਖਵਾ ਕੇ ਬਚਨ ਕੀਤਾ ਸੀ ਕਿ ਜਦੋਂ ਖਾਲਸੇ ਦੀ ਗਿਣਤੀ ਛਿਆਨਵੇਂ ਕਰੋੜ ਹੋ ਜਾਵੇਗੀ ਤਾਂ ਇਸ ਗੁਪਤ ਰੱਖੇ ਹੋਏ ਖ਼ਜ਼ਾਨੇ ਤੋਂ ਅਤੁੱਟ ਲੰਗਰ ਵਰਤੇਗਾ। ਨਾਂਦੇੜ ਵਿਖੇ ਇਹ ਰਵਾਇਤ ਵੀ ਪ੍ਰਚਲਤ ਹੈ ਕਿ ਇੱਥੇ ਗੁਰੂ ਛੇਵੇਂ ਪਾਤਸ਼ਾਹ ਵੱਲੋਂ ਭੇਜਿਆ ਗਿਆ ਇਕ ਲੱਕੜਸ਼ਾਹ ਫ਼ਕੀਰ ਸਿੱਖ ਧਰਮ ਦਾ ਪ੍ਰਚਾਰ ਕਰਦਾ ਸੀ।[੧੪] ਇਹ ਫ਼ਕੀਰ ਛੇਵੇਂ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਜੀ ਤਕ ਇਸ ਖ਼ਜ਼ਾਨੇ ਦੀ ਦੇਖਭਾਲ ਕਰਦਾ ਰਿਹਾ ਸੀ। ਸੰਨ ੧੯੨੯ ਵਿਚ ਮੁਸਲਮਾਨਾਂ ਨੇ ਇਸ ਅਸਥਾਨ ਉਪਰ ਇਕ ਮੁਰਦਾ (ਲਾਸ਼) ਦਫਨਾ ਕੇ, ਇਸ ਥਾਂ ਨੂੰ ਕਬਰਸਤਾਨ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। ਸਿੱਖਾਂ ਅਤੇ ਮੁਸਲਮਾਨਾਂ ਦਾ ਇਹ ਮੁਕੱਦਮਾ ਸਰਕਾਰ ਤਕ ਪਹੁੰਚ ਗਿਆ ਸੀ। ਇਸਦੇ ਆਖਰੀ ਫੈਸਲੇ ਲਈ ਨਜ਼ਾਮ ਸਰਕਾਰ ਦੀ ਇੰਨਸਾਫ਼ੀਆ ਪਾਲਸੀ ਕਰਕੇ ਕਲਕੱਤੇ ਤੋਂ ਸਰ. H. Coming ਸਾਹਿਬ ਜੱਜ ਹਾਈ ਕੋਰਟ, ਹੈਦਰਾਬਾਦ ਪੁੱਜੇ।[੧੫] ਆਖਰ ਵਿਚ ਫੈਸਲਾ ਖਾਲਸਾ ਪੰਥ ਦੇ ਹੱਕ ਵਿਚ

ਆਇਆ ਅਤੇ ਸਰਕਾਰੀ ਹੁਕਮ ਨਾਲ ਮੁਰਦਾ ਜ਼ਮੀਨ ਵਿੱਚੋਂ ਕੱਢਵਾ ਦਿੱਤਾ ਸੀ।

**ਗੁਰਦੁਆਰਾ ਬੰਦਾ ਘਾਟ ਸਾਹਿਬ**

ਗੁਰਦੁਆਰਾ ਬੰਦਾ ਘਾਟ ਸਾਹਿਬ ਦੀ ਸਾਰੀ ਵਿਵਸਥਾ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਹ ਇਤਿਹਾਸਿਕ ਅਸਥਾਨ ਤਖ਼ਤ ਸੱਚਖੰਡ ਸਾਹਿਬ ਤੋਂ ਲਗਪਗ ੧ ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਦੇ ਨਜ਼ਦੀਕ ਗੋਦਾਵਰੀ ਨਦੀ ਦੇ ਕੰਢੇ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਸੁਸ਼ੋਭਿਤ ਹੈ। ਬਚਪਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਉਂ ਲਛਮਨ ਦੇਵ ਸੀ। ਇਸ ਦਾ ਜਨਮ ਸੰਨ ੧੬੭੦ ਨੂੰ ਪੁਣਛ (ਕਸ਼ਮੀਰ) ਦੇ ਪਿੰਡ ਰਾਜੋਰੀ ਵਿਚ ਹੋਇਆ।[੧੬] ਇਕ ਵਾਰੀ ਲਛਮਨ ਦੇਵ ਨੇ ਗਰਭਵਤੀ ਹਿਰਨੀ ਦਾ ਸ਼ਿਕਾਰ ਕਰ ਦਿੱਤਾ ਸੀ। ਇਸ ਦਰਦਨਾਕ ਘਟਨਾ ਨੇ ਲਛਮਨ ਦੇਵ ਦਾ ਜੀਵਨ ਹੀ ਪਲਟ ਦਿੱਤਾ ਅਤੇ ਉਹ ਲਛਮਨ ਦੇਵ ਤੋਂ ਮਾਧੋ ਦਾਸ ਵੈਰਾਗੀ ਬਣ ਗਿਆ। ਘਰ-ਬਾਰ ਤਿਆਗ ਦੱਖਣ ਵਿਚ ਪੰਚਵਟੀ, ਨਾਸਿਕ ਆਦਿ ਸਥਾਨਾਂ ਤੋਂ ਘੁੰਮਦਾ ਹੋਇਆ ਅਖ਼ੀਰ ਨਾਂਦੇੜ ਸ਼ਹਿਰ ਦੇ ਬਾਹਰ ਗੋਦਾਵਰੀ ਨਦੀ ਦੇ ਕੰਢੇ ਡੇਰਾ ਲਾ ਕੇ ਰਹਿਣ ਲੱਗਿਆ ਅਤੇ ਰਿਧੀਆਂ ਸਿਧੀਆਂ ਨਾਲ ਲੋਕਾਂ ਤੇ ਸਾਧੂ ਸੰਤਾਂ ਨੂੰ ਭਰਮਾਉਣ ਲੱਗਾ। ਅੰਤ ਸੰਮਤ ੧੭੬੫ ਬਿਕ੍ਰਮੀ (ਸੰਨ ੧੭੦੮ ਈ.) ਇਕ ਸ਼ਸਤਰ-ਧਾਰੀ ਘੋੜ-ਚੜ੍ਹੇ ਸੰਤ-ਸਿਪਾਹੀ ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਥੇ ਆ ਪੁੱਜੇ[੧੭] ਅਤੇ ਉਸ ਦੇ ਪਲੰਘ ਉੱਪਰ ਜਾ ਬੈਠੇ। ਮਾਧੋ ਦਾਸ ਨੇ ਆਪਣੀ ਸਕਤੀ ਦੇ ਪ੍ਰਭਾਵ ਨਾਲ ਗੁਰੂ ਜੀ ਨੂੰ ਸਮੇਤ ਪਲੰਘ ਉਲਟਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ, ਪਰ ਅੰਤ ਵਿਚ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸਿਰ ਝੁਕਾ ਦਿੱਤਾ। ਜਿਸਦਾ ਗਿਆਨੀ ਗਿਆਨ ਸਿੰਘ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

*ਹਾਥ ਜੋਰ ਬਿਨੈ ਸਾਥ ਪ੍ਰੇਮ ਪਾਥ ਨਾਇ ਮਾਥ ਕਹਯੋ*
*ਮੈਤੋ ਆਪ ਕਾ ਹੂੰ ਬੰਦਾ ਸੁਨ ਲੀਜੀਏ।*[੧੮]

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮਾਧੋ ਦਾਸ ਦੀ ਭੁੱਲ ਬਖਸ਼ ਕੇ, ਉਸ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾਇਆ ਤੇ ਨਾਮ ਬੰਦਾ ਸਿੰਘ ਬਹਾਦਰ ਰੱਖਿਆ। ਇੱਥੋਂ ਹੀ ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ, ਇਕ ਨਗਾਰਾ, ਨਿਸ਼ਾਨ ਸਾਹਿਬ ਬਖਸ਼ ਕੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੰਜਾਬ ਵਿਚ ਜਾਲਮ ਮੁਗ਼ਲਾਂ ਨੂੰ ਸੋਧਣ ਲਈ ਤੋਰਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਖਾਲਸਾ ਰਾਜ ਦਾ ਪਹਿਲਾ ਮੋਢੀ ਸੀ, ਜਿਸਨੇ ਪੰਜਾਬ ਵਿਚ ਖਾਲਸਾ ਰਾਜ ਸਥਾਪਿਤ ਕੀਤਾ ਸੀ। ਮੌਜੂਦਾ ਸਮੇਂ ਗੁਰਦੁਆਰਾ ਬੋਰਡ ਵੱਲੋਂ ਬੰਦਾ ਘਾਟ ਦੇ ਅਸਥਾਨ 'ਤੇ ਸਿੱਖ ਧਰਮ ਦੇ ਪ੍ਰਚਾਰ ਲਈ ਇਕ ਗੁਰਮਤਿ ਸੰਗੀਤ ਵਿਦਿਆਲਾ ਚਲਾਇਆ ਜਾ ਰਿਹਾ ਹੈ। ਜਿਸ ਵਿਚ ਸੈਂਕੜੇ ਵਣਜਾਰਾ, ਲੁਬਾਣਾ ਅਤੇ ਸਿਕਲੀਗਰ ਸਮਾਜ ਦੇ ਬੱਚੇ ਗੁਰਮਤਿ ਦੀ ਵਿੱਦਿਆ

ਪ੍ਰਾਪਤ ਕਰ ਰਹੇ ਹਨ।

## ਗੁਰਦੁਆਰਾ ਨਗੀਨਾ ਘਾਟ ਸਾਹਿਬ

ਗੁਰਦੁਆਰਾ ਨਗੀਨਾ ਘਾਟ ਸਾਹਿਬ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਤਕਰੀਬਨ ੧ ਕਿਲੋਮੀਟਰ ਦੂਰੀ 'ਤੇ ਗੁਰਦੁਆਰਾ ਲੰਗਰ ਸਾਹਿਬ ਦੇ ਨਜ਼ਦੀਕ ਹੀ, ਲੰਗਰ ਸਾਹਿਬ ਰੋਡ ਉੱਪਰ ਗੋਦਾਵਰੀ ਨਦੀ ਦੇ ਕੰਢੇ 'ਤੇ ਬਣਿਆ ਹੋਇਆ ਹੈ। ਇਸ ਇਤਿਹਾਸਿਕ ਗੁਰਦੁਆਰੇ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਗੁਰਦੁਆਰਾ ਹੀਰਾ ਘਾਟ ਸਾਹਿਬ ਅਤੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਦਾ ਇਤਿਹਾਸ ਕਾਫੀ ਹੱਦ ਤਕ ਮੇਲ ਖਾਂਦਾ ਹੈ। ਇਸ ਅਸਥਾਨ ਉੱਪਰ ਵੀ ਗੁਰੂ ਜੀ ਦੇ ਇਕ ਅਤੀ ਸ਼ਰਧਾਲੂ ਵਣਜਾਰੇ ਸਿੱਖ ਕਾਲੂ ਨਾਇਕ ਨੇ ਗੁਰੂ ਸਾਹਿਬ ਨੂੰ ਦਰਸ਼ਨਾਂ ਸਮੇਂ ਸਤਿਕਾਰ ਵਜੋਂ ਇਕ ਨਗੀਨਾ ਭੇਟ ਕੀਤਾ ਸੀ:

*ਏਕ ਸਿੱਖ ਆਯੋ ਤਿਹ ਸਮੇਂ। ਭੇਟ ਨਗੀਨਾ ਧਰਿ ਕਿਯ ਨਮੋਂ।*
*ਅਵਲੋਕਯੋ ਲੇ ਕਰਿ ਨਿਜ ਹਾਥ। ਗੇਰਿ ਗੁਦਾਵਰਿ ਮੈਂ ਦਿਯ ਨਾਥ॥੧੩॥*[੧੯]

ਗੁਰੂ ਸਾਹਿਬ ਨੇ ਇਸ ਵਣਜਾਰੇ ਸਿੱਖ ਨੂੰ ਬ੍ਰਹਮ ਗਿਆਨ ਦੀ ਬਖ਼ਸ਼ਿਸ਼ ਕਰਨ ਲਈ ਭੇਟ ਕੀਤਾ ਨਗੀਨਾ ਨੇੜੇ ਵਗਦੀ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ। ਵਣਜਾਰੇ ਸਿੱਖ ਦੇ ਦੁਖੀ ਹੋਣ ਤੇ ਗੁਰੂ ਜੀ ਨੇ ਉਸਨੂੰ ਗੋਦਾਵਰੀ ਨਦੀ ਵਿਚ ਬੇਅੰਤ ਬਹੁਮੁੱਲੇ ਨਗੀਨਿਆਂ ਤੇ ਹੀਰਿਆਂ ਦੇ ਦਰਸ਼ਨ ਕਰਵਾਏ ਅਤੇ ਗੁਰਮਤਿ ਦੇ ਸਿਧਾਂਤ ਦੀ ਸਹੀ ਪਹਿਚਾਣ ਕਰਵਾ ਕੇ, ਧਰਮ ਦੇ ਅਸਲ ਮਾਰਗ ਉੱਪਰ ਚੱਲਣ ਦਾ ਉਪਦੇਸ਼ ਦਿੱਤਾ। ਇਸੇ ਕਾਰਨ ਇਸ ਅਸਥਾਨ ਦਾ ਨਾਮ 'ਗੁਰਦੁਆਰਾ ਨਗੀਨਾ ਘਾਟ ਸਾਹਿਬ' ਕਰਕੇ ਪ੍ਰਸਿੱਧ ਹੋਇਆ। ਇੱਥੇ ਆ ਕੇ ਅਜੇ ਤਕ ਵਣਜਾਰੇ ਸਿੱਖ ਸੁੱਖਣਾਂ ਸੁਖਦੇ ਤੇ ਪ੍ਰਸਾਦਿ ਚੜ੍ਹਾਂਦੇ ਤੇ ਸ਼ਰਧਾ ਭਗਤੀ ਰੱਖਦੇ ਹਨ।[੨੦]

*ਨਗਰ ਨਦੇੜ ਬਸਤ ਤਟ ਭਾਰੋ। ਕਵਨ ਤਾਹਿ ਛਬਿ ਸਕਤ ਉਚਾਰੋ।*
*ਆਦਿ ਸਤ ਜੁਗ ਕੀ ਇਹ ਪੁਰੀ। ਯਾ ਕੋ ਨਿਰਖ ਅਵਰੁ ਸਭ ਦੁਰੀ। ੫੮।*[੨੧]

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਸਮੇਂ ਦੀ ਪਵਿੱਤਰ ਯਾਦ ਨੂੰ ਤਾਜਾ ਕਰਵਾ ਰਿਹਾ ਹੈ। 'ਮਹਾਨ ਕੋਸ਼' ਅਨੁਸਾਰ, ਨੰਦੇੜ, ਜੀ. ਆਈ. ਪੀ. ਰੇਲਵੇ ਦਾ ਸਫਰ ਮਨਮਾਡ ਜੰਕਸ਼ਨ ਤੋਂ ਨਿਜਾਮ ਸਟੇਟ ਰੇਲਵੇ ਦੇ ਰਸਤੇ ੧੭੨ ਮੀਲ ਹੈ।[੨੨] ਭਾਰਤ ਦਾ ਇਹ ਪੁਰਾਤਨ ਇਤਿਹਾਸਿਕ ਅਤੇ ਧਾਰਮਿਕ ਨਗਰ ਪਹਿਲਾਂ ਹੈਦਰਾਬਾਦ ਰਿਆਸਤ ਦਾ ਹਿੱਸਾ ਸੀ। ਸੰਨ ੧੯੫੬ ਵਿਚ ਪ੍ਰਾਂਤਾਂ ਦੀ ਹੋਈ ਨਵੀਂ ਹੱਦ-ਬੰਦੀ ਵਿਚ ਨਾਂਦੇੜ ਸਾਹਿਬ ਨੂੰ ਮਹਾਂਰਾਸ਼ਟਰ ਪ੍ਰਾਂਤ ਵਿਚ ਸ਼ਾਮਲ ਕਰ ਦਿੱਤਾ ਸੀ। ਮਹਾਂਰਾਸ਼ਟਰ ਪ੍ਰਾਂਤ ੧੯੫੬ ਵਿਚ ਬੰਬਈ ਪ੍ਰਾਂਤ ਦੇ ਭਾਸ਼ਾਈ ਪੁਨਰਗਠਨ ਦੇ ਨਤੀਜੇ ਵਜੋਂ ਹੋਂਦ ਵਿਚ ਆਇਆ।[੨੩]

ਹਜ਼ੂਰ ਸਾਹਿਬ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪ ਕੇ ਆਪਣੀ ਸੰਸਾਰ ਯਾਤਰਾ ਪੂਰੀ ਕੀਤੀ ਸੀ। ਨਾਂਦੇੜ ਸਾਹਿਬ ਦੇ ਸਟੇਸ਼ਨ ਤੋਂ ਡੇਢ ਕਿਲੋਮੀਟਰ ਦੂਰੀ 'ਤੇ ਮੌਜੂਦ ਇਹ ਪਵਿੱਤਰ ਅਸਥਾਨ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇਕ ਤਖ਼ਤ ਵਜੋਂ ਸਥਾਪਿਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਅਸਥਾਨ ਉਪਰ ਆਗਮਨ ਵੇਲੇ ਇਸ ਥਾਂ ਦਾ ਮਾਲਕ ਇਕ ਮੁਸਲਮਾਨ ਸੀ। ਦਸਮ ਪਾਤਸ਼ਾਹ ਨੇ ਇਸ ਅਸਥਾਨ ਦੇ ਚਾਰੇ ਪਾਸੇ ਇਕ ਜੋਜਨ ਤਕ ਜਮੀਨ ਮੁੱਲ ਖਰੀਦੀ ਸੀ ਅਤੇ ਉਸ ਮੁਸਲਮਾਨ ਨੂੰ ਇਸ ਥਾਂ ਦੇ ਬਦਲੇ ਮੋਹਰਾਂ ਭੇਟ ਕੀਤੀਆਂ ਸੀ। ਭਾਈ ਸੰਤੋਖ ਸਿੰਘ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੈ:

*ਇਕ ਜੋਜਨ ਲਗਿ ਗੁਰੂ ਸਥਾਨਾ। ਕੋ ਨ ਕਰੈ ਦਾਵਾ ਲਿਹੁ ਜਾਨਾ।*
*ਸਗਰੇ ਨਗਰ ਪ੍ਰਗਟ ਭੀ ਗਾਥਾ। ਭੂਮਿ ਮੋਲ ਲੀਨਸਿ ਗੁਰ ਨਾਥਾ॥੭॥*[੨੪]

ਜਦੋਂ ਦਸਮ ਪਾਤਸ਼ਾਹ ਜੀ ਨਾਂਦੇੜ ਵਿਚ ਰਹਿ ਰਹੇ ਸੀ ਤਾਂ ਇਕ ਦਿਨ ਸਰਹੰਦ ਦੇ ਨਵਾਬ ਵਜੀਰ ਖਾਂ ਵੱਲੋਂ ਗੁਰੂ ਜੀ ਨੂੰ ਕਤਲ ਕਰਨ ਲਈ ਭੇਜੇ ਦੋ ਪਠਾਣਾਂ ਵਿੱਚੋਂ ਇਕ ਨੇ ਮੌਕਾ ਦੇਖ ਕੇ ਗੁਰੂ ਜੀ ਦੀ ਵੱਖੀ ਵਿਚ ਕਟਾਰ ਨਾਲ ਵਾਰ ਕਰ ਦਿੱਤਾ ਸੀ। ਗੁਰੂ ਸਾਹਿਬ ਨੇ ਵੀ ਕਿਰਪਾਨ ਨਾਲ ਉਸ ਨੂੰ ਉੱਥੇ ਹੀ ਚਿਤ ਕਰ ਦਿੱਤਾ ਅਤੇ ਉਸਦੇ ਦੂਜੇ ਸਾਥੀ ਨੂੰ ਸਿੰਘਾਂ ਨੇ ਢੇਰ ਕਰ ਦਿੱਤਾ ਸੀ। ਸ਼ਹਿਰ ਦੇ ਇਕ ਸਿਆਣੇ ਜੱਰਾਹ ਨੇ ਗੁਰੂ ਜੀ ਦੇ ਜ਼ਖ਼ਮ ਨੂੰ ਸਾਫ਼ ਕਰ ਕੇ ਟਾਂਕੇ ਲਗਾ ਦਿੱਤੇ ਸੀ:

*ਯਹ ਬਚ ਸੁਨੇ ਖਲਸਾ ਜਬੈ। ਧੋਆ ਘਾਉ ਨਾਥ ਕਾ ਸਬੈ।*
*ਸੂਈ ਧਾਗਾ ਰੇਸਮ ਮਾਹੀ। ਸੀਤਾ ਜਖਮ ਪ੍ਰਭੂ ਕਾ ਆਹੀ। ੪੬।*[੨੫]

ਕੁਝ ਹੀ ਦਿਨਾਂ ਵਿਚ ਜਖ਼ਮ ਰਾਜ਼ੀ ਹੋ ਗਿਆ। ਇਕ ਦਿਨ ਇਕ ਸਿੱਖ ਦੀ ਭੇਟ ਕੀਤੀ ਕਮਾਨ ਦਾ ਚਿੱਲਾ ਚੜਾਉਂਦਿਆਂ ਜ਼ਖ਼ਮ ਮੁੜ ਖੁਲ੍ਹ ਗਿਆ। ਜਿਸ ਨੂੰ ਮੁੜ ਟਾਂਕੇ ਲਾਉਣ ਤੋਂ ਗੁਰੂ ਸਾਹਿਬ ਨੇ ਸੰਗਤ ਨੂੰ ਵਰਜ ਦਿੱਤਾ ਤੇ ਕਿਹਾ ਹੁਣ ਸਾਡੇ ਸੱਚਖੰਡ ਗਮਨ ਦਾ ਸਮਾਂ ਨੇੜੇ ਆ ਗਿਆ ਹੈ। ਮੌਜੂਦਾ ਸੱਚਖੰਡ ਸਾਹਿਬ ਵਾਲੇ ਪਵਿੱਤਰ ਅਸਥਾਨ ਉੱਤੇ ਆਪ ਨੇ ਤਖ਼ਤ ਸਜਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੰਗਵਾ ਕੇ ਤਖ਼ਤ ਉੱਤੇ ਪ੍ਰਕਾਸ਼ ਕੀਤਾ। ੪ ਅਕਤੂਬਰ, ੧੭੦੮ ਈ. ਨੂੰ ਸੱਚਖੰਡ ਗਮਨ ਤੋਂ ਤਿੰਨ ਦਿਨ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੀ ਧਰਤੀ ਤੇ ਹੀ ਸ੍ਰੀ ਗੁਰੂ ਗੰਥ ਸਾਹਿਬ ਜੀ ਮਹਾਰਾਜ ਨੂੰ ਗੁਰਿਆਈ ਪ੍ਰਦਾਨ ਕੀਤੀ[੨੬] ਅਤੇ ਦੇਹਧਾਰੀ ਗੁਰੂ ਪਰੰਪਰਾ ਸਿੱਖ ਧਰਮ ਵਿੱਚੋਂ ਖਤਮ ਕਰ ਕੇ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸ਼ਬਦ ਗੁਰੂ' ਮੰਨਣ ਦਾ ਹੁਕਮ ਦਿੱਤਾ।

*ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ।*
*ਕਰ ਪ੍ਰਕਰਮਾਂ ਗੁਰੂ ਜੀ ਨਿਜ ਮਾਥ ਝੁਕਾਯੋ।*

*ਗੁਰੂ ਗ੍ਰੰਥ ਕੋ ਗੁਰੁ ਥਾਪਿਓ ਕੁਣਕਾ ਬਟਵਾਯੋ।*
*ਸ੍ਰੀ ਮੁਖ ਤੈ ਸਭ ਸਿਖਨ ਕੋ ਇਮ ਹੁਕਮ ਸੁਣਾਯੋ।*
ਤਥਾ ਹੀ ਸ੍ਰੀ ਮੁਖਵਾਕ ਦੋਹਰਾ
*ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।*
*ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।*
*ਜੋ ਪ੍ਰਭੁ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ।*[੨੭]

ਗੁਰੂ ਸਾਹਿਬ ਨੇ ਸੰਗਤ ਨੂੰ ਹੁਕਮ ਕੀਤਾ ਕਿ ਖਾਲਸਾ ਜੀ ਸਾਡੇ ਤੋਂ ਪਿੱਛੋਂ ਵਿਰਲਾਪ ਨਹੀਂ ਕਰਨਾ, ਹਮੇਸ਼ਾ ਕੀਰਤਨ ਤੇ ਸਤਿਨਾਮ ਦਾ ਜਾਪ ਕਰਨਾ ਹੈ, ਪੂਰਨ ਰਹਿਤ ਵਿਚ ਰਹਿਣਾ ਹੈ, ਗੁਰੂ ਸਦਾ ਤੁਹਾਡੇ ਅੰਗ ਸੰਗ ਹੈ। ੭ ਅਕਤੂਬਰ, ੧੭੦੮ ਈ. ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ ਸਨ।[੨੮] 'ਸ੍ਰੀ ਗੁਰਸੋਭਾ' ਮੁਤਾਬਕ ਇਹ ਸਮਾਂ ੭ ਅਕਤੂਬਰ, ੧੭੦੮ ਈ. ਦਾ ਸੀ:

*ਸੰਮਤ ਸਤ੍ਰਾ ਸੈ ਭਏ ਪੈਂਸਠ ਬਰਖ ਪ੍ਰਮਾਨ।*
*ਕਾਤਕ ਸੁਦ ਭਈ ਪੰਚਮੀ ਨਿਸ ਕਾਰਨ ਕਰਿ ਜਾਨ॥੩੭॥੮੦੨॥*[੨੯]

ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਅੰਗੀਠੇ ਵਾਲੇ ਅਸਥਾਨ ਨੂੰ ਗੁਰੂ ਕੇ ਸਿੰਘਾਂ ਨੇ ਪੱਕਾ ਕਰਵਾਇਆ ਅਤੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਜਿਸ ਥਾਂ ਉੱਤੇ ਗੁਰੂ ਸਾਹਿਬ ਦਾ ਅੰਗੀਠਾ ਤਿਆਰ ਕੀਤਾ ਗਿਆ, ਉੱਥੇ ਹੁਣ ਮੁੱਖ ਗੁਰੂ-ਧਾਮ ਬਣਿਆ ਹੋਇਆ ਹੈ, ਉਸ ਨੂੰ 'ਤਖ਼ਤ ਸਾਹਿਬ' ਵੀ ਕਿਹਾ ਜਾਂਦਾ ਹੈ।[੩੦] ਇਸ ਅਸਥਾਨ ਦੀ ਜਥੇਦਾਰੀ ਸਭ ਤੋਂ ਪਹਿਲਾਂ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੇ ਸਪੁਰਦ ਹੋਈ। ਇਨ੍ਹਾਂ ਤੋਂ ਬਾਅਦ ਭਾਈ ਸੰਤੋਖ ਸਿੰਘ ਨੂੰ ਜਥੇਦਾਰ ਥਾਪਿਆ ਗਿਆ ਸੀ। ਸੰਨ ੧੮੨੩ ਈ. ਦੇ ਨੇੜੇ-ਤੇੜੇ ਗੁਰੂ-ਧਾਮ ਦੀ ਵਿਵਸਥਾ ਹੈਦਰਾਬਾਦ ਰਿਆਸਤ ਦੇ ਦੀਵਾਨ ਰਾਜਾ ਚੰਦੂ ਲਾਲ ਨੇ ਉਦਾਸੀ ਸਾਧਾਂ ਦੇ ਹਵਾਲੇ ਕੀਤੀ ਅਤੇ ੫੨੫ ਏਕੜ ਜ਼ਮੀਨ ਗੁਰਦੁਆਰੇ ਦੇ ਨਾਂ ਲਗਵਾਈ। ਸੰਨ ੧੮੩੨ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ ਮਿਸਤਰੀ ਭੇਜ ਕੇ ਗੁਰੂ-ਧਾਮ ਦੀ ਨਵੀਂ ਇਮਾਰਤ ਉਸਰਵਾਈ।[੩੧] ਨਾਭਾ, ਪਟਿਆਲਾ, ਕਪੂਰਥਲਾ, ਜੀਂਦ, ਤੇ ਫਰੀਦਕੋਟ ਦੇ ਰਾਜਿਆਂ ਨੇ ਵੀ ਇਸ ਅਸਥਾਨ ਦੀ ਸੇਵਾ ਵਿਚ ਪਿਆਰ ਤੇ ਸ਼ਰਧਾ ਦਿਖਾਈ ਸੀ। ਮੌਜੂਦਾ ਸਮੇਂ ਗਿਆਨੀ ਕੁਲਵੰਤ ਸਿੰਘ ਜੀ ਇਸ ਅਸਥਾਨ ਤੇ ਜਥੇਦਾਰੀ ਦੀ ਸੇਵਾ ਸੰਭਾਲ ਰਹੇ ਹਨ।

**ਬੁੰਗਾ ਮਾਤਾ ਭਾਗ ਕੌਰ**

ਬੁੰਗਾ ਮਾਤਾ ਭਾਗ ਕੌਰ ਸੱਚਖੰਡ ਦੇ ਪਰਿਸਰ ਵਿਚ ਹੀ ਦਰਸ਼ਨੀ ਡਿਉਢੀ ਵੱਲੋਂ ਜਾਂਦਿਆਂ, ਤਖ਼ਤ ਸੱਚਖੰਡ ਸਾਹਿਬ ਦੇ ਨਾਲ ਹੀ ਸੱਜੇ ਪਾਸੇ ਮੌਜੂਦ ਹੈ। ਇਸ

ਅਸਥਾਨ ਉੱਪਰ ਮਾਤਾ ਭਾਗ ਕੌਰ ਜੀ ਦੇ ਪੁਰਾਤਨ ਸ਼ਸਤਰ ਸੰਭਾਲੇ ਹੋਏ ਹਨ। ਜਿਨ੍ਹਾਂ ਨਾਲ ਉਹ ਜੰਗ ਕਰਦੇ ਰਹੇ ਸਨ। ਇਨ੍ਹਾਂ ਵਿਚ ਇਕ ਵੱਡੀ ਬੰਦੂਕ, ਇਕ ਤੋਪ ਅਤੇ ਕੁਝ ਹੋਰ ਸ਼ਸਤਰ ਸੰਗਤ ਦੇ ਦਰਸ਼ਨਾਂ ਲਈ ਰੱਖੇ ਹੋਏ ਹਨ। ਮਾਤਾ ਭਾਗ ਕੌਰ ਪੰਜਾਬ ਦੇ ਪਿੰਡ ਝਬਾਲ ਦੇ ਰਹਿਣ ਵਾਲੇ ਸੀ। ਸ੍ਰੀ ਮੁਕਤਸਰ ਦੇ ਜੰਗ ਵਿਚ ਬੜੀ ਬਹਾਦਰੀ ਨਾਲ ਇਨ੍ਹਾਂ ਨੇ ਮੁਗਲਾਂ ਦਾ ਟਾਕਰਾ ਕਰ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਾਥ ਦਿੱਤਾ ਸੀ। ਮਾਤਾ ਭਾਗ ਕੌਰ ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਦੇ ਨਾਲ ਹੀ ਫੌਜ ਵਿਚ ਰਹੇ ਸੀ ਅਤੇ ਦੱਖਣ ਵੱਲ ਜਾਣ ਵੇਲੇ ਵੀ ਨਾਂਦੇੜ ਸਾਹਿਬ ਗੁਰੂ ਜੀ ਨਾਲ ਇੱਥੇ ਹੀ ਆਏ ਸੀ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮਾਤਾ ਭਾਗ ਕੌਰ ਬਿਦਰ ਦੇ ਇਲਾਕੇ ਵਿਚ ਜਨਵਾੜੇ ਦੇ ਆਸ-ਪਾਸ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ ਸੀ। ਪਿੰਡ ਜਨਵਾੜਾ (ਕਰਨਾਟਕਾ) ਵਿਚ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਮਾਤਾ ਭਾਗ ਕੌਰ ਬਣਿਆ ਹੋਇਆ ਹੈ, ਇੱਥੇ ਉਨ੍ਹਾਂ ਨੇ ਅੰਤਿਮ ਸਵਾਸ ਤਿਆਗੇ ਅਤੇ ਉਨ੍ਹਾਂ ਦਾ ਸਸਕਾਰ ਵੀ ਇਥੇ ਹੀ ਹੋਇਆ ਸੀ। ਮਾਤਾ ਭਾਗੋ ਜੀ ਨੇ ਭਾਵੇਂ ਕਿ ਜਨਵਾੜੇ (ਕਰਨਾਟਕਾ) ਸਰੀਰ ਤਿਆਗਿਆ ਪਰ ਉਨ੍ਹਾਂ ਦੇ ਫੁੱਲ ਇੱਥੇ ਨਾਂਦੇੜ ਵਿਚ ਲਿਆਂਦੇ ਗਏ। ਜਿਸ ਥਾਂ ਉਹਨਾਂ ਦਾ ਨਿਵਾਸ ਸੀ।[੩੨] ਨਾਂਦੇੜ ਸਾਹਿਬ ਜਿਸ ਅਸਥਾਨ 'ਤੇ ਮਾਤਾ ਜੀ ਰਹਿੰਦੇ ਸੀ, ਉਸ ਨੂੰ ਬੁੰਗਾ ਮਾਤਾ ਭਾਗੋ ਜੀ ਕਿਹਾ ਜਾਂਦਾ ਹੈ।

## ਅੰਗੀਠਾ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ

ਤਖ਼ਤ ਸੱਚਖੰਡ ਦੇ ਪਰਿਸਰ ਵਿਚ, ਤਖ਼ਤ ਸੱਚਖੰਡ ਸਾਹਿਬ ਦੇ ਬਿਲਕੁਲ ਨਜ਼ਦੀਕ ਹੀ ਸੱਜੇ ਪਾਸੇ ਅੰਗੀਠਾ ਭਾਈ ਦਇਆ ਸਿੰਘ ਅਤੇ ਅੰਗੀਠਾ ਭਾਈ ਧਰਮ ਸਿੰਘ ਦੇ ਅਸਥਾਨ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰਿਆਂ ਵਿੱਚੋਂ ਦੋ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੰਗਾਂ ਯੁੱਧਾਂ ਵਿਚ ਜੂਝਦੇ ਹੋਏ ਆਖਰੀ ਸਮੇਂ ਗੁਰੂ ਸਾਹਿਬ ਜੀ ਨਾਲ ਨਾਂਦੇੜ ਦੀ ਧਰਤੀ 'ਤੇ ਪਹੁੰਚੇ ਸੀ। ਔਰੰਗਜ਼ੇਬ ਨੂੰ ਜ਼ਫ਼ਰਨਾਮਾ ਭੇਜਣ ਲਈ ਗੁਰੂ ਸਾਹਿਬ ਨੇ ਆਪਣੇ ਵਿਸ਼ਵਾਸ ਪਾਤਰ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦੀ ਹੀ ਚੋਣ ਕੀਤੀ ਸੀ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ, ਸਿੱਖ ਧਰਮ ਦਾ ਪ੍ਰਚਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਦੇ ਹੋਏ, ਇਨ੍ਹਾਂ ਨੇ ਵੀ ਨਾਂਦੇੜ ਸਾਹਿਬ ਵਿਚ ਹੀ ਆਪਣੀ ਸੰਸਾਰ ਯਾਤਰਾ ਪੂਰੀ ਕੀਤੀ ਸੀ। ਅੰਗੀਠਾ ਭਾਈ ਦਇਆ ਸਿੰਘ ਅਤੇ ਅੰਗੀਠਾ ਭਾਈ ਧਰਮ ਸਿੰਘ ਦੇ ਅਸਥਾਨ ਮਾਈ (ਮਾਤਾ ਭਾਗ ਕੌਰ) ਦੇ ਬੁੰਗੇ ਵਿਚ ਬਣੇ ਹੋਏ ਸਨ।

## ਗੁਰਦੁਆਰਾ ਗੋਬਿੰਦ ਬਾਗ ਸਾਹਿਬ

ਗੁਰਦੁਆਰਾ ਗੋਬਿੰਦ ਬਾਗ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਵਿੱਤਰ ਯਾਦ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ ਹੈ। ਇਹ ਅਸਥਾਨ ਤਖ਼ਤ ਸ੍ਰੀ ਹਜ਼ੂਰ

ਸਾਹਿਬ ਦੇ ੫ ਨੰਬਰ ਗੇਟ ਤੋਂ ਕੁਝ ਹੀ ਦੂਰੀ 'ਤੇ ਗੋਬਿੰਦ ਬਾਗ ਰੋਡ ਉਪਰ ਸਥਿਤ ਹੈ। ਇਸ ਇਤਿਹਾਸਿਕ ਅਸਥਾਨ ਦੀ ਸਾਰੀ ਵਿਵਸਥਾ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਸ ਜਗ੍ਹਾ 'ਤੇ ਗੁਰੂ ਪਾਤਸ਼ਾਹ ਸਮੇਂ ਘਣਾ ਜੰਗਲ ਸੀ। ਅੰਮ੍ਰਿਤ ਵੇਲੇ ਦੀ ਮਰਿਆਦਾ ਤੋਂ ਬਾਅਦ ਗੁਰੂ ਪਾਤਸ਼ਾਹ ਸਵੇਰ ਦਾ ਕੁਝ ਸਮਾਂ ਇੱਥੇ ਹੀ ਗੁਜ਼ਾਰਦੇ ਸਨ।[੩੩] ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜੋਤੀ ਜੋਤ ਸਮਾਉਣ ਸਮੇਂ ਚਿਖਾ ਦੇ ਲਈ ਚੰਦਨ ਦੀਆਂ ਲੱਕੜੀਆਂ ਇੱਥੋਂ ਹੀ ਲਿਆਂਦੀਆਂ ਸਨ। ਇਸ ਪਾਵਨ ਅਸਥਾਨ ਨੂੰ ਗੋਬਿੰਦ ਬਾਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ ੨੦੦੮ ਵਿਚ ਇਸ ਜਗ੍ਹਾਂ ਉੱਪਰ "੮ ਏਕੜ ਵਿਚ ਬਹੁਤ ਖ਼ੂਬਸੂਰਤ ਗੋਬਿੰਦ ਬਾਗ ਬਣਾਇਆ ਗਿਆ ਹੈ ਜਿਹਦੇ ਵਿਚ ਸੰਗੀਤਕ ਫੁਹਾਰਿਆਂ ਨਾਲ ਸ਼ਿੰਗਾਰਿਆ ਹੋਇਆ ਅਤੇ ਲ਼ੇਜ਼ਰ-ਵੀਡੀਓ ਟੈਕਨਾਲੋਜੀ ਦੀ ਵਰਤੋਂ ਨਾਲ ਤਿਆਰ ਕੀਤਾ ਇਕ ਬਹੁਤ ਖ਼ੂਬਸੂਰਤ "ਲ਼ੇਜ਼ਰ ਸ਼ੋਅ" ਆਪਣੇ ਆਪ ਵਿਚ ਕਿਸੇ ਅਜੂਬੇ ਤੋਂ ਘੱਟ ਨਹੀ ਹੈ। ਜਿੱਥੋਂ ਗੁਰੂ ਪਾਤਸ਼ਾਹਾਂ ਦਾ ਇਕ ਪਰਮਾਤਮਾ ਅਤੇ ਸਾਂਝੇ ਭਾਈਚਾਰੇ ਦਾ ਸੰਦੇਸ਼ ਦੁਨੀਆ ਨੂੰ ਦਿੱਤਾ ਜਾ ਰਿਹਾ ਹੈ।[੩੪] ਇਸ ਲ਼ੇਜਰ ਸ਼ੋਅ ਨੂੰ ਹਰ ਰੋਜ ਸ਼ਾਮ ੭:੩੦ ਵਜੇ ਦਿਖਾਇਆ ਜਾਂਦਾ ਹੈ, ਜਿਸ ਦੀ ਪ੍ਰਦਰਸ਼ਨੀ ੫੦ ਮਿੰਟ ਦੀ ਹੁੰਦੀ ਹੈ।

**ਗੁਰਦੁਆਰਾ ਲੰਗਰ ਸਾਹਿਬ**

ਗੁਰਦੁਆਰਾ ਲੰਗਰ ਸਾਹਿਬ ਤਖ਼ਤ ਸੱਚਖੰਡ ਸਾਹਿਬ ਤੋਂ ਲਗਪਗ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਦੇ ਨਜ਼ਦੀਕ, ਗੋਦਾਵਰੀ ਨਦੀ ਦੇ ਕੰਢੇ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ ਵੀ ਕਿਹਾ ਜਾਂਦਾ ਹੈ। ਸੰਤ ਬਾਬਾ ਨਿਧਾਨ ਸਿੰਘ ਨਡਾਲੋ (ਪੰਜਾਬ) ਵਾਲਿਆਂ ਦੀ ਪਵਿੱਤਰ ਯਾਦ ਨੂੰ ਤਾਜ਼ਾ ਕਰਵਾ ਰਿਹਾ, ਇਹ ਅਸਥਾਨ ਵਿਸ਼ਵ ਭਰ ਵਿਚ ਗੁਰਦੁਆਰਾ ਲੰਗਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਅਸਥਾਨ ਦੀ ਸਾਰੀ ਕਾਰਗੁਜ਼ਾਰੀ ਮੌਜੂਦਾ ਸਮੇਂ ਵਿਚ ਸੰਤ ਬਾਬਾ ਬਲਵਿੰਦਰ ਸਿੰਘ ਤੇ ਸੰਤ ਬਾਬਾ ਨਰਿੰਦਰ ਸਿੰਘ (ਕਾਰ ਸੇਵਾ) ਵਾਲੇ ਚਲਾ ਰਹੇ ਹਨ। ਬਾਬਾ ਨਿਧਾਨ ਸਿੰਘ ਜੀ ਫੌਜ ਦੀ ਨੌਕਰੀ ਵਿੱਚੋਂ ਆਪਣਾ ਨਾਂ ਕਟਵਾ ਕੇ, ਨਾਂਦੇੜ ਸਾਹਿਬ ਪਹੁੰਚ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਦੀ ਸੇਵਾ ਕਰਨ ਲੱਗੇ। ਇੱਥੇ ਬਾਬਾ ਨਿਧਾਨ ਸਿੰਘ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਤੱਖ ਬਚਨ ਹੋਏ ਸਨ। "*ਸੇਵਕ ਨਿਸ਼ਕਾਮ ਸੇਵਾ ਕਰ। ਖੀਸਾ ਮੇਰਾ ਹੱਥ ਤੇਰਾ।*[੩੫] ਜਿਸ ਜਗ੍ਹਾ' ਤੇ ਹੁਣ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਲੰਗਰ ਚੱਲ ਰਿਹਾ ਹੈ ਅਤੇ ਗੁਰਦੁਆਰਾ ਸਾਹਿਬ ਹੈ, ਇਹ ਭਿਆਨਕ ਜੰਗਲ ਸੀ, ਨੇੜੇ ਕੋਈ ਅਬਾਦੀ ਨਹੀਂ ਸੀ।[੩੬] ਇਸ ਅਸਥਾਨ ਉੱਪਰ ਆ ਕੇ ਬਾਬਾ ਨਿਧਾਨ ਸਿੰਘ ਨੇ ਗੁਰੂ ਜੀ ਦੇ ਹੁਕਮ ਨਾਲ ਮੁੜ ਸੇਵਾ ਆਰੰਭ ਕਰ ਦਿੱਤੀ। ਆਪ ਅਰੰਭ ਵਿਚ ਆਈਆਂ ਕੁਝ ਕਠਿਨਾਈਆਂ ਦੇ ਬਾਵਜੂਦ

ਇੱਥੇ ਟਿਕ ਕੇ ਨਿਸ਼ਕਾਮ ਸੇਵਾ ਕਰਦੇ ਰਹੇ ਸੀ।

ਸਮਾਂ ਪਾ ਕੇ ਆਪ ਦਾ ਮਾਣ ਸਤਿਕਾਰ ਤੇ ਪ੍ਰਤਾਪ ਵਧਣ ਲੱਗਾ। ਆਪ ਜੀ ਕੇ ਅਨੇਕਾਂ ਗੁਰਧਾਮਾਂ ਗੁਰਦੁਆਰਾ ਲੰਗਰ ਸਾਹਿਬ, ਗੁਰਦੁਆਰਾ ਗੁਪਤਸਰ ਸਾਹਿਬ, ਗੁਰਦੁਆਰਾ ਰਤਨਗੜ੍ਹ ਸਾਹਿਬ, ਗੁਰਦੁਆਰਾ ਸੰਤ ਦੀਵਾਨ ਸਿੰਘ ਨਿਡਾਲਾ ਤੇ ਹੋਰ ਗੁਰਧਾਮਾਂ ਦੀ ਸੇਵਾ ਕੀਤੀ।[੩੭] ਜਿਸ ਨਾਲ ਸਿੱਖੀ ਪ੍ਰਚਾਰ ਤੇ ਗੁਰਦੁਆਰਾ ਲੰਗਰ ਸਾਹਿਬ ਦੀ ਸੋਭਾ ਵਧਦੀ ਗਈ। ਸੰਤ ਬਾਬਾ ਬਿਧਾਨ ਸਿੰਘ ਜੀ ਤੋਂ ਬਾਅਦ ਸੰਤ ਬਾਬਾ ਹਰਨਾਮ ਸਿੰਘ, ਸੰਤ ਬਾਬਾ ਆਤਮਾ ਸਿੰਘ, ਸੰਤ ਬਾਬਾ ਸ਼ੀਸ਼ਾ ਸਿੰਘ ਜੀ ਸਥਾਪਿਤ ਮਰਯਾਦਾ ਅਨੁਸਾਰ ਸੇਵਾ ਕਰਦੇ ਰਹੇ ਸਨ। ਜਿਨ੍ਹਾਂ ਦੇ ਸਮੇਂ ਵਿਚ ਗੁਰਦੁਆਰਾ ਲੰਗਰ ਸਾਹਿਬ ਨੇ ਵਿਸ਼ਵ ਪੱਧਰ ਤੇ ਸੇਵਾ ਦਾ ਸਾਕਾਰ ਰੂਪ ਧਾਰਿਆ ਅਤੇ ਬਹੁਤ ਸਾਰੇ ਗੁਰਧਾਮਾਂ ਦੀ ਸੇਵਾ ਕਰਵਾਈ। ਮੌਜੂਦਾ ਸਮੇਂ ਸੰਤ ਬਾਬਾ ਬਲਵਿੰਦਰ ਸਿੰਘ ਤੇ ਸੰਤ ਬਾਬਾ ਨਰਿੰਦਰ ਸਿੰਘ ਜੀ ਮਰਯਾਦਾ ਦੇ ਅਨੁਸਾਰ ਸੇਵਾ ਨਿਭਾਅ ਰਹੇ ਹਨ। ਇਹ ਗੁਰਦੁਆਰਾ ਬਾਬਾ ਨਿਧਾਨ ਸਿੰਘ ਨੇ ੨੦ਵੀਂ ਸਦੀ ਦੇ ਤੀਜੇ ਦਹਾਕੇ ਵਿਚ ਉਸਾਰਿਆ ਸੀ ਅਤੇ ਇਸ ਦੀ ਉਸਾਰੀ ਦਾ ਮੁੱਖ ਉਦੇਸ਼ ਯਾਤ੍ਰੀਆਂ ਲਈ ਲੰਗਰ ਦੀ ਸੇਵਾ ਕਰਨੀ ਸੀ।[੩੮]

ਗੁਰੂ ਸਾਹਿਬ ਦੇ ਹੁਕਮ ਨਾਲ ਬਾਬਾ ਨਿਧਾਨ ਸਿੰਘ ਦਾ ਅਰੰਭ ਕੀਤਾ ਲੰਗਰ-ਅਸਥਾਨ ਅੱਜ ਯਾਤਰੀਆਂ ਨੂੰ ਜਿੱਥੇ ੨੪ ਘੰਟੇ ਅਤੁੱਟ ਲੰਗਰ ਵਰਤਾਉਂਦਾ ਹੈ, ਉੱਥੇ ਸੰਗਤ ਦੇ ਠਹਿਰਣ ਲਈ ਖੁੱਲੇ, ਸਾਫ਼-ਸੁਥਰੇ, ਹਵਾਦਾਰ, ਰਿਹਾਇਸ਼ੀ ਕਮਰਿਆਂ ਅਤੇ ਯਾਤਰੀ ਨਿਵਾਸਾਂ ਦਾ ਬਹੁਤ ਸੁਚੱਜਾ ਪ੍ਰਬੰਧ ਹੈ। ਮਰੀਜ਼ਾਂ ਦੇ ਇਲਾਜ ਵਾਸਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋਰੀਅਲ ਹਸਪਤਾਲ, ਨਾਂਦੇੜ ਵੀ ਚਲਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ, ਗੁਰਦੁਆਰਾ ਲੰਗਰ ਸਾਹਿਬ ਅਤੇ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਦੇ ਵਿਕਾਸ ਲਈ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ।

**ਗੁਰਦੁਆਰਾ ਰਤਨਗੜ੍ਹ ਸਾਹਿਬ**

ਗੁਰਦੁਆਰਾ ਰਤਨਗੜ੍ਹ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ੧੪ ਕਿਲੋਮੀਟਰ ਦੂਰੀ 'ਤੇ ਗੋਦਾਵਰੀ ਨਦੀ ਤੋਂ ਪਾਰ ਨਾਂਦੇੜ ਸ਼ਹਿਰ ਦੇ ਬਾਹਰ ਦੱਖਣ-ਪੱਛਮ ਦਿਸ਼ਾ ਵੱਲ, ਗੁਰਦੁਆਰਾ ਨਾਨਕਸਰ ਸਾਹਿਬ ਰੋਡ ਉੱਪਰ, ਪਹਾੜੀਆਂ ਵਿਚ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦਾ ਸਾਰਾ ਪ੍ਰਬੰਧ ਗੁਰਦੁਆਰਾ ਲੰਗਰ ਸਾਹਿਬ (ਕਾਰ ਸੇਵਾ) ਦੇ ਅਧੀਨ ਹੈ। ਗੁਰਦੁਆਰੇ ਦੇ ਇਤਿਹਾਸ ਵਿਚ ਇਹ ਕਿਹਾ ਜਾਂਦਾ ਹੈ ਕਿ ਇਸ ਅਸਥਾਨ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸੱਚਖੰਡ ਗਮਨ ਤੋਂ ਬਾਅਦ ਆਪਣੇ ਇਕ ਸ਼ਰਧਾਲੂ ਉਦਾਸੀ ਸੰਤ ਰਤਨ ਸਿੰਘ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ

ਸੀ ਅਤੇ ਉਸਨੂੰ ਹੁਕਮ ਕੀਤਾ ਸੀ ਕਿ ਆਪ ਸਾਡੇ ਸੱਚਖੰਡ ਵਾਲੇ ਅਸਥਾਨ 'ਤੇ ਜਾ ਕੇ ਖਾਲਸਾ ਸੰਗਤ ਨੂੰ ਸਾਡਾ ਹੁਕਮ ਸੁਣਾਉ ਕਿ ਖਾਲਸੇ ਨੇ ਵਿਰਲਾਪ ਨਹੀਂ ਕਰਨਾ, ਅਕਾਲ ਪੁਰਖ ਦੀ ਯਾਦ ਵਿਚ ਕੀਰਤਨ ਅਤੇ ਸਤਿਨਾਮ ਦਾ ਜਾਪ ਕਰਨਾ ਹੈ, ਗੁਰੂ ਸਾਹਿਬ ਸਦਾ ਤੁਹਾਡੇ ਅੰਗ ਸੰਗ ਹੈ। ਤਦ ਗੁਰੂ ਸਾਹਿਬ ਦਾ ਇਹ ਹੁਕਮ ਉਦਾਸੀ ਸੰਤ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਾਲੇ ਅਸਥਾਨ ਉੱਪਰ ਆ ਕੇ ਸਿੱਖ ਸੰਗਤ ਨੂੰ ਸੁਣਾਇਆ ਸੀ। ਉਦਾਸੀ ਸੰਤ ਆਖ ਰਿਹਾ ਸੀ ਕਿ ਗੁਰੂ ਸਾਹਿਬ ਨੇ ਉਸ ਨੂੰ ਦਰਸ਼ਨ ਦਿੱਤੇ ਸਨ। ਉਹ ਨੀਲੇ ਕੁਮੈਤ 'ਤੇ ਸ਼ਸਤਰਧਾਰੀ ਹੋ ਕੇ ਕਿਧਰੇ ਜਾ ਰਹੇ ਸਨ।[੩੯] ਉਸ ਸਮੇਂ ਸੰਗਤ ਨੇ ਜੈਕਾਰੇ ਗਜਾ ਦਿੱਤੇ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ ਸੰਤ ਬਾਬਾ ਬਲਵਿੰਦਰ ਸਿੰਘ ਤੇ ਸੰਤ ਬਾਬਾ ਨਰਿੰਦਰ ਸਿੰਘ ਜੀ (ਕਾਰ ਸੇਵਾ) ਵਾਲੇ ਕਰਵਾ ਰਹੇ ਹਨ।

## ਗੁਰਦੁਆਰਾ ਨਾਨਕਸਰ ਸਾਹਿਬ

ਗੁਰਦੁਆਰਾ ਨਾਨਕਸਰ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਲੰਗਰ ਸਾਹਿਬ ਦੇ ਅਧੀਨ ਹੈ। ਇਹ ਇਤਿਹਾਸਿਕ ਅਸਥਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਤਕਰੀਬਨ ੯ ਕਿਲੋਮੀਟਰ ਦੂਰੀ 'ਤੇ ਗੋਦਾਵਰੀ ਨਦੀ ਤੋਂ ਪਾਰ ਨਾਂਦੇੜ ਸ਼ਹਿਰ ਦੇ ਬਾਹਰ ਦੱਖਣ-ਪੱਛਮ ਦਿਸ਼ਾ ਵੱਲ, ਗੁਰਦੁਆਰਾ ਨਾਨਕਸਰ ਸਾਹਿਬ ਰੋਡ ਉੱਤੇ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਤਾਜ਼ਾ ਕਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਬਿਦਰ (ਕਰਨਾਟਕ) ਨੂੰ ਜਾਣ ਸਮੇਂ ਗੁਰਦੁਆਰਾ ਮਾਲਟੇਕੜੀ ਸਾਹਿਬ ਤੋਂ ਬਾਅਦ ਇੱਥੇ ਆ ਕੇ ਨੌਂ ਦਿਨ ਨੌਂ ਘੜੀਆਂ ਰੁਕੇ ਸੀ। ਇਸ ਅਸਥਾਨ ਉਪਰ ਗੁਰੂ ਸਾਹਿਬ ਨੇ ਇਲਾਕੇ ਦੀ ਸੰਗਤ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ ਸੀ ਅਤੇ ਪਾਣੀ ਦੀ ਘਾਟ ਕਾਰਨ ਇਕ ਜਲ ਦਾ ਸੋਮਾ ਪ੍ਰਗਟ ਕੀਤਾ ਸੀ। ਇੱਥੇ ਹੀ ਗੁਰੂ ਜੀ ਨੇ ਇਕ ਕੋਹੜੀ ਨੂੰ ਜਲ ਦੇ ਸੋਮੇ ਤੋਂ ਇਸ਼ਨਾਨ ਕਰਵਾ ਕੇ ਉਸ ਦਾ ਕੋਹੜ ਦੂਰ ਕੀਤਾ ਸੀ। ਇਸ ਅਸਥਾਨ ਤੇ ਸਰੋਵਰ ਦੇ ਕੋਲ ਇਕ ਪੁਰਾਤਨ ਇਤਿਹਾਸਿਕ ਬੇਰੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਅਰੰਭ ਕਰਵਾਈ ਸੀ ਤਾਂ ਉਨ੍ਹਾਂ ਨੇ ਉਸ ਸਮੇਂ ਇਸ ਅਸਥਾਨ ਦੇ ਦਰਬਾਰ ਸਾਹਿਬ ਅਤੇ ਸਰੋਵਰ ਦੀ ਸੇਵਾ ਵੀ ਸ਼ੁਰੂ ਕਰਵਾਈ ਸੀ। ਬਾਅਦ ਵਿਚ ਇਹ ਸੇਵਾ ਬਾਬਾ ਨਿਧਾਨ ਸਿੰਘ ਅਤੇ ਬਾਬਾ ਸ਼ੀਸ਼ਾ ਸਿੰਘ ਜੀ ਨੇ ਕਰਵਾਈ ਸੀ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ ਸੰਤ ਬਾਬਾ ਬਲਵਿੰਦਰ ਸਿੰਘ ਤੇ ਸੰਤ ਬਾਬਾ ਨਰਿੰਦਰ ਸਿੰਘ ਜੀ (ਕਾਰ-ਸੇਵਾ) ਵਾਲੇ ਕਰਵਾ ਰਹੇ ਹਨ

## ਗੁਰਦੁਆਰਿਆਂ ਦਾ ਪ੍ਰਬੰਧ ਅਤੇ ਗੁਰਦੁਆਰਾ ਬੋਰਡ

ਸ਼ੁਰੂ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਨਾਂਦੇੜ ਸਾਹਿਬ ਦੇ ਹੋਰ ਇਤਿਹਾਸਿਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਤੇ ਪ੍ਰਬੰਧ ਦਸਮ ਪਾਤਸ਼ਾਹ ਨਾਲ

ਪੰਜਾਬ ਤੋਂ ਆਏ ਸਿੰਘ ਹੀ ਕਰਦੇ ਰਹੇ ਸੀ, ਜਿਨ੍ਹਾਂ ਨੂੰ ਗੁਰੂ ਪਾਤਸ਼ਾਹ ਦੇ ਹਜ਼ੂਰੀ ਸਿੰਘ ਕਿਹਾ ਜਾਂਦਾ ਹੈ। ਬਾਅਦ ਵਿਚ ਵੀ ਪੰਜਾਬ ਤੋਂ ਸਿੰਘ ਅਤੇ ਨਿਹੰਗ ਜਥੇਬੰਦੀਆਂ ਇਸ ਅਸਥਾਨ ਦੀ ਸੇਵਾ-ਸੰਭਾਲ ਤੇ ਪ੍ਰਬੰਧ ਲਈ ਜਾਂਦੇ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਆਰੰਭ ਕਰਵਾਈ ਸੀ ਤਾਂ ਬਹੁਤ ਸਾਰੇ ਸਿੰਘ ਇੱਥੇ ਹੀ ਟਿਕ ਕੇ ਸੇਵਾ ਕਰਨ ਲੱਗੇ। ਕਾਫੀ ਸਮਾਂ ਤਖ਼ਤ ਸੱਚਖੰਡ ਸਾਹਿਬ ਅਤੇ ਹੋਰ ਇਤਿਹਾਸਿਕ ਅਸਥਾਨਾਂ ਦਾ ਪ੍ਰਬੰਧ ਸਰਕਾਰ ਦੇ ਹੱਥਾਂ ਵਿਚ ਰਿਹਾ ਸੀ। ਗੁਰਦੁਅਰਿਆਂ ਨੂੰ ਸਰਕਾਰੀ ਹੱਥਾਂ ਵਿੱਚੋਂ ਅਜ਼ਾਦ ਕਰਵਾਉਣ ਲਈ ਇੱਥੋਂ ਦੇ ਹਜ਼ੂਰੀ ਖਾਲਸਾ ਅਤੇ ਨਿਹੰਗ ਜਥੇਬੰਦੀਆਂ ਨੇ ਹਮੇਸ਼ਾ ਅੱਗੇ ਹੋ ਕੇ ਕੁਰਬਾਨੀਆਂ ਕੀਤੀਆਂ। ਅੰਤ ਸਰਕਾਰ ਨੂੰ ਖਾਲਸਾ ਦੇ ਯਤਨਾਂ ਅੱਗੇ ਝੁਕਣਾ ਪਿਆ ਅਤੇ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ ਗੁਰਦੁਆਰਿਆਂ ਦੇ ਪ੍ਰਬੰਧ ਲਈ "੨੦ ਸਤੰਬਰ, ੧੯੫੬ ਈ. ਨੂੰ 'ਨਾਂਦੇੜ ਸਿੱਖ ਗੁਰਦੁਆਰਾ ਐਕਟ' ਪਾਸ ਕਰਕੇ ੧੭ ਮੈਂਬਰਾਂ ਦਾ ਇਕ 'ਗੁਰਦੁਆਰਾ ਬੋਰਡ' ਸਥਾਪਿਤ ਕੀਤਾ ਗਿਆ ਅਤੇ ਪੰਜ ਮੈਂਬਰਾਂ ਦੀ ਮੈਨੇਜਿੰਗ ਕਮੇਟੀ ਵੀ ਬਣਾ ਦਿੱਤੀ ਗਈ।[੪੦] ਜਿਸ ਅਨੁਸਾਰ ਤਖ਼ਤ ਸੱਚਖੰਡ ਸਾਹਿਬ ਤੇ ਹੋਰ ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ 'ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ" ਦੇ ਅਧੀਨ ਹੋ ਗਿਆ।

**ਹਵਾਲੇ :**


੧. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਅਕਤੂਬਰ ੨੦੦੯, ਪੰਨਾ ੩੧੦.

੨. ਡਾ. ਪੀ. ਐਸ. ਪਸਰੀਚਾ, *ਨਾਂਦੇੜ ਪਰਿਵਰਤਨ ਦਾ ਸਫ਼ਰ*, ਪਹਿਲੀ ਵਾਰ ਅਕਤੂਬਰ ੨੦੧੧, ਪੰਨਾ ੭.

੩. ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ*, ਸੰਪਾਦਕ ਗੰਡਾ ਸਿੰਘ, ਤੀਜੀ ਵਾਰ ੧੯੮੮, ਪੰਨਾ ੧੬੪.

੪. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਚੌਦਵੀਂ, ਦੂਜਾ ਐਡੀਸ਼ਨ ੨੦੧੧, ਪੰਨਾ ੬੨੩੭.

੫. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ੧੯੮੭, ਪੰਨਾ ੩੪੮.

੬. ਉਕਤ, ਪੰਨਾ ਉਹੀ।

੭. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਚੌਥੀ, ਸਤੰਬਰ ੨੦੧੦, ਪੰਨਾ ੧੪੧੨.

੮. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ੨੦੦੫, ਪੰਨਾ ੧੦੨੦.

੯. ਉਕਤ, ਪੰਨਾ ਉਹੀ।

੧੦. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਜਿਲਦ ਪਹਿਲੀ, ੨੦੦੯, ਪੰਨਾ ੪੦੭.

੧੧. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ੨੦੦੫, ਪੰਨਾ ੧੦੨੧.

੧੨. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਅਕਤੂਬਰ ੨੦੦੯, ਪੰਨਾ ੧੯੬.

੧੩. ਡਾ. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਦੂਜੀ ਵਾਰ ੨੦੦੨, ਪੰਨਾ ੨੦੨.

੧੪. ਉਕਤ, ਪੰਨਾ ੧੯੮.

੧੫. ਅਕਾਲੀ ਕੌਰ ਸਿੰਘ, *ਹਜ਼ੂਰੀ ਸਾਥੀ*, ਪਹਿਲੀ ਵਾਰ ੧੯੩੪, ਪੰਨਾ ੭੮.

੧੬. ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ੨੦੦੮, ਪੰਨਾ ੧.

੧੭. ਉਕਤ, ਪੰਨਾ ੩.

੧੮. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ੧੯੮੭, ਪੰਨਾ ੩੩੯.
੧੯. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਚੌਦਵੀਂ, ਦੂਜਾ ਐਡੀਸ਼ਨ ੨੦੧੧, ਪੰਨਾ ੬੨੮੭.
੨੦. ਅਕਾਲੀ ਕੌਰ ਸਿੰਘ, *ਹਜ਼ੂਰੀ ਸਾਥੀ*, ਪਹਿਲੀ ਵਾਰ ੧੯੩੪, ਪੰਨਾ ੬੬.
੨੧. ਭਾਈ ਸੁਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ*, ਸੰਪਾਦਨ ਗੁਰਸ਼ਰਨ ਕੌਰ ਜੱਗੀ, ਦੂਜੀ ਵਾਰ ੧੯੮੯, ਪੰਨਾ ੪੨੪.
੨੨. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਜਿਲਦ ਪਹਿਲੀ, ੨੦੦੯, ਪੰਨਾ ੧੫੮.
੨੩. ਅਮਨਪ੍ਰੀਤ ਸਿੰਘ (ਗਿਲ) *੧੭੦੮ ਦਸਮ ਗੁਰੂ ਦੀ ਦੱਖਣ ਫੇਰੀ*, ਪਹਿਲੀ ਵਾਰ ਮਾਰਚ ੨੦੧੭, ਪੰਨਾ ੧੬੦.
੨੪. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਚੌਦਵੀਂ, ਦੂਜਾ ਐਡੀਸ਼ਨ ੨੦੧੧, ਪੰਨਾ ੬੨੪੦.
੨੫. ਭਾਈ ਸੁਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ*, ਸੰਪਾਦਨ ਗੁਰਸ਼ਰਨ ਕੌਰ ਜੱਗੀ, ਦੂਜੀ ਵਾਰ ੧੯੮੯, ਪੰਨਾ ੪੩੬.
੨੬. ਡਾ. ਪੀ. ਐਸ. ਪਸਰੀਚਾ, *ਨਾਂਦੇੜ ਪਰਿਵਰਤਨ ਦਾ ਸਫ਼ਰ*, ਪਹਿਲੀ ਵਾਰ ਅਕਤੂਬਰ ੨੦੧੧, ਪੰਨਾ ੭.
੨੭. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ੧੯੮੭, ਪੰਨਾ ੩੫੩.
੨੮. ਡਾ. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਦੂਜੀ ਵਾਰ ੨੦੦੨, ਪੰਨਾ ੧੮੮.
੨੯. ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ*, ਸੰਪਾਦਕ ਗੰਡਾ ਸਿੰਘ, ਤੀਜੀ ਵਾਰ ੧੯੮੮, ਪੰਨਾ ੧੬੯.
੩੦. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ੨੦੦੫, ਪੰਨਾ ੩੯੪.
੩੧. ਉਕਤ, ਭਾਗ ਦੂਜਾ, ੨੦੦੫, ਪੰਨਾ ੧੦੨੦.
੩੨. ਰਾਜਦਵਿੰਦਰ ਸਿੰਘ ਕੱਲ੍ਹਾ, *ਸਚਿੱਤਰ ਸੱਚਖੰਡ ਗੁਰਧਾਮ ਮਹਾਤਮ*, ਪਹਿਲੀ ਵਾਰ ੧੯੯੮, ਪੰਨਾ ੬੧.
੩੩. ਡਾ. ਪੀ. ਐਸ. ਪਸਰੀਚਾ, *ਨਾਂਦੇੜ ਪਰਿਵਰਤਨ ਦਾ ਸਫ਼ਰ*, ਪਹਿਲੀ ਵਾਰ ਅਕਤੂਬਰ ੨੦੧੧, ਪੰਨਾ ੭੪.
੩੪. ਉਕਤ, ਪੰਨਾ ੩.
੩੫. ਪਰਮਜੀਤ ਸਿੰਘ ਸਰੋਆ, *ਸੇਵਾ-ਸਿਮਰਨ ਦੀ ਮੂਰਤਿ ਸੰਤ ਬਾਬਾ ਨਿਧਾਨ ਸਿੰਘ (ਜੀਵਨ ਅਤੇ ਸਿਧਾਂਤਕ ਪੱਖ)*, ਪਹਿਲੀ ਵਾਰ ਸਤੰਬਰ ੨੦੦੮, ਪੰਨਾ ੪੩.
੩੬. ਡਾ. ਅਮਰਜੀਤ ਸਿੰਘ ਪਰਮਜੀਤ ਸਿੰਘ ਸਰੋਆ, *ਬਾਬਾ ਨਿਧਾਨ ਸਿੰਘ ਜੀਵਨ ਤੇ ਯੋਗਦਾਨ*, ਪਹਿਲੀ ਵਾਰ ਅਗਸਤ ੨੦੧੨, ਪੰਨਾ ੪੬.
੩੭. ਉਕਤ, ਪੰਨਾ ੩੭.
੩੮. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ੨੦੦੫, ਪੰਨਾ ੧੦੨੧.
੩੯. ਅਮਨਪ੍ਰੀਤ ਸਿੰਘ (ਗਿਲ) ੧੭੦੮ *ਦਸਮ ਗੁਰੂ ਦੀ ਦੱਖਣ ਫੇਰੀ*, ਪਹਿਲੀ ਵਾਰ ਮਾਰਚ ੨੦੧੭, ਪੰਨਾ ੧੧.
੪੦. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ੨੦੦੫, ਪੰਨਾ ੧੦੨੦.

■

## ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

# ਉਦਾਸੀ ਸੰਤ ਬਾਬਾ ਗੁਰਦਾਸ ਜੀ ਦੱਖਣੀ

*-ਸਤਵਿੰਦਰ ਸਿੰਘ ਫੂਲਪੁਰ**

ਬਾਬਾ ਗੁਰਦਾਸ ਜੀ ਦੱਖਣੀ ਦਾ ਜਨਮ ਮਾਘ ਵਦੀ ਚਾਰ ਸੰਮਤ ੧੭੦੬ (੧੬੪੯ ਈ.) ਨੂੰ ਹੋਇਆ। ਆਪ ਦੇ ਮਾਤਾ ਪਿਤਾ ਆਪਣੇ ਕਾਰੋਬਾਰ ਦੇ ਸਿਲਸਿਲੇ ਲਈ ਦੱਖਣ ਵਿਚ ਹੈਦਰਾਬਾਦ ਵਿਖੇ ਰਹਿੰਦੇ ਸਨ। ਆਪ ਦਾ ਬਚਪਨ ਹੈਦਰਾਬਾਦ ਵਿਖੇ ਬੀਤਿਆ ਇਸੇ ਲਈ ਇਨ੍ਹਾਂ ਦੇ ਨਾਮ ਨਾਲ ਦੱਖਣੀ ਸ਼ਬਦ ਜੁੜ ਗਿਆ। ਇਤਿਹਾਸ ਖੋਜੀ ਭਾਈ ਰਣਧੀਰ ਸਿੰਘ 'ਉਦਾਸੀ ਸਿਖਾਂ ਦੀ ਵਿਥਿਆ' ਵਿਚ ਲਿਖਦੇ ਹਨ ਕਿ, "ਜਾਪਦਾ ਇ ਆਪ ਦਾ ਅਸਲ ਵਤਨ ਉੱਤਰ-ਭਾਰਤ ਹੀ ਸੀ; ਵੀਹ-ਵਿਸਵੇ ਪੀਲੀਭੀਤ ਦੇ ਵਸਨੀਕ ਵਣਜਾਰੇ ਸਿੱਖਾਂ ਵਿਚੋਂ ਹੋਣਗੇ।"

**ਉਦਾਸੀ ਸਾਧੂ ਬਣਨਾ ਅਤੇ ਨਾਨਕਮਤਾ ਸਾਹਿਬ ਦੀ ਸੇਵਾ:-** ਬਾਬਾ ਸ੍ਰੀ ਚੰਦ ਜੀ ਦੇ ਉਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਨੇ ਨਾਨਕ ਪੰਥ ਦਾ ਪ੍ਰਚਾਰ ਪ੍ਰਸਾਰ ਦੇਸ਼ ਦੇ ਵੱਖ-ਵੱਖ ਕੋਨਿਆਂ ਤਕ ਪਹੁੰਚਾਉਣ ਲਈ ਚਾਰ ਧੂਣੇ (ਪ੍ਰਚਾਰਕ) ਅਲਮਸਤ ਜੀ, ਬਾਲੂ ਹਸਨਾ ਜੀ, ਗੋਇੰਦ ਜੀ ਅਤੇ ਫੂਲਸ਼ਾਹ ਜੀ ਸਥਾਪਤ ਕੀਤੇ ਅਤੇ ਭਾਈ ਅਲਮਸਤ ਜੀ ਨੂੰ ਨਾਨਕ ਮਤਾ ਸਾਹਿਬ ਦੀ ਸੇਵਾ-ਸੰਭਾਲ ਸੌਂਪੀ। ਅਲਮਸਤ ਜੀ ਨੇ ਅੱਗੋਂ ਸਿੱਖੀ ਦੇ ਪ੍ਰਚਾਰ ਲਈ ਅੱਠ ਚੇਲੇ: ਭਾਈ ਮਖੂ ਚੰਦ, ਭਾਈ ਨੱਥਾ ਜੀ, ਭਾਈ ਅਕਲਵੰਦ ਜੀ, ਭਾਈ ਹਮੀਰਾ ਦਾਸ ਜੀ, ਭਾਈ ਗਰੀਬ ਦਾਸ ਜੀ ਵੱਡੇ, ਭਾਈ ਗਰੀਬ ਦਾਸ ਜੀ ਛੋਟੇ, ਭਾਈ ਲਛਮਣਦਾਸ ਜੀ ਅਤੇ ਭਾਈ ਮੰਗੂ ਦਾਸ ਜੀ ਤਿਆਰ ਕੀਤੇ। ਅਲਮਸਤ ਜੀ ਨੇ ਇਨ੍ਹਾਂ ਵਿੱਚੋਂ ਭਾਈ ਮਖੂ ਚੰਦ ਜੀ ਨੂੰ ਆਪਣੇ ਤੋਂ ਬਾਅਦ ਨਾਨਕਮਤਾ ਸਾਹਿਬ ਦੀ ਸੇਵਾ-ਸੰਭਾਲ ਸੌਂਪੀ। ਭਾਈ ਮਖੂ ਚੰਦ ਤੋਂ ਬਾਅਦ ਇਨ੍ਹਾਂ ਦੇ ਚੇਲੇ ਭਾਈ ਮਿੱਠਾ ਜੀ ਨੇ ਸਾਵਣ ਸੁਦੀ ਦਸ, ਸੰਮਤ ੧੭੧੦ (੧੬੫੩ ਈ.) ਨੂੰ ਨਾਨਕਮਤਾ ਸਾਹਿਬ ਦੀ ਸੇਵਾ ਸੰਭਾਲੀ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਆਪ ਜੀ ਪਾਸੋਂ ਭਾਈ ਗੁਰਦਾਸ ਜੀ ਦੱਖਣੀ, ਭਾਈ ਨੰਦ ਜੀ, ਭਾਈ ਕ੍ਰਿਪਾਲਦਾਸ ਜੀ, ਭਾਈ ਨਾਰਾਇਣ ਦਾਸ ਜੀ ਆਦਿ ਨੇ ਉਦਾਸੀ ਭੇਖ ਧਾਰਨ ਕੀਤਾ। ਭਾਈ ਮਿੱਠਾ ਜੀ ਭਾਦਰੋਂ ਵਦੀ ਇਕ, ਸੰਮਤ ੧੭੨੫ (੧੬੬੮ ਈ.) ਨੂੰ ਨਾਨਕਮਤਾ ਸਾਹਿਬ ਦੀ ਸੇਵਾ ਭਾਈ ਗੁਰਦਾਸ ਜੀ ਦੱਖਣੀ ਨੂੰ ਸੌਂਪ ਕੇ ਗੁਰਪੁਰੀ ਪਿਆਨਾ ਕਰ ਗਏ। ਆਪ ਜੀ ਨੇ ਲਗਪਗ ਤਰਵਿੰਜਾ ਸਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਆਪ ਨਾਮ ਸਿਮਰਨ ਕਰਦੇ, ਸੰਗਤ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ, ਆਈ ਗਈ ਸੰਗਤ ਦੀ ਤਨਦੇਹੀ ਨਾਲ ਸੇਵਾ ਕਰਦੇ। ਬਹੁਤ ਸਾਰੇ ਪ੍ਰਾਣੀਆਂ ਨੂੰ ਆਪ ਜੀ ਨੇ

** ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: ੯੯੧੪੪-੧੯੪੮੪*

ਗੁਰਮਤਿ ਨਾਲ ਜੋੜਿਆ। ਇਸ ਤਰ੍ਹਾਂ ਗੁਰਧਾਮਾਂ ਦੀ ਸੇਵਾ-ਸੰਭਾਲ ਕਰਦੇ ਕਰਵਾਉਂਦੇ ਅਤੇ ਸੰਗਤ ਨੂੰ ਨਾਮ ਬਾਣੀ ਨਾਲ ਜੋੜਦੇ ਹੋਏ ਆਪ ਜੀ ਸੰਮਤ ੧੭੭੮ (੧੭੨੧ ਈ.) ਵੈਸਾਖ ਦੀ ਪੁੰਨਿਆ ਵਾਲੇ ਦਿਨ ਨਾਨਕਮਤਾ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਏ।

**ਭਾਈ ਗੁਰਦਾਸ ਜੀ ਦੱਖਣੀ ਦੀ ਰਚਨਾ:-** ਭਾਈ ਗੁਰਦਾਸ ਜੀ ਦੱਖਣੀ ਵਿਦਵਾਨ ਲਿਖਾਰੀ ਵੀ ਸਨ। ਆਪ ਨੇ ਸੰਮਤ ੧੭੫੫ (੧੬੯੮ ਈ.) ਵਿਚ ਉਦਾਸੀ ਸਾਧੂ ਦੀ ਰਹਿਤ ਮਰਯਾਦਾ 'ਮਾਤ੍ਰਾ ਉਦਾਸੀ ਸੰਪ੍ਰਦਾਯ' ਨਾਮ ਹੇਠ ਲਿਖੀ। ਇਸ ਵਿਚ ਉਦਾਸੀਆਂ ਦੀ ਮਰਯਾਦਾ ਦੇ ਨਾਲ ਨਾਲ ਉਦਾਸੀ ਸੰਪਰਦਾ ਦੇ ਇਤਿਹਾਸ ਬਾਰੇ ਵੀ ਅਹਿਮ ਜਾਣਕਾਰੀ ਮਿਲਦੀ ਹੈ। **ਮਰਯਾਦਾ ਬਾਰੇ ਲਿਖਦੇ ਹਨ:**

*...ਚਿਮਟਾ, ਚਿੱਪੀ, ਖਉਂਸ ਖੜਾਊਂ।*
*ਸਤਿਨਾਮੁ ਮੁਖ ਕਰ ਉਪਦੇਸਾ।*
*ਰੰਗ ਮਜੀਠਿ ਹਿਰਮਚੀ ਭੇਖਾ।੨੯।*

ਉਦਾਸੀ ਸੰਪਰਦਾ ਦੇ ਇਤਿਹਾਸ ਬਾਰੇ ਦਸਦਿਆਂ ਅਲਮਸਤ ਜੀ ਦੀ ਸਾਖ ਬਾਰੇ ਲਿਖਦੇ ਹਨ:

*ਸ੍ਰੀ ਅਲਮਸਤ ਸਾਖਿ ਸੁਨਾਵੋਂ:*
*ਅਸਟ ਸਿੱਖ ਤਿਨ ਕੇ ਭੇ ਗਿਨਾਵੋਂ।੨੬*
*ਸਭ ਸੇ ਜੇਠਿ 'ਮਖੁਚੰਦ' ਭਏ।*
*'ਨਾਨਕ ਮਤੇ' ਗਾਦੀ ਨਿਰਮਏ।*
*'ਮਿਠਾ ਰਾਮ' ਤਿਨ ਕੇ ਅਧਿਕਾਰੀ।*
*'ਗੁਰਦਾਸ' ਦਾਸ ਭੇ ਆਗਿਆਕਾਰੀ।੨੭*

ਨਾਨਕਮਤਾ ਸਾਹਿਬ ਵਿਚ ਅਲਮਸਤ ਜੀ ਦੇ ਧੂਣੇ ਦਾ ਜ਼ਿਕਰ ਕਰਦਿਆਂ ਆਪਣੇ ਆਪ ਨੂੰ ਅਲਮਸਤ ਜੀ ਦੀ ਸਾਖ ਵਿੱਚੋਂ ਦਸਦੇ ਹੋਏ ਦੱਖਣੀ ਜੀ ਨਾਨਕਮਤਾ ਸਾਹਿਬ ਬਾਰੇ ਵੀ ਸੰਖੇਪ ਜਾਣਕਾਰੀ ਦੇ ਜਾਂਦੇ ਹਨ:

*'ਨਾਨਕ ਮਤਾ' ਪ੍ਰਸਿਧ ਬਤਾਊਂ।*
*'ਗੋਰਖ ਕੀਰਤ ਨਾਮ ਸੁਨਾਊਂ।*
*ਕਰਾਮਾਤ ਨਾਨਕਿ ਕੀਓ ਭਾਰੀ।*
*ਸਭ ਹੀ ਸਿੱਧ ਭਏ ਬਨਚਾਰੀ।੪੭*
*ਧੂਣਾ ਅਚਲ ਧੁਖੈ ਬਡਭਾਰੀ*
*ਸ੍ਰੀ ਅਲਮਸਤ ਕੀਨ ਮੁਕਤਾਰੀ।*
*ਗੁਰਦਾਸ ਬੰਸ ਤਾਹੀ ਕੋ ਜਾਨੋ।*
*ਸ੍ਰੀ ਗੁਰੁ ਨਾਨਕ ਆਗਯ ਮਾਨੋ।੪੮*

**ਭਾਈ ਗੁਰਦਾਸ ਜੀ ਦੱਖਣੀ ਦੀ ਸ਼੍ਰੇਣੀ ਦੇ ਉਦਾਸੀ ਸੰਤਾਂ ਦੁਆਰਾ ਗੁਰਧਾਮਾਂ ਦੀ ਸੇਵਾ:**

**ਗਯਾ (ਬਿਹਾਰ):-** ਇੱਥੇ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿਚ ਬਣੀ ਧਰਮਸਾਲ ਦਾ ਪ੍ਰਬੰਧ ਬਾਬਾ ਗੁਰਦਾਸ ਜੀ ਦੱਖਣੀ ਦੇ ਸੇਵਕ ਬਾਬਾ ਛੰਦੇ ਸ਼ਾਹ ਦੀ ਸ਼੍ਰੇਣੀ ਦੇ ਉਦਾਸੀ ਸਾਧੂ ਕਰਦੇ ਰਹੇ ਹਨ।

**ਲੌਂਗੋਵਾਲ (ਪੰਜਾਬ):-** ਬਾਬਾ ਗੁਰਦਾਸ ਜੀ ਦੱਖਣੀ ਨੇ ਨਾਨਕਮਤਾ ਸਾਹਿਬ ਤੋਂ ਆਪਣੇ ਸੇਵਕ ਖਿਆਲੀ ਦਾਸ ਨੂੰ ਇਸ ਪਾਸੇ ਗੁਰਸਿੱਖਾਂ ਵਿਚ ਧਰਮ ਦਾ ਪ੍ਰਚਾਰ ਕਰਨ ਲਈ ਭੇਜਿਆ। ਖਿਆਲੀ ਦਾਸ ਜੀ ਨੇ ਸੰਮਤ ੧੭੫੫ (੧੬੯੮ ਈ.) ਵਿਚ ਇਸ ਇਲਾਕੇ ਵਿਚ ਧਰਮਸਾਲ ਸਥਾਪਿਤ ਕੀਤੀ।

**ਪਿੰਡ ਦਿਬੜਾ, ਤਹਿਸੀਲ ਭਵਾਨੀ:-** ਲੌਂਗੋਵਾਲ ਤੋਂ ਸੰਤ ਖਿਆਲੀ ਦਾਸ ਨੇ ਇਸ ਇਲਾਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਲੱਭ ਕੇ ਉੱਥੇ "ਪੂਜਾ-ਆਸਣ" ਥਾਪਣ ਵਾਸਤੇ ਆਪਣੇ ਸੇਵਕ ਗਰੀਬ ਦਾਸ ਜੀ ਨੂੰ ਭੇਜਿਆ। ਆਪ ਜੀ ਨੇ ਪਿੰਡ ਦੇ ਬਜ਼ੁਰਗਾਂ ਤੋਂ ਪੁੱਛ ਕੇ ਜਗ੍ਹਾ ਦੀ ਨਿਸ਼ਾਨ-ਦੇਹੀ ਕੀਤੀ। ਆਪਣਾ ਆਸਣ ਜਮਾ ਕੇ ਗੁਰਬਾਣੀ ਉਪਦੇਸ਼ ਦਾ ਪ੍ਰਵਾਹ ਚਲਾਇਆ। ਇਸ ਅਸਥਾਨ ਤੇ ਅਜਕਲ ਗੁਰਦੁਆਰਾ ਸਾਹਿਬ ਸੁਸੋਭਿਤ ਹੈ।

**ਮਘਿਆਣਾ ਜਿਲ੍ਹਾ ਝੰਗ:-** (ਅੱਜਕਲ੍ਹ ਪਾਕਿਸਤਾਨ):- ਇਸ ਨਗਰ ਦੇ ਮੁਹੱਲਾ ਠਠਿਆਰਾਂ ਵਿਚ ਬਾਬਾ ਗੁਰਦਾਸ ਜੀ ਦੱਖਣੀ ਦੇ ਚੇਲੇ ਸਾਧੂ ਭਗਤੂ ਜੀ ਦੀ ਸ਼੍ਰੇਣੀ ਵਿੱਚੋਂ ਛੇਵੀਂ ਪੀੜ੍ਹੀ ਬਾਬਾ ਪ੍ਰੇਮ ਦਾਸ ਜੀ ਨੇ ਸੰਮਤ ੧੮੮੦ (੧੮੨੭ ਈ.) ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਧਰਮ ਦੇ ਪ੍ਰਚਾਰ ਲਈ ਧਰਮਸਾਲ ਬਣਵਾਈ।

**ਪਿੰਡ ਹਾਲਾ ਨਵਾਂ, ਸਿੰਧ (ਪਾਕਿਸਤਾਨ):-** ਇਸ ਪਿੰਡ ਵਿਚ ਬਾਬਾ ਗੁਰਦਾਸ ਜੀ ਦੱਖਣੀ ਦੀ ਸ਼੍ਰੇਣੀ ਵਿੱਚੋਂ ਸੰਤ ਨਿਰਦੋਖ ਦਾਸ ਜੀ ਨੇ ਸੰਮਤ ੧੯੦੧ (੧੮੪੪ ਈ.) ਵਿਚ ਇਕ ਧਰਮਸਾਲ ਬਣਵਾਈ ਅਤੇ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ।

**ਮਿਠਾ ਦਰ (ਕਰਾਚੀ):** ਇਸ ਇਲਾਕੇ ਵਿਚ ਭਾਈ ਗੁਰਦਾਸ ਜੀ ਦੱਖਣੀ ਦੀ ਸ਼੍ਰੇਣੀ ਦੇ ਸਾਧੂ ਨੰਦ ਲਾਲ ਜੀ ਨੇ ਸੰਮਤ ੧੯੫੦ (੧੮੯੩ ਈ.) ਵਿਚ ਇਕ ਧਰਮਸਾਲ ਕਾਇਮ ਕੀਤੀ ਅਤੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ।

**ਹਵਾਲਾ ਪੁਸਤਕ:**

੧. ਰਣਧੀਰ ਸਿੰਘ, ਇਤਿਹਾਸ-ਖੋਜੀ, *ਉਦਾਸੀ ਸਿਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ ੩੪,੫੧,੧੦੭-੯-੧੨,੧੧੯-੨੦-੨੨-੨੩,੧੨੮-੩੦.

■

# ਡਿਠੇ ਸਭੇ ਥਾਵ...

*-ਸ. ਮਨਮੋਹਨ ਸਿੰਘ**

ਕੁਝ ਸਾਲ ਪਹਿਲਾਂ ਜਦੋਂ ਅਸੀਂ ਆਪਣੇ ਪਰਿਵਾਰਕ ਆਸਟ੍ਰੇਲੀਅਨ ਮਹਿਮਾਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾ ਕੇ, ਲੰਗਰ ਛਕਾ ਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਉਨ੍ਹਾਂ ਨੂੰ ਮੁਕੰਮਲ ਇਤਿਹਾਸ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਪੁੱਜੇ ਤਾਂ ਉਨ੍ਹਾਂ ਦੀ ਗੱਲ ਸੁਣ ਕੇ ਸਾਰੇ ਹੀ ਤ੍ਰਭਕ ਗਏ। ਉਨ੍ਹਾਂ ਇਤਿਹਾਸ ਜਾਣਨ ਤੋਂ ਪਹਿਲਾਂ ਸਾਨੂੰ ਇਕ ਸਵਾਲ ਕਰ ਦਿੱਤਾ! ਉਨ੍ਹਾਂ ਦਾ ਸਵਾਲ ਸੁਣ ਕੇ ਉੱਥੇ ਬੈਠੇ ਹੋਰ ਸ਼ਰਧਾਲੂ ਵੀ ਹੈਰਾਨ ਹੋ ਗਏ। ਇਕ ਗੋਰੀ ਨੇ ਕਿਹਾ ਕਿ "ਸ੍ਰੀ ਹਰਿਮੰਦਰ ਸਾਹਿਬ ਦੀ ਭਵਨ ਉਸਾਰੀ ਬਹੁਤ ਕਮਾਲ ਹੈ। ਅੱਗੋਂ ਫੇਰ ਉਹ ਕਹਿੰਦੀ ਕਿ ਤੁਸੀਂ ਸਾਨੂੰ ਇਤਿਹਾਸ ਬਾਅਦ ਵਿਚ ਦੱਸਣਾ ਪਹਿਲਾਂ ਇਹ ਦੱਸੋ ਕਿ ਕੀ ਇਸ ਭਵਨ ਦੀ ਉਸਾਰੀ ਮੁਕੰਮਲ ਹੋਣ ਤੋਂ ਬਾਅਦ ਇਸ ਨੂੰ ਉਸਾਰਨ ਵਾਲਿਆਂ ਦੇ ਹੱਥ ਵਢਾ ਦਿੱਤੇ ਗਏ ਸਨ?" ਅਜਿਹਾ ਸਵਾਲ ਕਿਸੇ ਸ਼ਰਧਾਲੂ ਨੇ ਕੀਤਾ ਹੋਵੇ, ਕਦੇ ਸੁਣਿਆ ਨਹੀਂ ਸੀ।

ਆਸਟ੍ਰੇਲੀਆ ਰਹਿੰਦੇ ਸਾਡੇ ਬੱਚਿਆਂ ਦੇ ਵਾਕਫ਼ ਇਕ ਮੀਆਂ-ਬੀਵੀ ਅਤੇ ਇਕ ਉਨ੍ਹਾਂ ਦੀ ਭੈਣ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਆਗਰਾ ਸਥਿਤ ਤਾਜ ਮਹੱਲ ਵੇਖਣ ਲਈ ਵਿਸ਼ੇਸ਼ ਤੌਰ 'ਤੇ ਇੱਥੇ ਪੁੱਜੇ ਸਨ। ਉਨ੍ਹਾਂ ਨੂੰ ਅਸੀਂ ਦਿੱਲੀ ਏਅਰਪੋਰਟ ਤੋਂ ਲੈ ਕੇ ਪਹਿਲਾਂ ਤਾਜ ਮਹੱਲ ਵਿਖਾਉਣ ਆਗਰੇ ਲੈ ਕੇ ਗਏ ਸਾਂ। ਤਾਜ ਮਹੱਲ ਪੁੱਜ ਕੇ ਜਦੋਂ ਅਸੀਂ ਟਿਕਟਾਂ ਲੈਣ ਲੱਗੇ ਤਾਂ ਇੱਥੋਂ ਦੇ ਸਥਾਨਿਕ ਭਾਰਤੀ ਲੋਕਾਂ ਲਈ ਕੇਵਲ ਦਸ ਰੁਪਏ ਦੀ ਟਿਕਟ ਸੀ ਜਦੋਂ ਕਿ ਵਿਦੇਸ਼ੀਆਂ ਵਾਸਤੇ ਸੌ ਰੁਪਏ ਸੀ। ਟਿਕਟਾਂ ਲੈਣ ਲੱਗਿਆਂ ਸਾਡੇ ਵਿਦੇਸ਼ੀ ਮਹਿਮਾਨਾਂ ਨੇ ਸਾਨੂੰ ਰੋਕ ਦਿੱਤਾ। ਉਦੋਂ ਉਨ੍ਹਾਂ ਦਾ ਗ਼ੁੱਸਾ ਵੀ ਵੇਖਣ ਵਾਲਾ ਸੀ। ਉਨ੍ਹਾਂ ਟਿਕਟ ਦੇਣ ਵਾਲੇ ਨੂੰ ਖਰੀਆਂ-ਖਰੀਆਂ ਸੁਣਾਈਆਂ। ਉਨ੍ਹਾਂ ਕਿਹਾ ਕਿ ਭਾਰਤੀਆਂ ਦਾ ਵਿਦੇਸ਼ੀਆਂ ਪ੍ਰਤੀ ਇਹ ਵਿਤਕਰਾ ਬਰਦਾਸ਼ਤ ਕਰਨ ਯੋਗ ਨਹੀਂ। ਉਹ ਆਸਟ੍ਰੇਲੀਆ ਤੋਂ ਲੱਖਾਂ ਰੁਪਏ ਖ਼ਰਚ ਕੇ, ਵਿਸ਼ੇਸ਼ ਤੌਰ 'ਤੇ ਇਸ ਨੂੰ ਵੇਖਣ ਆਏ ਹਨ। ਵਿਦੇਸ਼ੀਆਂ ਨਾਲ ਇਹ ਵਿਤਕਰਾ ਕਿਉਂ? ਇਕ ਨੇ ਕਿਹਾ ਕਿ, "ਉਹ ਦਿੱਲੀ ਹੋਟਲ ਵਿਚ ਠਹਿਰੇ, ਉੱਥੇ ਪੈਸਾ ਖ਼ਰਚਿਆ। ਇੱਥੇ ਰਹਾਂਗੇ ਤਾਂ ਹੋਟਲ ਦਾ ਖਰਚਾ ਕਰਾਂਗੇ। ਤੁਸੀਂ ਟਿਕਟ ਜ਼ਰੂਰ ਲਾਓ, ਪਰ ਟਿਕਟ ਲਾਉਣ ਵਿਚ ਵਿਤਕਰਾ ਨਾ ਕਰੋ।" ਉਨ੍ਹਾਂ ਦਾ ਇਹ ਵੀ ਤਰਕ

*# ੨੫, ਐਸ. ਜੀ. ਐਨਕਲੇਵ, ਫੇਜ਼-੧, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ। ਮੋ. +੯੧-੮੩੬੦੩੮੧੫੯੭

ਸੀ ਕਿ ਉਨ੍ਹਾਂ ਵਾਪਸ ਜਾ ਕੇ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਤੇ ਵਾਕਫ਼ ਸੱਜਣਾਂ ਨੂੰ ਦੱਸਣਾ ਸੀ ਕਿ ਤਾਜ ਮਹੱਲ ਬਹੁਤ ਖ਼ੂਬਸੂਰਤ ਹੈ, ਜ਼ਰੂਰ ਵੇਖਣਾ ਚਾਹੀਦਾ ਹੈ। ਪਰ ਹੁਣ ਅਸੀਂ ਜਾ ਕੇ ਇਹ ਦੱਸਾਂਗੇ ਕਿ ਭਾਰਤੀ ਲੋਕ ਵਿਦੇਸ਼ੀਆਂ ਨਾਲ ਵਿਤਕਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਗੱਲ ਸੌ ਰੁਪਏ ਦੀ ਨਹੀਂ, ਸਗੋਂ ਤੁਹਾਡੇ ਵੱਲੋਂ ਭਾਰਤੀਆਂ ਤੇ ਵਿਦੇਸ਼ੀਆਂ ਵਿਚਾਲੇ ਕੀਤੇ ਜਾ ਰਹੇ ਵਿਤਕਰੇ ਬਾਰੇ ਉੱਥੇ ਜਾ ਕੇ ਦੱਸਾਂਗੇ ਤਾਂ ਉਹ ਵੀ ਬਰਦਾਸ਼ਤ ਨਹੀਂ ਕਰਨਗੇ ਕਿਉਂਕਿ ਸਾਡੇ ਦੇਸ਼ ਵਿਚ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਹੁੰਦਾ। ਉਨ੍ਹਾਂ ਇਕ ਗੱਲ ਹੋਰ ਵੀ ਆਖੀ ਕਿ, "ਆਸਟ੍ਰੇਲੀਆ ਵਿਚ ਵੀ ਵੇਖਣ ਵਾਲੀਆਂ ਥਾਵਾਂ ਦੀ ਕੋਈ ਕਮੀ ਨਹੀਂ ਪਰ ਉੱਥੇ ਵਿਦੇਸ਼ੀਆਂ ਲਈ ਵੀ ਇੱਕੋ ਜਿੰਨੀ ਟਿਕਟ ਹੁੰਦੀ ਹੈ। ਇਕ ਨੇ ਇਹ ਵੀ ਗੱਲ ਕਰ ਦਿੱਤੀ ਕਿ ਸ਼ਾਹਜਹਾਨ ਨੇ ਇਸ ਮਹੱਲ ਨੂੰ ਆਪਣੀ ਪਤਨੀ ਦੀ ਯਾਦ ਵਿਚ ਪਤਾ ਨਹੀਂ ਕਿੰਨਾ ਕੁ ਪੈਸਾ ਖ਼ਰਚ ਕੇ ਬਣਾਇਆ ਹੋਵੇਗਾ ਅਤੇ ਇਹ ਵੀ ਨਹੀਂ ਸੋਚਿਆ ਹੋਵੇਗਾ ਕਿ ਉਹ ਜਾਂ ਫਿਰ ਉਸ ਤੋਂ ਅੱਗੋਂ ਆਉਣ ਵਾਲੀਆਂ ਪੀੜ੍ਹੀਆਂ ਜਾਂ ਰਾਜ-ਭਾਗ ਕਰਨ ਵਾਲੇ ਇਸ ਤਾਜ ਮਹੱਲ ਨੂੰ ਆਪਣੀ ਆਮਦਨ ਦਾ ਸਾਧਨ ਬਣਾਉਣਗੇ।" ਉਨ੍ਹਾਂ ਨਾਲ ਆਇਆ ਤੇ ਚੁੱਪ ਕਰ ਕੇ ਖੜ੍ਹਾ ਮਰਦ ਦੋਵਾਂ ਭੈਣਾਂ ਦੀ ਗੱਲਬਾਤ ਸੁਣ ਰਿਹਾ ਸੀ, ਉਹ ਵੀ ਬੋਲ ਪਿਆ- "ਇਸ ਮਹੱਲ ਨੂੰ ਸਰਕਾਰ ਆਮਦਨ ਦਾ ਸਾਧਨ ਨਾ ਬਣਾਵੇ ਸਗੋਂ, ਇਸ ਦੀ ਸਾਂਭ-ਸੰਭਾਲ ਲਈ ਹੀ ਥੋੜ੍ਹੀ ਟਿਕਟ ਲਾ ਕੇ ਪੈਸੇ ਇਕੱਠੇ ਕਰੇ।"

ਟਿਕਟ ਖਿੜਕੀ 'ਤੇ ਬੈਠੇ ਦੋ ਸੱਜਣਾਂ ਨੂੰ ਉਨ੍ਹਾਂ ਦੀ ਕੋਈ ਗੱਲ ਸਮਝ ਵੀ ਆਈ ਹੋਵੇਗੀ ਜਾਂ ਨਹੀਂ ਪਰ ਕਿਸੇ ਨੇ ਅੱਗੋਂ ਕੋਈ ਬਹਿਸ ਨਹੀਂ ਸੀ ਕੀਤੀ।

ਅਖੀਰ, ਅਸੀਂ ਟਿਕਟਾਂ ਲਈਆਂ ਅਤੇ ਅੰਦਰ ਚਲੇ ਗਏ। ਉਨ੍ਹਾਂ ਵੀ ਤਾਜ ਮਹੱਲ ਵੇਖਿਆ, ਉਸ ਦੀ ਉਸਾਰੀ ਨੂੰ ਸਲਾਹਿਆ। ਇਕ ਗਾਈਡ ਨੇ ਜਿਹੜਾ ਉੱਥੇ ਜਾਣਕਾਰੀ ਦੇ ਰਿਹਾ ਸੀ, ਇਹ ਗੱਲ ਵੀ ਦੱਸੀ ਸੀ ਕਿ ਸ਼ਾਹਜਹਾਨ ਨੇ ਇਸ ਮਹੱਲ ਦੀ ਉਸਾਰੀ ਮੁਕੰਮਲ ਹੋਣ ਤੋਂ ਬਾਅਦ ਉਸਾਰੀ ਕਰਨ ਵਾਲੇ ਕਾਰੀਗਰਾਂ ਦੇ ਹੱਥ ਵਢਾ ਦਿੱਤੇ ਸਨ ਤਾਂ ਜੋ ਭਵਿੱਖ ਵਿਚ ਕੋਈ ਵੀ ਬਾਦਸ਼ਾਹ ਅਜਿਹਾ ਤਾਜ ਮਹੱਲ ਨਾ ਬਣਵਾ ਸਕੇ।

ਕਾਰੀਗਰਾਂ ਦੇ ਹੱਥ ਵਢਾਉਣ ਵਾਲੀ ਗੱਲ ਮਹਿਮਾਨਾਂ ਦੇ ਮਨ ਵਿਚ ਘਰ ਕਰ ਗਈ ਸੀ। ਇਸੇ ਲਈ ਜਦੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਭਵਨ ਨਿਰਮਾਣਕਾਰੀ ਨੂੰ ਵੇਖਿਆ ਤਾਂ ਉਨ੍ਹਾਂ ਅੰਦਰ ਇਹ ਸ਼ੰਕਾ ਪੈਦਾ ਹੋਣਾ ਕੁਦਰਤੀ ਸੀ ਕਿ ਕੀ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਤੋਂ ਮਗਰੋਂ ਇਸ ਨੂੰ ਉਸਾਰਨ ਵਾਲੇ ਕਾਰੀਗਰਾਂ ਦੇ ਹੱਥ ਵੀ ਵਢਾ ਦਿੱਤੇ ਗਏ ਸਨ?

ਸੂਚਨਾ ਕੇਂਦਰ ਵਿਚ ਜਦੋਂ ਸੂਚਨਾ ਅਧਿਕਾਰੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਬਾਰੇ ਸਪੱਸ਼ਟ ਕੀਤਾ ਕਿ ਇਹ ਕਿਸੇ ਰਾਜੇ-ਮਹਾਰਾਜੇ ਦਾ ਬਣਾਇਆ

ਭਵਨ ਨਹੀਂ ਸਗੋਂ ਇਹ ਤਾਂ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਦੀ ਆਗਿਆ ਅਨੁਸਾਰ ਉਸਾਰਿਆ ਸੀ, ਜਿਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ- *ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ* ਉਨ੍ਹਾਂ ਨੂੰ ਦੱਸਿਆ ਕਿ ਇਸ ਦੇ ਮੁੱਖ ਦਰਵਾਜ਼ੇ 'ਤੇ ਵੀ ਇਹ ਸ਼ਬਦ ਉੱਕਰੇ ਹੋਏ ਹਨ ਜੋ ਕਿ ਗੁਰਬਾਣੀ ਵਿਚ ਦਰਜ ਹਨ।

ਸੂਚਨਾ ਅਧਿਕਾਰੀ ਦੇ ਦੱਸੇ ਵੇਰਵੇ ਤੋਂ ਉਨ੍ਹਾਂ ਦੀ ਪੂਰਨ ਤਸੱਲੀ ਹੋ ਗਈ ਸੀ। ਫਿਰ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਪੂਰਨ ਇਤਿਹਾਸ ਬਾਰੇ ਪੂਰੀ ਨਿਸ਼ਠਾ ਨਾਲ ਜਾਣਕਾਰੀ ਲਈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨੂੰ ਉੱਚੀ ਥਾਂ ਦੀ ਬਜਾਇ ਨੀਵੀਂ ਥਾਂ 'ਤੇ ਬਣਾਉਣ, ਇਹਦੇ ਨਾਲ ਸਰੋਵਰ ਦੀ ਸਥਾਪਨਾ ਅਤੇ ਚਾਰ ਮੁੱਖ ਦਰਵਾਜ਼ਿਆਂ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਨੂੰ ਉੱਥੇ ਠਹਿਰਨ ਦੀ ਸਹੂਲਤ ਬਾਰੇ ਵੀ ਦੱਸਿਆ।

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਬਾਰੇ ਸੁਣ ਕੇ ਆਸਟ੍ਰੇਲੀਅਨ ਮਹਿਮਾਨ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਵਿਚ ਸ਼ਾਮਲ ਅੰਜਲਾ ਨੇ ਕਿਹਾ ਕਿ, "ਸਾਨੂੰ ਹੈਰਾਨਗੀ ਹੋ ਰਹੀ ਹੈ ਕਿ ਕਿਸੇ ਨੇ ਸਾਨੂੰ ਇਹ ਨਹੀਂ ਕਿਹਾ ਕਿ ਅੰਦਰ ਜਾਣ ਦੀ ਟਿਕਟ ਦੇ ਪੈਸੇ ਦਿਓ, ਲੰਗਰ ਛਕ ਕੇ ਆਏ ਹਾਂ, ਬਹੁਤ ਸਵਾਦ ਸੀ, ਕਿਸੇ ਨੇ ਪੈਸੇ ਨਹੀਂ ਮੰਗੇ, ਸੂਚਨਾ ਕੇਂਦਰ ਵਿਚ ਚਾਹ ਵੀ ਪਿਆਈ ਗਈ, ਪ੍ਰਬੰਧਕਾਂ ਵਲੋਂ ਸਨਮਾਨ ਵੀ ਦਿੱਤਾ ਗਿਆ, ਇਸ ਸਭ ਤੋਂ ਹੈਰਾਨੀ ਹੋ ਰਹੀ ਹੈ। ਇਹ ਸਭ ਕਿਸ ਤਰ੍ਹਾਂ ਹੋ ਰਿਹੈ? ਜਾਣਕਾਰੀ ਹੋਣੀ ਚਾਹੀਦੀ ਹੈ।"

ਅੰਜਲਾ ਨੇ ਕਿਹਾ, "ਇਹ ਕਿਸ ਤਰ੍ਹਾਂ ਦਾ ਵੱਖਰੀ ਕਿਸਮ ਦਾ ਧਰਮ ਹੈ, ਇਸ ਬਾਰੇ ਅੱਜ ਪਤਾ ਲੱਗਾ ਹੈ! ਆਸਟ੍ਰੇਲੀਆ ਵਿਚ ਉੱਥੇ ਵੱਸਦੇ ਸਿੱਖਾਂ ਨੇ ਗੁਰਦੁਆਰੇ ਬਣਾ ਲਏ ਹਨ, ਉੱਥੇ ਮੁਫ਼ਤ ਲੰਗਰ ਚਲਦੇ ਹਨ, ਜਿੱਥੇ ਵੀ ਕੋਈ ਮੁਸੀਬਤ ਆਉਂਦੀ ਹੈ, ਸਿੱਖ ਹਰ ਤਰ੍ਹਾਂ ਦੀ ਮਦਦ ਕਰਦੇ ਹਨ।" ਉਹਦਾ ਇਹ ਵੀ ਕਹਿਣਾ ਸੀ ਕਿ ਉਹ ਵਿਦਿਆਰਥੀ, ਜਿਹੜੇ ਉੱਥੇ ਪੜ੍ਹਨ ਗਏ ਹਨ, ਉਹ ਵੀ ਲੰਗਰ ਵਿਚ ਹਿੱਸਾ ਪਾਉਂਦੇ ਹਨ।

ਸੂਚਨਾ ਅਧਿਕਾਰੀ ਨੇ ਉਸ ਨੂੰ ਟੋਕਦਿਆਂ ਕਿਹਾ, ਹਰ ਸਿੱਖ ਆਪਣੀ ਕਮਾਈ ਵਿੱਚੋਂ ਦਸਵੰਧ ਵੀ ਕੱਢਦਾ ਹੈ। ਅੰਜਲਾ ਦਾ ਕਹਿਣਾ ਸੀ ਕਿ, "ਚਰਚ ਵਿਚ ਕੇਵਲ ਈਸਾਈ ਹੀ ਆਉਂਦੇ ਹਨ। ਪਰ, ਅਸੀਂ ਹੈਰਾਨ ਹਾਂ ਕਿ ਇਸ ਅਸਥਾਨ ਨੂੰ ਸਾਰੇ ਧਰਮਾਂ ਦੇ ਲੋਕੀਂ ਮੰਨਦੇ ਹਨ ਤੇ ਇੱਥੇ ਸਿੱਖ, ਮੁਸਲਿਮ, ਹਿੰਦੂ, ਈਸਾਈ, ਸਾਰਿਆਂ ਲਈ ਦਰਵਾਜ਼ੇ ਖੁੱਲ੍ਹੇ ਹਨ।"

ਉਨ੍ਹਾਂ ਕਿਹਾ ਕਿ ਸਾਨੂੰ ਕਿਸੇ ਨੇ ਪੁੱਛਿਆ ਨਹੀਂ ਕਿ ਤੁਸੀਂ ਕੌਣ ਹੋ, ਕਿੱਥੋਂ ਆਏ ਹੋ, ਕਿਸ ਧਰਮ ਨਾਲ ਸੰਬੰਧਿਤ ਹੋ? ਉਨ੍ਹਾਂ ਕਿਹਾ ਕਿ ਅਸੀਂ ਬਹੁਤ ਦੇਸ਼ ਘੁੰਮੇ ਹਾਂ,

ਪਰ ਅਜਿਹਾ ਵਰਤਾਰਾ ਨਹੀਂ ਵੇਖਿਆ, ਅਜਿਹਾ ਧਰਮ ਨਹੀਂ ਵੇਖਿਆ।

ਉਹ ਸਿੱਖ ਧਰਮ ਬਾਰੇ ਜਾਣਕਾਰੀ ਲੈ ਕੇ ਬਹੁਤ ਹੈਰਾਨ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਆਸਟ੍ਰੇਲੀਆ ਵਿਚ ਕਦੇ ਵੀ ਕਿਸੇ ਗੁਰਦੁਆਰੇ ਵਿਚ ਨਹੀਂ ਗਏ। ਪਰ ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਇਕ ਵੱਖਰਾ ਵਰਤਾਰਾ ਹੈ ਅਤੇ ਇਹ ਸਭ ਕੁਝ ਸਾਡੇ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਸਾਨੂੰ ਇੱਥੇ ਆ ਕੇ ਜਿੱਥੇ ਬਹੁਤ ਮਾਣ ਮਿਲਿਆ ਹੈ, ਉੱਥੇ ਇਕ ਵੱਖਰੇ ਧਰਮ ਦੇ ਲੋਕਾਂ (ਸਿੱਖਾਂ) ਬਾਰੇ ਜਾਣਨ ਦਾ ਮੌਕਾ ਵੀ ਮਿਲਿਆ ਹੈ। ਇਸ 'ਤੇ ਆਸਟ੍ਰੇਲੀਅਨ ਲੋਕੀਂ ਮਾਣ ਵੀ ਕਰ ਸਕਦੇ ਹਨ।

ਉਨ੍ਹਾਂ ਨੂੰ ਅਸੀਂ ਇੱਥੇ ਹੋਟਲ ਵਿਚ ਠਹਿਰਾਇਆ ਸੀ। ਉਹ ਰੋਜ਼ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਚਲੇ ਜਾਂਦੇ ਸਨ। ਪਰਕਰਮਾ ਵਿਚ ਵੀ ਬਹਿੰਦੇ, ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਸੁਣਦੇ (ਭਾਵੇਂ ਉਨ੍ਹਾਂ ਦੀ ਸਮਝ ਵਿਚ ਵੀ ਕੁਝ ਨਹੀਂ ਸੀ ਆਉਂਦਾ)। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇਕ ਅਜੀਬ ਜਿਹਾ ਸਕੂਨ ਮਹਿਸੂਸ ਹੁੰਦਾ ਸੀ, ਜਿਹੜਾ ਉਨ੍ਹਾਂ ਨੂੰ ਬਹੁਤ ਚੰਗਾ ਲਗਦਾ ਸੀ।

ਤਿੰਨ ਦਿਨ ਮਗਰੋਂ ਉਨ੍ਹਾਂ ਵਾਪਸ ਜਾਣ ਬਾਰੇ ਦੱਸਿਆ। ਅਸੀਂ ਉਨ੍ਹਾਂ ਨੂੰ ਦਿੱਲੀ ਜਾਣ ਲਈ ਟੈਕਸੀ ਕਰ ਕੇ ਦਿੱਤੀ। ਉਹ ਬਹੁਤ ਖ਼ੁਸ਼ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਤਿੰਨ ਦਿਨ ਕੇਵਲ ਸ੍ਰੀ ਦਰਬਾਰ ਸਾਹਿਬ ਵਿਚ ਹੀ ਗੁਜ਼ਾਰੇ ਹਨ ਅਤੇ ਜੋ ਕੁਝ ਇੱਥੇ ਮਹਿਸੂਸ ਕੀਤਾ, ਉਹਦੇ ਬਾਰੇ ਉਨ੍ਹਾਂ ਲਈ ਬਿਆਨ ਕਰਨਾ ਬਹੁਤ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਉਨ੍ਹਾਂ ਲਈ ਬਹੁਤ ਸੁਖਦ ਅਤੇ ਯਾਦਗਾਰੀ ਸਾਬਤ ਹੋਏ ਹਨ। ਅਸੀਂ ਬਹੁਤ ਧੰਨਵਾਦੀ ਹਾਂ ਤੇ ਇਹ ਯਾਤਰਾ ਯਾਦ ਵੀ ਰੱਖਾਂਗੇ, ਹੋਰ ਮਿੱਤਰਾਂ ਨੂੰ ਵੀ ਦੱਸਾਂਗੇ। ਇੰਨਾ ਹੀ ਨਹੀਂ, ਸਾਡਾ ਸਿੱਖ ਧਰਮ ਪ੍ਰਤੀ ਜਿਹੜਾ ਨਜ਼ਰੀਆ ਇਹ ਸਭ ਵੇਖ ਕੇ ਬਣਿਆ ਹੈ, ਉਸ ਬਾਰੇ ਆਪਣਿਆਂ ਨੂੰ ਦੱਸਾਂਗੇ।

ਉਨ੍ਹਾਂ ਦੇ ਹੱਥ ਵਿਚ ਪਲਾਸਟਿਕ ਦੀ ਫੜੀ ਕੈਨੀ ਬਾਰੇ ਜਦੋਂ ਉਨ੍ਹਾਂ ਨੂੰ ਪੁੱਛਿਆ ਤਾਂ ਅੱਗੋਂ ਉਨ੍ਹਾਂ ਦਾ ਜਵਾਬ ਸੀ, "ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦਾ ਇਹ ਪਵਿੱਤਰ ਜਲ ਅਸੀਂ ਨਾਲ ਲੈ ਕੇ ਚੱਲੇ ਹਾਂ। ਤੁਹਾਡਾ ਧੰਨਵਾਦ!"

■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਮਾਂ ਪਿਉ ਦੀ ਸੇਵਾ ਹੀ ਰੱਬ ਦੀ ਪੂਜਾ ਹੈ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਇਸ ਫਾਨੀ ਸੰਸਾਰ ਵਿਚ ਮਨੁੱਖ ਨੇ ਬਹੁਤ ਹੀ ਪਿਆਰੇ ਰਿਸ਼ਤੇ ਬਣਾਏ ਹਨ। ਪਰ ਇਨ੍ਹਾਂ ਸਾਰੇ ਰਿਸ਼ਤਿਆਂ ਵਿੱਚੋਂ ਅਤਿ ਪਿਆਰਾ ਰਿਸ਼ਤਾ ਹੁੰਦਾ ਹੈ, ਮਾਂ ਅਤੇ ਪਿਉ ਦਾ। ਕੋਈ ਵੀ ਮਨੁੱਖ ਇਸ ਜਨਮ ਵਿਚ ਆਪਣੇ ਮਾਂ ਪਿਉ ਦਾ ਕਰਜ਼ ਕਦੇ ਵੀ ਨਹੀਂ ਉਤਾਰ ਸਕਦਾ, ਪਰ ਅੱਜ ਸਾਡੇ ਸਮਾਜ ਵਿਚ ਜਦੋਂ ਕਦੇ ਕਦਾਈਂ ਕਿਸੇ ਪੁੱਤ ਧੀ ਵੱਲੋਂ ਆਪਣੇ ਮਾਤਾ-ਪਿਤਾ ਦੀ ਸੇਵਾ ਨੂੰ ਆਪਣੇ 'ਤੇ ਬੋਝ ਸਮਝਦੇ ਹੋਏ, ਇਸ ਬਹੁਤ ਹੀ ਪਿਆਰੇ ਰਿਸ਼ਤੇ ਦੀ ਨਿਰਾਦਰੀ ਕਰਦੇ ਹੋਏ ਪੜ੍ਹੀਦਾ, ਸੁਣੀਦਾ ਜਾਂ ਵੇਖੀਦਾ ਹੈ ਤਾਂ ਹਰ ਆਮ ਮਨੁੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸੋ ਪਿਆਰਿਓ, ਇਸੇ ਕਰਕੇ ਹੀ ਭਾਈ ਗੁਰਦਾਸ ਜੀ ਆਪਣੀ ਪਵਿੱਤਰ ਵਾਰ ਵਿਚ ਮਾਂ ਪਿਉ ਦੀ ਸੇਵਾ ਬਾਰੇ ਆਪਣਾ ਬਹੁਤ ਹੀ ਪਿਆਰਾ ਉਪਦੇਸ਼ ਦੇ ਰਹੇ ਹਨ:

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।<br>
*ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ। (ਵਾਰ ੩੭:੧੩)*

ਭਾਈ ਗੁਰਦਾਸ ਜੀ ਉਪਦੇਸ਼ ਕਰਦੇ ਹਨ ਕਿ ਜਿਹੜਾ ਮਨੁੱਖ ਆਪਣੇ ਘਰ ਵਿਚ ਮਾਂ ਪਿਉ ਦੀ ਸੇਵਾ ਨਹੀਂ ਕਰਦਾ, ਐਸਾ ਮਨੁੱਖ ਜਿੰਨੇ ਮਰਜ਼ੀ ਧਰਮ ਗ੍ਰੰਥ, ਵੇਦ ਸ਼ਾਸਤਰ ਜਾਂ ਹੋਰ ਧਾਰਮਿਕ ਕਿਤਾਬਾਂ ਆਦਿ ਸਦਾ ਪੜ੍ਹਦਾ ਰਹੇ, ਪਰ ਜੇ ਉਹ ਉਨ੍ਹਾਂ 'ਤੇ ਅਮਲ ਨਹੀਂ ਕਰਦਾ ਤਾਂ ਸਮਝ ਲਵੋ ਕਿ ਉਹ ਉਨ੍ਹਾਂ ਨੂੰ ਸਿਰਫ ਕਹਾਣੀਆਂ ਵਾਂਗੂੰ ਹੀ ਪੜ੍ਹ ਰਿਹਾ ਹੈ ਕਿਉਂਕਿ ਘਰ ਵਿਚ ਮਾਂ ਪਿਉ ਦੀ ਸੇਵਾ ਹੀ, ਰੱਬ ਦੀ ਪੂਜਾ ਹੁੰਦੀ ਹੈ ਅਤੇ ਐਸਾ ਮਨੁੱਖ ਜੰਗਲਾਂ ਆਦਿ ਵਿਚ ਜਾ ਕੇ ਰੱਬ ਦੇ ਨਾਮ ਦਾ ਤਪ ਆਦਿ ਵੀ ਕਰਦਾ ਫਿਰੇ, ਉਹ ਸਮਝ ਲਵੇ ਕਿ ਬੀਆਬਾਨ ਵਿਚ ਸਿਰਫ ਤੇ ਸਿਰਫ ਭਟਕਦਾ ਹੀ ਫਿਰਦਾ ਹੈ। ਭਾਈ ਗੁਰਦਾਸ ਜੀ ਅੱਗੇ ਫੁਰਮਾਅ ਰਹੇ ਹਨ- *ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ। ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣਵਾਣੀ।* ਜਿਹੜਾ ਮਨੁੱਖ ਆਪਣੇ ਮਾਂ ਪਿਉ ਦੀ ਸੇਵਾ ਨਹੀਂ ਕਰਦਾ, ਐਸਾ ਮਨੁੱਖ ਦੇਵੀ ਦੇਵਤਿਆਂ ਦੀ ਵੀ ਜਿੰਨੀ ਮਰਜ਼ੀ ਪੂਜਾ ਜਾਂ ਸੇਵਾ ਆਦਿ ਕਰਦਾ ਰਹੇ, ਦੇਵੀ ਦੇਵਤੇ ਵੀ ਇਸ ਦੀ ਕੀਤੀ ਹੋਈ ਪੂਜਾ ਜਾਂ ਸੇਵਾ ਨੂੰ ਬਿਲਕੁਲ ਹੀ ਪ੍ਰਵਾਨ ਨਹੀਂ ਕਰਦੇ ਅਤੇ ਐਸਾ ਮਨੁੱਖ ਇਸ ਦੁਨੀਆ ਵਿਚ ੬੮ ਤੀਰਥਾਂ 'ਤੇ ਜਾ ਕੇ ਵੀ ਇਸ਼ਨਾਨ ਕਰਦਾ ਫਿਰੇ, ਉਹ ਸਮਝ ਲਵੇ ਕਿ ਉਹ ਪਾਣੀ ਦੀ ਘੁੰਮਣਵਾਲੀ ਵਿਚ ਘਿਰਿਆ ਸਿਰਫ ਗੋਤੇ ਹੀ ਖਾਂਦਾ ਫਿਰਦਾ ਹੈ:

*ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।*

**# ੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ੧੪੩੦੦੧। ਮੋ. ੯੮੧੫੧ ੪੩੫੨੬*

*ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।*
*ਗੁਰੁ ਪਰਮੇਸਰੁ ਸਾਰੁ ਨ ਜਾਣੀ ॥੧੩॥* *(ਵਾਰ ੩੭:੧੩)*

ਪਵਿੱਤਰ ਬਾਣੀ ਐਸੇ ਮਨੁੱਖ ਨੂੰ, ਜੋ ਆਪਣੇ ਮਾਂ ਪਿਉ ਦੀ ਸੇਵਾ ਤਾਂ ਨਹੀਂ ਕਰਦਾ, ਸਗੋਂ ਸੇਵਾ ਨਾ ਕਰ ਕੇ ਉਨ੍ਹਾਂ ਦੀ ਨਿਰਾਦਰੀ ਕਰਦਾ ਰਹਿੰਦਾ ਹੈ, ਪਵਿੱਤਰ ਬਾਣੀ ਨੇ ਐਸੇ ਮਨੁੱਖ ਨੂੰ ਬਹੁਤ ਵੱਡੇ ਬੇਈਮਾਨ, ਅਗਿਆਨੀ ਅਤੇ ਭੇਖੀ ਮਨੁੱਖ ਦਾ ਦਰਜਾ ਦਿੱਤਾ ਹੈ, ਮਾਂ ਪਿਉ ਦੀ ਸੇਵਾ ਨਾ ਕਰਨ ਵਾਲੇ ਐਸੇ ਮਨੁੱਖ ਦਾ ਕੀਤਾ ਹੋਇਆ ਦਾਨ-ਪੁੰਨ ਜਾਂ ਸੇਵਾ ਸਭ ਵਿਅਰਥ ਹੀ ਜਾਂਦਾ ਹੈ, ਸਮਾਜ ਵਿਚ ਐਸਾ ਮਨੁੱਖ ਸਿਰਫ ਲੋਕ ਦਿਖਾਵਾ ਹੀ ਕਰਦਾ ਫਿਰਦਾ ਹੈ ਅਤੇ ਮਾਂ ਪਿਉ ਦੀ ਸੇਵਾ ਨੂੰ ਛੱਡ ਕੇ ਉਹ ਜਿੰਨੇ ਮਰਜ਼ੀ ਜਪ ਤਪ ਅਤੇ ਵਰਤ ਨੇਮ ਆਦਿ ਕਰਦਾ ਫਿਰੇ, ਉਹ ੮੪ ਲੱਖ ਜੂਨਾਂ ਵਿਚ ਭਟਕਦਾ ਹੋਇਆ, ਸਦਾ ਜੰਮਦਾ ਮਰਦਾ ਹੀ ਰਹੇਗਾ। ਮਾਂ ਪਿਉ ਦੀ ਸੇਵਾ ਨਾ ਕਰਨ ਵਾਲਾ ਐਸਾ ਮਨੁੱਖ, ਸਤਿਗੁਰੂ ਜੀ ਦੇ ਉਪਦੇਸ਼ਾਂ ਦੀ ਵੀ ਕੋਈ ਸਾਰ ਨਹੀਂ ਜਾਣੇਗਾ। ਸੋ ਹਰ ਮਨੁੱਖ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਪਿਆਰਿਆ, ਜੇ ਤੇਰੇ ਘਰ ਵਿਚ ਤੇਰੇ ਪਿਆਰੇ ਮਾਂ ਪਿਉ ਮੌਜੂਦ ਹਨ ਤਾਂ ਸਮਝ ਲਵੀਂ ਕਿ ਤੇਰੇ ਲਈ ਰੱਬ ਤੇਰੇ ਘਰ ਵਿਚ ਹੀ ਮੌਜੂਦ ਹੈ। ਬੁਢੇਪਾ ਆਉਣ 'ਤੇ ਤੇਰੇ ਮਾਤਾ ਪਿਤਾ ਜੀ ਤੇਰੇ 'ਤੇ ਬਹੁਤ ਹੀ ਆਸਾਂ ਲਾਈ ਬੈਠੇ ਹਨ, ਵੇਖੀਂ ਕਿਤੇ, ਉਨ੍ਹਾਂ ਦੀਆਂ ਪਿਆਰੀਆਂ ਅਤੇ ਸ਼ੁਭ ਆਸਾਂ 'ਤੇ ਕਿਤੇ ਪਾਣੀ ਨਾਂ ਫੇਰ ਦੇਵੀਂ। ਹਾਂ, ਇੱਥੇ ਹਰ ਘਰ ਵਿਚ ਰਹਿੰਦੇ ਹੋਏ ਮਾਤਾ ਪਿਤਾ ਜੀ ਨੂੰ ਵੀ ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪੁੱਤਰਾਂ ਧੀਆਂ ਅਤੇ ਨੂੰਹਾਂ ਦੇ ਛੋਟੇ ਮੋਟੇ ਅਉਗਣਾਂ ਵੱਲ ਬਿਲਕੁਲ ਹੀ ਧਿਆਨ ਨਾ ਦੇਣ ਅਤੇ ਉਨ੍ਹਾਂ ਨੂੰ ਆਪਣੇ ਪਿਆਰੇ ਬੱਚੇ ਜਾਣ ਕੇ ਬਹੁਤ ਹੀ ਹਲੇਮੀ ਅਤੇ ਪਿਆਰ ਨਾਲ ਸਮਝਾ ਕੇ, ਆਪਣੇ ਘਰ ਨੂੰ ਸ਼ਾਂਤੀ ਦਾ ਖ਼ਜ਼ਾਨਾ ਆਪ ਹੀ ਬਣਾ ਲੈਣ ਅਤੇ ਆਪਣੀ ਸੇਵਾ ਕਰਾਉਣ ਦੇ ਆਪ ਹੀ ਸਦਾ ਪਾਤਰ ਬਣ ਜਾਣ। ਸੋ ਇਸ ਸਮਾਜ ਵਿਚ ਵਿਚਰਦਿਆਂ ਹੋਇਆਂ ਆਮ ਹੀ ਕਈ ਘਰਾਂ ਵਿਚ ਜਦੋਂ ਮਾਤਾ ਪਿਤਾ ਦਾ ਬਹੁਤ ਹੀ ਸਤਿਕਾਰ ਹੁੰਦਾ ਅਤੇ ਸੇਵਾ ਹੁੰਦੀ ਵੇਖੀਦੀ ਹੈ ਤਾਂ ਐਸੇ ਕਰਮਾਂ ਵਾਲੇ ਪੁੱਤਾਂ, ਧੀਆਂ ਅਤੇ ਨੂੰਹਾਂ ਦੇ ਵਿਵਹਾਰ ਵੱਲ ਦੇਖ ਕੇ ਸਤਿਕਾਰ ਨਾਲ ਹਰ ਆਦਮੀ ਦਾ ਉਨ੍ਹਾਂ ਅੱਗੇ ਸਿਰ ਝੁਕ ਜਾਂਦਾ ਹੈ, ਸੋ ਪਿਆਰਿਓ, ਗੁਰੂ-ਘਰ ਵਿਚ ਮਾਂ ਪਿਉ ਦੀ ਪਿਆਰੀ ਅਸੀਸ ਨੂੰ ਬਹੁਤ ਵੱਡੀ ਅਸੀਸ ਕਰਕੇ ਮੰਨਿਆ ਗਿਆ ਹੈ।

ਸੋ ਪਿਆਰਿਓ, ਅੱਜ ਤੋਂ ਸਾਡਾ ਹਰ ਇਕ ਦਾ ਬਹੁਤ ਵੱਡਾ ਫ਼ਰਜ਼ ਬਣਦਾ ਹੈ ਕਿ ਆਪਣੇ ਮਾਂ ਪਿਉ ਦੀ ਸੇਵਾ ਨੂੰ ਰੱਬ ਦੀ ਸੇਵਾ ਜਾਣਕੇ ਸਦਾ ਕਰਦੇ ਰਹੀਏ। ਸੋ ਜਦੋਂ ਵੀ ਕੋਈ ਮਨੁੱਖ ਪਵਿੱਤਰ ਗੁਰਬਾਣੀ ਦੇ ਇਸ ਪਿਆਰੇ ਉਪਦੇਸ਼ ਮੁਤਾਬਕ ਆਪਣੇ ਮਾਂ ਪਿਉ ਦੀ ਸੇਵਾ ਨੂੰ ਧਰਮ ਦਾ ਸਭ ਤੋਂ ਵੱਡਾ ਕਰਮ ਸਮਝ ਕੇ ਕਰਨ ਲੱਗ ਜਾਵੇਗਾ ਤਾਂ ਐਸੇ ਪਿਆਰੇ ਮਨੁੱਖ ਨੂੰ ਇਸ ਸੰਸਾਰ ਵਿਚ ਸਤਿਗੁਰੂ ਜੀ ਆਪਣੀਆਂ ਪਿਆਰੀਆਂ ਬਖਸ਼ਿਸ਼ਾਂ ਕਰਕੇ ਉਸ ਮਨੁੱਖ ਦੇ ਘਰ ਬਰਕਤਾਂ ਹੀ ਬਰਕਤਾਂ ਦੇ ਦੇਣਗੇ। ■

# ਗੁਰਬਾਣੀ ਇਸੁ ਜਗ ਮਹਿ ਚਾਨਣੁ

*ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

**੧.** ਗੁਰਬਾਣੀ ਗੁਰੂ ਦਾ ਰੂਪ ਹੈ, ਇਹ ਸਿੱਖ ਦੇ ਹਨੇਰੇ ਮਨ ਅੰਦਰ ਪ੍ਰਕਾਸ਼ ਕਰਨ ਦੀ ਵੱਡੀ ਸਮਰੱਥਾ ਰੱਖਦੀ ਹੈ ।

**੨.** ਗੁਰਬਾਣੀ 'ਤੇ ਪੂਰਨ ਭਰੋਸਾ ਰੱਖਣ ਵਾਲੇ ਸੰਤ, ਸਾਧੂ ਅਤੇ ਮਹਾਂਪੁਰਸ਼, ਸਾਰੀ ਸ੍ਰਿਸ਼ਟੀ ਦਾ ਸ਼ਿੰਗਾਰ ਹੋਇਆ ਕਰਦੇ ਹਨ ।

**੩.** ਗੁਰਬਾਣੀ ਨਾਲ ਅਥਾਹ ਪਿਆਰ ਕਰਨਾ, ਰੱਬ ਦੀ ਬੁੱਕਲ ਵਿਚ ਬੈਠਣ ਦੇ ਤੁੱਲ ਹੁੰਦਾ ਹੈ ।

**੪.** ਗੁਰਬਾਣੀ ਕੰਠ ਸਿੱਖ ਦੀ ਅਸਲ ਦੌਲਤ ਹੁੰਦੀ ਹੈ, ਇਹ ਦੌਲਤ ਜਿੰਨੀ ਵੱਧ ਹੋਵੇਗੀ, ਉਤਨੀ ਹੀ ਲਾਭਦਾਇਕ ਹੋਵੇਗੀ ।

**੫.** ਗੁਰਬਾਣੀ ਦਾ ਅਭਿਆਸੀ ਸਿੱਖ, ਰੱਬ ਦੇ ਅਟੁੱਟ ਖ਼ਜ਼ਾਨੇ ਸਦਾ ਆਪਣੇ ਆਲੇ-ਦੁਆਲੇ ਘੁੰਮਦੇ ਹੀ ਵੇਖਦਾ ਹੈ ।

**੬.** ਗੁਰਬਾਣੀ 'ਤੇ ਜਿਸ ਸਿੱਖ ਦਾ ਵੀਹ ਵਿਸਵੇ ਭਰੋਸਾ ਹੋ ਜਾਂਦਾ ਹੈ, ਐਸੇ ਸਿੱਖ ਦੇ ਮੂੰਹ ਵਿੱਚੋਂ ਨਿਕਲੇ ਬੋਲ ਵੀ ਰੱਬ ਦੇ ਆਪਣੇ ਬੋਲ ਹੋ ਜਾਂਦੇ ਹਨ ।

**੭.** ਗੁਰਬਾਣੀ ਸਿੱਖ ਦਾ ਹਾਜ਼ਰਾ-ਹਜ਼ੂਰ ਗੁਰੂ ਹੈ, ਗੁਰਬਾਣੀ ਸ਼ਬਦ ਦੇ ਹੁਕਮ ਨੂੰ ਮੰਨਣਾ ਹੀ, ਗੁਰੂ ਦੇ ਦਰਸ਼ਨ ਕਰਨੇ ਹੁੰਦੇ ਹਨ।

**੮.** ਗੁਰਬਾਣੀ ਕਿਸੇ ਦੇਸ਼, ਮਜ਼ਬ ਜਾਂ ਜਾਤੀ ਦੀ ਮਲਕੀਅਤ ਨਹੀਂ, ਇਸ ਨੂੰ ਜੋ ਵੀ ਪੜ੍ਹੇਗਾ, ਮਹਾਂ ਸੁੱਖ ਪਾਵੇਗਾ ।

**੯.** ਗੁਰਬਾਣੀ ਦਸਾਂ ਹੀ ਪਾਤਸ਼ਾਹੀਆਂ ਦਾ ਆਤਮਿਕ ਸਰੂਪ ਹੈ, ਭਾਵਨਾ ਵਾਲਾ ਸਿੱਖ ਗੁਰਬਾਣੀ ਵਿੱਚੋਂ ਹੀ ਗੁਰੂ ਪ੍ਰਗਟ ਕਰ ਲੈਂਦਾ ਹੈ

**੧੦.** ਗੁਰਬਾਣੀ ਦੇ ਸ਼ਬਦ ਬੋਧ ਵਿਚ ਟਿਕਿਆ ਸਿੱਖ, ਰੱਬ ਦੇ ਸਿੰਘਾਸਨ 'ਤੇ ਰੱਬ ਦੀ ਗੋਦ ਵਿਚ ਬੈਠਣ ਦਾ ਹੱਕਦਾਰ ਹੋ ਜਾਂਦਾ ਹੈ ।

**੧੧.** ਗੁਰਬਾਣੀ ਨਾਮ ਦਾ ਜਹਾਜ਼ ਹੈ, ਭਾਣੇ ਵਿਚ ਰਹਿਣ ਵਾਲੇ ਸਿੱਖ ਨੂੰ ਇਸ ਨਾਮ ਰੂਪੀ ਜਹਾਜ਼ ਵਿਚ ਬੈਠਣ ਦਾ ਦਰਗਾਹੀ ਵੀਜ਼ਾ ਮਿਲ ਜਾਂਦਾ ਹੈ ।

**੧੨.** ਗੁਰਬਾਣੀ ਸਿੱਖ ਨੂੰ ਦ੍ਰਿੜ੍ਹ ਕਰਵਾ ਦਿੰਦੀ ਹੈ ਕਿ ਪਿਆਰਿਆ, ਰੱਬ ਤੇਰੀ ਹਿਰਦੇ ਰੂਪੀ ਕੁਟੀਆ ਵਿਚ ਮੌਜੂਦ ਹੈ ।

**੧੩.** ਗੁਰਬਾਣੀ ਜਿਸ ਸਿੱਖ ਦੇ ਜੀਵਨ ਦਾ ਆਧਾਰ ਬਣ ਜਾਂਦੀ ਹੈ, ਐਸੇ ਸਿੱਖ ਨੂੰ ਰੱਬੀ ਦਰਗਾਹ ਵਿਚ ਜਾਣ ਸਮੇਂ ਧਰਮਰਾਜ ਵੀ ਉੱਠ ਕੇ ਨਮਸਕਾਰ ਕਰਦਾ ਹੈ।

**੧੪.** ਗੁਰਬਾਣੀ ਦੇ ਸ਼ਬਦ ਅਭਿਆਸ ਕਰਨ ਵਾਲੇ ਸਿੱਖ ਦੇ ਚਿਹਰੇ ਤੇ ਜਦੋਂ ਰੱਬੀ ਨਾਮ ਦਾ ਜਲਾਲ ਪ੍ਰਗਟ ਹੋ ਜਾਂਦਾ ਹੈ ਤਾਂ ਐਸੇ ਸਿੱਖ ਨੂੰ ਦੇਵਤੇ ਵੀ ਸਿਜਦਾ ਕਰਨ ਲਗ ਜਾਂਦੇ ਹਨ।

**੧੫.** ਗੁਰਬਾਣੀ ਸ਼ਬਦ, ਸਮੁੰਦਰ ਦੇ ਨਿਆਈਂ ਹੈ, ਜਿਹੜਾ ਸਿੱਖ ਸ਼ਬਦ ਰੂਪੀ ਸਮੁੰਦਰ ਵਿਚ ਚੁੱਭੀ ਮਾਰਦਾ ਹੈ, ਐਸਾ ਸਿੱਖ ਆਪਣੀ ਕਾਇਆਂ ਅੰਦਰੋਂ ਹੀ ਗੁਹਜੇ ਰਤਨ, ਜਵਾਹਰ ਰੂਪੀ ਪਦਾਰਥ ਪ੍ਰਗਟ ਕਰ ਲੈਂਦਾ ਹੈ।

**੧੬.** ਗੁਰਬਾਣੀ ਸ਼ਬਦ ਅਭਿਆਸ ਕਰਨ ਵਿਚ ਜਿਹੜਾ ਸਿੱਖ ਆਪਣੇ ਮਨ ਨਾਲ ਮੋਰਚਾ ਲਾ ਛੱਡਦਾ ਹੈ, ਰੱਬ ਐਸੇ ਸਿੱਖ ਲਈ ਸੱਚਖੰਡ ਦੇ ਦਰਵਾਜ਼ੇ ਹੀ ਖੋਲ ਦਿੰਦਾ ਹੈ।

**੧੭.** ਗੁਰਬਾਣੀ ਦੀ ਵੀਚਾਰ ਕਰਨ ਵਾਲੇ ਸਿੱਖ ਦੇ ਜੀਵਨ ਵਿਚ ਇਕ ਐਸਾ ਸੁਭਾਗਾ ਦਿਨ ਵੀ ਆ ਜਾਂਦਾ ਹੈ, ਜਦੋਂ ਉਹ ਸਿਮਰਨ ਅਭਿਆਸ ਦਾ ਮਾਹਰ ਅਤੇ ਆਤਮਿਕ ਗਿਆਨ ਦਾ ਪੁੰਜ ਬਣ ਜਾਂਦਾ ਹੈ।

**੧੮.** ਗੁਰਬਾਣੀ ਸਿੱਖ ਦੀ ਰੂਹ ਦੀ ਖ਼ੁਰਾਕ ਹੈ, ਗੁਰਬਾਣੀ ਦੀ ਖ਼ੁਰਾਕ ਜਦੋਂ ਸਿੱਖ ਦੀ ਆਤਮਾ ਅੰਦਰ ਪਚ ਜਾਂਦੀ ਹੈ ਤਾਂ ਐਸਾ ਸਿੱਖ ਮਹਾਂ ਤਪੱਸਵੀ, ਯੋਧਾ ਅਤੇ ਸੂਰਮਾ ਬਣ ਜਾਂਦਾ ਹੈ।

**੧੯.** ਗੁਰਬਾਣੀ ਦੀ ਤਾਕਤ ਨੂੰ ਜਿਹੜਾ ਸਿੱਖ ਆਪਣੇ ਹਿਰਦੇ ਅੰਦਰ ਜਰ ਜਾਂਦਾ ਹੈ, ਐਸੇ ਸਿੱਖ ਦੇ ਹਿਰਦੇ ਅੰਦਰੋਂ ਨਿਮਰਤਾ, ਪ੍ਰੇਮ ਅਤੇ ਦਇਆ ਦੇ ਝਰਨੇ ਵਗਣੇ ਸ਼ੁਰੂ ਹੋ ਜਾਂਦੇ ਹਨ।

**੨੦.** ਗੁਰਬਾਣੀ ਦਾ ਅਨੁਭਵੀ ਗਿਆਨ ਜਿਸ ਸਿੱਖ ਦੇ ਹਿਰਦੇ ਅੰਦਰ ਪ੍ਰਗਟ ਹੋ ਜਾਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜੇ ਵੱਡੇ ਵਿਕਾਰ, ਗੁਰੂ ਆਪਣੇ ਬਲ ਦੁਆਰਾ, ਸਿੱਖ ਦੇ ਵੱਸ ਕਰ ਦਿੰਦਾ ਹੈ।

ਸੋ ਗੁਰੂ ਕੇ ਪਿਆਰਿਓ, ਗੁਰਬਾਣੀ ਨੂੰ ਪਿਆਰ ਨਾਲ ਪੜ੍ਹਨਾ, ਸੁਣਨਾ, ਵੀਚਾਰਨਾ ਅਤੇ ਗੁਰਬਾਣੀ ਦੇ ਪਾਵਨ ਉਪਦੇਸ਼ਾਂ ਤੇ ਅਮਲ ਕਰਨ ਦਾ ਯਤਨ ਕਰਦੇ ਰਹਿਣਾ ਹੀ, ਅਸਲ ਗੁਰਸਿੱਖੀ ਹੁੰਦੀ ਹੈ। ■

**ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।**
**ਜਿਤਨੀ ਭੀ ਹੋ ਗੋਬਿੰਦ ਕੀ ਤੱਾਰੀਫ਼ ਵੁਹ ਕਮ ਹੈ।**
**(ਅਲਹ ਯਾਰ ਖਾਂ ਜੋਗੀ)**

# ਭਾਈ ਹਜ਼ਾਰਾ ਸਿੰਘ ਦੀ ਸ਼ਹੀਦੀ

*-ਡਾ. ਧਰਮ ਸਿੰਘ**

ਹੰਸ ਰਾਜ, ਭਾਈ ਨਾਨਕ ਸਿੰਘ, ਨਾਨਕ ਸਿੰਘ ਕਵੀਸ਼ਰ ਅਤੇ ਨਾਨਕ ਸਿੰਘ ਨਾਵਲਕਾਰ, ਅਸਲ ਵਿਚ, ਇਕ ਹੀ ਵਿਅਕਤੀ ਦੇ ਵੱਖ-ਵੱਖ ਸਮੇਂ ਵੱਖ-ਵੱਖ ਨਾਂ ਰਹੇ ਹਨ। ਸੂਰੀ ਖ਼ਾਨਦਾਨ ਵਿਚ ਜਨਮੇ ਬਾਲਕ ਦਾ ਨਾਂ ਮਾਪਿਆਂ ਨੇ ਹੰਸ ਰਾਜ ਰੱਖਿਆ ਪਰ ਪਿੱਛੋਂ ਏਹੋ ਹੰਸ ਰਾਜ ਨਾਨਕ ਸਿੰਘ ਦੇ ਨਾਲ ਮਸ਼ਹੂਰ ਹੋਇਆ। ਸ. ਨਾਨਕ ਸਿੰਘ ਨੇ ਆਪਣਾ ਸਾਹਿਤਕ ਸਫ਼ਰ ਇਕ ਕਵੀ ਦੇ ਤੌਰ 'ਤੇ ਸ਼ੁਰੂ ਕੀਤਾ ਜਿਸ ਕਰਕੇ ਉਸਦੀਆਂ ਅਰੰਭਲੀਆਂ ਰਚਨਾਵਾਂ 'ਸੀਹਰਫੀ ਹੰਸ ਰਾਜ','ਸਤਿਗੁਰ ਮਹਿਮਾ' 'ਖ਼ੂਨੀ ਵੈਸਾਖੀ' ਆਦਿ ਉੱਪਰ ਏਹੋ ਨਾਂ ਹੀ ਅੰਕਿਤ ਹੋਏ ਮਿਲਦੇ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚੋਂ ਉਸ ਦੀਆਂ ਗੁਰੂ ਸਾਹਿਬਾਨ ਸੰਬੰਧੀ ਲਿਖੀਆਂ ਗਈਆਂ ਕਵਿਤਾਵਾਂ, ਜੋ 'ਸਤਿਗੁਰ ਮਹਿਮਾ' ਵਿਚ ਸੰਕਲਿਤ ਹੋਈਆਂ, ਬਹੁਤ ਮਸ਼ਹੂਰ ਹੋਈਆਂ। ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਦੀਆਂ ਲੱਖਾਂ ਕਾਪੀਆਂ ਦੀ ਵਿਕਰੀ ਹੋਈ। ਇਸ ਪੁਸਤਕ ਬਾਰੇ ਖਾਸ ਗੱਲ ਇਹ ਸੀ ਕਿ ਇਸ ਦੇ ਹਰ ਛਾਪੇ ਜਾ ਰਹੇ ਸੰਸਕਰਣ ਵਿਚ ਕੁਝ ਹੋਰ ਨਵੀਆਂ ਕਵਿਤਾਵਾਂ ਵੀ ਸ਼ਾਮਲ ਕਰ ਦਿੱਤੀਆਂ ਜਾਂਦੀਆਂ ਜਿਸ ਕਰਕੇ ਇਸ ਦਾ ਆਕਾਰ ਵੀ ਵਧਦਾ ਗਿਆ।

ਸ. ਨਾਨਕ ਸਿੰਘ ਦੀ ਪਹਿਲੀ ਰਚਨਾ ਜੋ 'ਸੀਹਰਫੀ ਹੰਸ ਰਾਜ' ਕਰਕੇ ਛਪੀ। ਉਸ ਵੇਲੇ ਵਧੇਰੇ ਕਰਕੇ ਬੈਂਤ ਛੰਦ ਵਿਚ ਸੀਹਰਫੀਆਂ ਹੀ ਲਿਖੀਆਂ ਜਾਦੀਆਂ ਸਨ ਅਤੇ ਇਹ ਹੁੰਦੀਆਂ ਵੀ ਸੂਫੀਆਨਾ ਰੰਗ ਦੀਆਂ ਸਨ। ਇਹ ਯੁੱਗ 'ਕਵੀ ਦਰਬਾਰਾਂ' ਦਾ ਯੁੱਗ ਸੀ ਜਿਸ ਵਿਚ ਕਈ ਤਰ੍ਹਾਂ ਦੇ ਮੁਕਾਬਲੇ ਹੁੰਦੇ। ਨਾਨਕ ਸਿੰਘ ਦੀ ਇਹ ਸੀਹਰਫੀ ਕੇਵਲ ਛਾਪਣ ਖਾਤਰ ਹੀ ਲਿਖੀ ਗਈ ਪ੍ਰਤੀਤ ਹੁੰਦੀ ਹੈ। ਮਗਰੋਂ ਰਾਜਨੀਤਕ ਚੇਤਨਾ ਵਿਕਸਿਤ ਹੋਣ, ਲੇਖਕ ਦੀ ਜ਼ਿੰਮੇਵਾਰੀ ਦੇ ਅਹਿਸਾਸ ਅਤੇ ਫਰਜ਼ ਨੇ ਨਾਨਕ ਸਿੰਘ ਨੂੰ ਰਾਜਸੀ ਘਟਨਾਵਾਂ ਪ੍ਰਤਿ ਹੁੰਗਾਰਾ ਭਰਨ ਦੀ ਜਾਚ ਸਿਖਾਈ ਅਤੇ ਜਲਿਆਂਵਾਲੇ ਬਾਗ ਦੀ ਘਟਨਾ ਬਾਰੇ ਉਸ ਨੇ ਲੰਮੀ ਕਵਿਤਾ 'ਖ਼ੂਨੀ ਵਿਸਾਖੀ' ਲਿਖੀ। ਇੱਥੇ ਇਹ ਦੱਸਣ ਦੀ ਬਹੁਤੀ ਲੋੜ ਨਹੀਂ ਭਾਸਦੀ ਕਿ ਜਲਿਆਂਵਾਲੇ ਬਾਗ਼ ਵਿਚ ਘਟੀ ਦਰਦਨਾਕ ਘਟਨਾ ਦਾ ਕੀ ਪਿਛੋਕੜ ਸੀ, ਪਰ ਇਹ ਦੱਸਣਾ ਜ਼ਰੂਰੀ ਹੈ ਕਿ 'ਖ਼ੂਨੀ ਵਿਸਾਖੀ' ਛਪਣ ਨਾਲ

** ੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਅੰਮ੍ਰਿਤਸਰ। ਮੋ. ੯੮੮੮੯-੩੯੮੦੮*

ਨਾਨਕ ਸਿੰਘ ਚਰਚਾ ਵਿਚ ਆ ਗਿਆ। ਇਹ ਚਰਚਾ ਵੀ ਏਨੀ ਹੋਈ ਕਿ ਅੰਗਰੇਜ਼ ਹਕੂਮਤ ਨੇ ਇਹ ਕਾਵਿ ਪੁਸਤਕ ਜ਼ਬਤ ਕਰ ਲਈ। 'ਖੂਨੀ ਵਿਸਾਖੀ' ਵਿਚਲੀਆਂ ਘਟਨਾਵਾਂ ਦੀ ਤਰਤੀਬ, ਇਸ ਦੀ ਪ੍ਰਮਾਣਿਕਤਾ, ਕਰਾਹ ਕਰਾਹ ਕਰਦੇ ਲੋਕਾਂ ਦੀਆਂ ਚੀਕਾਂ ਦੇ ਦਰਦੀਲੇ ਬਿਆਨ ਨੇ ਇਸ ਸਾਹਿਤਕਤਾ ਵਿਚ ਵਾਧਾ ਕੀਤਾ। ਇਸ ਦੇ ਇਨ੍ਹਾ ਗੁਣਾਂ ਕਰਕੇ ਹੀ ਨਾਨਕ ਸਿੰਘ ਦੇ ਪੋਤਰੇ ਨਵਦੀਪ ਸਿੰਘ (ਸੂਰੀ) ਨੇ ਇਸ ਦਾ ਅੰਗਰੇਜ਼ੀ ਅਨੁਵਾਦ ਕਰ ਕੇ ਪੈਂਗੁਇਨ ਪਬਲੀਕੇਸ਼ਨ ਵੱਲੋਂ ਛਪਵਾਇਆ ਹੈ। ਹਥਲੇ ਲੇਖ ਵਿਚ ਅਸੀਂ ਨਾਨਕ ਸਿੰਘ ਦੀ ਹੀ ਇਕ ਹੋਰ ਕਾਵਿ ਰਚਨਾ ਨਾਲ ਪਾਠਕਾਂ ਦੀ ਸਾਂਝ ਪੁਆਉਣੀ ਚਾਹੁੰਦੇ ਹਾਂ ਜੋ ਇਕ ਵਾਰ ਤਾਂ ਛਪੀ ਪਰ ਪਿੱਛੋਂ ਨਦਾਰਦ ਹੋ ਗਈ।

ਚਰਚਾਧੀਨ ਕਾਵਿ ਰਚਨਾ 'ਸ੍ਰੀ ਤਰਨ ਤਾਰਨ ਦੇ ਪੁਜਾਰੀਆਂ ਦੀ ਕਰਤੂਤ ਤੇ ਭਾਈ ਹਜ਼ਾਰਾ ਸਿੰਘ ਦੀ ਸ਼ਹੀਦੀ ਅਤੇ ਖਾਲਸੇ ਜੀ ਦੀ ਫਤੇਹ' ਨਾਂ ਹੇਠ ਸ੍ਰੀ ਅੰਮ੍ਰਿਤਸਰ ਤੋਂ ਪੰਡਤ ਰਲਿਆ ਰਾਮ ਦੀ ਸਨਾਤਨ ਪ੍ਰਿੰਟਿੰਗ ਪ੍ਰੈੱਸ ਤੋਂ ਛਪੀ ਸੀ। ਸਿਰਲੇਖ ਤੋਂ ਪਹਿਲਾਂ ਗੁਰਬਾਣੀ ਦੀ ਤੁਕ "ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ" ਅੰਕਿਤ ਕੀਤੀ ਗਈ ਹੈ ਜੋ ਪ੍ਰਸੰਗ ਅਨਕੂਲ ਅਤੇ ਪ੍ਰਯੋਜਨ ਅਨੁਸਾਰ ਅਤਿਅੰਤ ਢੁਕਵੀਂ ਹੈ। ਕਵੀ ਦੇ ਨਾਂ ਨਾਲ ਪੇਸ਼ਾਵਰ ਨਿਵਾਸੀ ਲਿਖੇ ਹੋਣ ਤੋਂ ਪਤਾ ਲਗਦਾ ਹੈ ਕਿ ਉਹ ਉਨ੍ਹੀਂ ਦਿਨੀਂ ਪੇਸ਼ਾਵਰ ਵਿਚ ਰਹਿ ਰਹੇ ਸੀ। ਰਚਨਾ ਦੇ ਅਰੰਭ ਵਿਚ ਮੰਗਲਾਚਰਣ ਵਜੋਂ 'ਪ੍ਰਾਰਥਨਾ' ਹੈ, ਫਿਰ ਉਸ ਵੇਲੇ ਗੁਰਧਾਮਾਂ ਉੱਪਰ ਕਾਬਜ ਮਹੰਤਾਂ ਜਾਂ ਪੁਜਾਰੀਆਂ ਦੇ ਕਾਲੇ ਕਾਰਨਾਮੇ ਬਿਆਨ ਕਰ ਕੇ ਪਿਛੋਕੜ ਉਸਾਰਨ ਦਾ ਯਤਨ ਹੈ। ੨੪ ਜਨਵਰੀ, ੧੯੨੧ ਈ. ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਭਾਈ ਤੇਜਾ ਸਿੰਘ, ਭਾਈ ਦਾਨ ਸਿੰਘ, ਜਥੇ. ਕਰਤਾਰ ਸਿੰਘ ਝੱਬਰ ਅਤੇ ਸ. ਅਮਰ ਸਿੰਘ ਝਬਾਲ ਦੀ ਅਗਵਾਈ ਹੇਠ ਸੰਗਤ ਜੁੜ ਬੈਠੀ ਜਿਸ ਵਿਚ ਗੁਰਧਾਮਾਂ ਵਿਚ ਹੋ ਰਹੇ ਕੁਕਰਮਾਂ ਅਤੇ ਜ਼ਿਆਦਤੀਆਂ ਬਾਰੇ ਵਿਚਾਰਾਂ ਹੋਣ ਲੱਗੀਆਂ। ਇਹ ਵਿਚਾਰਾਂ ਹੋ ਰਹੀਆਂ ਸਨ ਕਿ ਇਕ ਮਾਈ ਨੇ ਆਣ ਕੇ ਸੰਗਤ ਨੂੰ ਆਪ ਬੀਤੀ ਸੁਣਾਈ। ਮਾਈ ਨਾਲ ਜੋ ਬੀਤੀ, ਉਹ ਕਵੀ ਦੀ ਜ਼ੁਬਾਨੀ ਸੁਣੋ:

*ਕੇਰਾਂ ਗਈ ਮੈਂ ਵਿਚ ਦਰਬਾਰ ਸਾਹਿਬ*,*<br>
*ਏਹਨਾਂ ਤੱਕਿਆ ਨਾਲ ਬੁਰਿਆਈ ਹੈ ਜੀ।*<br>
*ਗੱਲਾਂ ਆਖੀਆਂ ਕਈ ਬੇਸ਼ਰਮਾਂ ਏਹਨਾਂ,*<br>
*ਡਾਢੀ ਜ਼ੁਲਮਾਂ ਨੇ ਅੱਤ ਮਚਾਈ ਹੈ ਜੀ।*<br>
*ਮੈਂ ਜਦ ਆਖਿਆ ਮੂਰਖੋ! ਅਕਲ ਕਰੋ,*

---

** ਦਰਬਾਰ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ*

*ਕਿਉਂ ਮੌਤ ਤੁਸਾਡੜੀ ਆਈ ਹੈ ਜੀ।*
*ਅਗੋਂ ਆਖਦੇ ਦੁਸ਼ਟ ਮਖੌਲ ਕਰਕੇ,*
*ਤੂੰ ਤਾਂ ਸਾਡੜੀ ਸਕੀ ਭਰਜਾਈ ਹੈ ਜੀ।*
*ਸੁਣ ਕੇ ਅੱਗ ਲੱਗੀ ਮੇਰੇ ਜਿਸਮ ਤਾਈਂ,*
*ਮੈਂ ਤਾਂ ਓਹਨਾਂ ਨੂੰ ਏਹ ਸੁਣਾਈ ਹੈ ਜੀ।*
*ਕਰਾਂ ਖਾਲਸੇ ਪਾਸ ਮੈਂ ਅਰਜ਼ ਜਾ ਕੇ,*
*ਮੇਰੀ ਆਤਮਾ ਤੁਸਾਂ ਦੁਖਾਈ ਹੈ ਜੀ।*

ਮਾਈ ਦੀ ਪੁਕਾਰ ਸੁਣ ਕੇ ਗੁਰਮਤਾ ਕੀਤਾ ਗਿਆ ਫੌਰੀ ਤਰਨ ਤਾਰਨ ਸਾਹਿਬ ਜਾ ਕੇ ਸ਼ਾਂਤਮਈ ਰਹਿ ਕੇ ਮੋਰਚਾ ਲਾਇਆ ਜਾਵੇ। ਅਗਲੇ ਦਿਨ ੨੫ ਜਨਵਰੀ ਨੂੰ ਇਕ ਜਥਾ ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ, ਸ੍ਰੀ ਤਰਨ ਤਾਰਨ ਸਾਹਿਬ ਪਹੁੰਚ ਗਿਆ। ਜਥਾ ਪਹੁੰਚਾ ਸੁਣ ਕੇ ਪੁਜਾਰੀਆਂ ਨੇ ਅੰਦਰਖਾਤੇ, ਟਾਕਰੇ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ। ਜਥੇ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ ਪਹੁੰਚ ਕੇ ਦੀਵਾਨ ਜਾ ਸਜਾਏ। ਪੁਜਾਰੀਆਂ ਨਾਲ ਗੱਲਬਾਤ ਹੋਈ ਤਾਂ ਜਥੇ ਨੇ ਆਪਣਾ ਆਉਣ ਦਾ ਮਨੋਰਥ ਦੱਸਿਆ। ਪੁਜਾਰੀਆਂ ਨੇ ਸੋਚ ਵਿਚਾਰ ਲਈ ਸਮਾਂ ਮੰਗਿਆ, ਜੋ ਦੇ ਦਿੱਤਾ ਗਿਆ। ਸ਼ਾਮ ਨੂੰ ਫਿਰ ਦੋਹਾਂ ਧਿਰਾਂ ਦੀ ਇਕੱਤਰਤਾ ਹੋਈ ਤੇ ਜਥੇ ਦੇ ਆਗੂਆਂ ਨੇ ਪੰਜ ਸ਼ਰਤਾਂ ਪੁਜਾਰੀਆਂ ਸਾਹਮਣੇ ਰੱਖੀਆਂ। ਪੁਜਾਰੀਆਂ ਨੇ ਪਹਿਲਾਂ ਤਾਂ ਸ਼ਰਤਾਂ ਮੰਨ ਲਈਆਂ ਪਰ ਫਿਰ ਮੁੱਕਰ ਗਏ ਅਤੇ ਜਥੇ ਉੱਪਰ ਹਮਲਾ ਕਰ ਦਿੱਤਾ। ਜਥਾ ਕਿਉਂਕਿ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਤੁਰਿਆ ਸੀ, ਇਸ ਲਈ ਪੁਜਾਰੀਆਂ ਵੱਲੋਂ ਚਲਾਏ ਗਏ ਇੱਟਾਂ ਵੱਟਿਆਂ ਨਾਲ ਪੰਦਰ੍ਹਾਂ ਸਿੰਘ ਜ਼ਖ਼ਮੀ ਹੋ ਗਏ ਜਿਨ੍ਹਾਂ ਵਿੱਚੋਂ ਚਾਰ ਵਧੇਰੇ ਜ਼ਖ਼ਮੀ ਹੋਏ। ਇਨ੍ਹਾਂ ਚਾਰ ਜ਼ਖ਼ਮੀ ਸਿੰਘਾਂ ਵਿੱਚੋਂ ਤਰਨ ਤਾਰਨ ਦੇ ਲਾਗਲੇ ਪਿੰਡ ਦੇ ਭਾਈ ਹਜ਼ਾਰਾ ਸਿੰਘ ਦੀ ਸ਼ਹੀਦੀ ਦੀ ਖ਼ਬਰ ਉਸਦੇ ਪਿੰਡ ਸੁਣੀ ਤਾਂ, ਪਿੰਡ ਦੀ ਸਾਰੀ ਸੰਗਤ ਉੱਥੇ ਪਹੁੰਚ ਗਈ। ਤਕਰੀਬਨ ਵੀਹ ਹਜ਼ਾਰ ਦਾ ਇਕੱਠ ਸੀ। ਉਸੇ ਦਿਨ ਦੁਪਿਹਰੇ ੨:੦੦ ਵਜੇ 'ਗੁਰੂ ਕਾ ਖੂਹ', ਸਥਾਨ ਉੱਪਰ ਜੋ ਤਰਨ ਤਾਰਨ ਤੋਂ ਬਾਹਰਵਾਰ ਹੈ, ਉਥੇ ਸ਼ਹੀਦ ਦਾ ਸਸਕਾਰ ਹੋਇਆ ਅਤੇ ਯਾਦਗਾਰ ਕਾਇਮ ਕਰਨ ਦਾ ਗੁਰਮਤਾ ਵੀ ਹੋਇਆ। ਇੰਞ ਸ੍ਰੀ ਦਰਬਾਰ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ ਵਿਖੇ ਪੰਥ ਦਾ ਕਬਜ਼ਾ ਹੋ ਗਿਆ ਜਿਸ ਨਾਲ ਮਹੰਤਾਂ ਅਤੇ ਕੁਕਰਮੀ ਪੁਜਾਰੀਆਂ ਕੋਲੋਂ ਗੁਰਦੁਆਰਾ ਸਾਹਿਬ ਅਜ਼ਾਦ ਹੋ ਗਿਆ। ਸ. ਨਾਨਕ ਸਿੰਘ ਦੀ ਇਹ ਲੰਮੀ ਕਵਿਤਾ ਸੌ ਸਾਲ ਤੋਂ ਵੀ ਵੱਧ ਅਰਸੇ ਬਾਅਦ ਡਾ. ਗੁਰਦੇਵ ਸਿੰਘ (ਸਿੱਧੂ) ਦੀ ਪੁਸਤਕ 'ਦੋ ਸ਼ਹੀਦੀ ਸਾਕੇ' ਵਿਚ ਛਪੀ ਹੈ ਜਿਸ ਵਿੱਚੋਂ ਲੈ ਕੇ ਇਸ ਦਾ ਪਾਠਕਾਂ ਅਤੇ ਖੋਜਕਾਰਾਂ ਦੇ ਗਿਆਤ ਹਿੱਤ, ਮੂਲ ਰੂਪ ਵਿਚ, ਅਗਲੇ ਸਫਿਆਂ ਵਿਚ ਪੁਨਰ-ਪ੍ਰਕਾਸ਼ਨ ਕੀਤਾ ਜਾ ਰਿਹਾ ਹੈ।

# ਸ੍ਰੀ ਤਰਨ ਤਾਰਨ ਦੇ ਪੁਜਾਰੀਆਂ ਦੀ ਕਰਤੂਤ
# ਭਾਈ ਹਜ਼ਾਰਾ ਸਿੰਘ ਜੀ ਦੀ ਸ਼ਹੀਦੀ ਅਤੇ ਖਾਲਸੇ ਜੀ ਕੀ ਫਤੇਹ

**ੴ ਸਤਿਗੁਰ ਪ੍ਰਸਾਦਿ॥**

## ਪ੍ਰਾਰਥਨਾ

ਫੌਜਾਂ ਵਾਲਿਆ! ਤੇਰੇ ਦਰਬਾਰ ਉਤੇ, ਹੱਥ ਜੋੜ ਕੇ ਖੜਾ ਏਹ ਦਾਸ ਹੈ ਜੀ।
ਇਕ ਦਾਨ ਮੈਂ ਮੰਗਦਾ ਆਪ ਪਾਸੋਂ, ਮੇਰੇ ਚਿੱਤ ਚਰੋਕਨੀ ਆਸ ਹੈ ਜੀ।
ਮੈਨੂੰ ਕਾਵ ਦਾ ਢੰਗ ਨ ਮੂਲ ਕੋਈ, ਕੋਈ ਗ੍ਰੰਥ ਨਾ ਦੇਖਿਆ ਖਾਸ ਹੈ ਜੀ।
ਤਾਕਤ ਬਖਸ਼ ਮੈਨੂੰ ਕੁਝ ਲਿਖਨੇ ਦੀ, ਏਹੋ ਮੁਝ ਦੀ ਇਕ ਅਰਦਾਸ ਹੈ ਜੀ।
ਤੇਰੇ ਘਰ ਵਿਚ ਸਾਹਿਬਾ! ਕਮੀ ਕੀ ਹੈ, ਰਿੱਧ ਸਿੱਧ ਸਾਰੀ ਤੇਰੇ ਪਾਸ ਹੈ ਜੀ।
ਦਿਲ ਚਾਂਹਵਦਾ ਕਰਾਂ ਬਿਆਨ ਕੋਈ, ਐਪਰ ਬੱਧ ਤੇ ਕੋਈ ਨਾ ਆਸ ਹੈ ਜੀ।
ਛੱਟਾ ਪ੍ਰੇਮ ਦਾ ਇੱਕ ਜੇ ਬਖਸ਼ ਦੇਵੇਂ, ਕੰਮ ਦਾਸ ਦਾ ਹੋਂਵਦਾ ਰਾਸ ਹੈ ਜੀ।
ਕੀ ਮੈਂ ਦਸਾਂ ਕੁਝ ਕੈਹਨ ਦੀ ਗੱਲ ਨਾਹੀਂ, ਡਾਢਾ ਹੋ ਗਿਆ ਦਿਲ ਉਦਾਸ ਹੈ ਜੀ।
ਤੇਰੇ ਪੰਥ ਦਾ ਵੇਖਕੇ ਹਾਲ ਹੁਣ ਦਾ, ਨਾਨਕ ਸਿੰਘ ਲੈਂਦਾ ਠੰਢੇ ਸਾਸ ਹੈ ਜੀ।

**ਤੇਰਾ ਬਾਗ਼ ਉਜਾੜਿਆ ਮਾਲੀਆਂ ਨੇ**

ਕੀ ਮੈਂ ਸਿਫਤ ਕਰਾਂ ਕਲਗੀ ਵਾਲਿਆ ਵੇ, ਸਾਡੇ ਲਈ ਜੋ ਤੈਂ ਘਾਲਾਂ ਘਾਲੀਆਂ ਨੇ।
ਖ਼ੂਨ ਡੋਹਲ ਕੇ ਆਪਣੇ ਕਾਲਜੇ ਦਾ, ਏਹ ਸੁਕਦੀਆਂ ਕਯਾਰੀਆਂ ਪਾਲੀਆਂ ਨੇ।
ਘਰ ਬਾਰ ਪਰਵਾਰ ਵਾਰ ਦਿੱਤਾ, ਸਿਰ 'ਤੇ ਲੱਖਾਂ ਮੁਸੀਬਤਾਂ ਜਾਲੀਆਂ ਨੇ।
ਚਾਰੇ ਲਾਲ ਕੁਹਾਇ ਕੇ ਸਾਹਿਬਾ ਵੇ! ਜੜ੍ਹਾਂ ਪਾਪ ਤੇ ਜ਼ੁਲਮ ਦੀਆਂ ਗਾਲੀਆਂ ਨੇ।
ਜਿਨ੍ਹਾਂ ਗ੍ਰੰਥੀਆਂ* ਅਤੇ ਪੁਜਾਰੀਆਂ ਨੂੰ, ਰੀਤਾਂ ਸੋਹਣੀਆਂ ਤੁਧ ਸਿਖਾਲੀਆਂ ਨੇ।
ਤੇਰੇ ਖ਼ੂਨ ਦਾ ਸਿੰਜਿਆ ਬਾਗ ਜੇਹੜਾ, ਅੱਜ ਵੇਖ ਉਜਾੜਿਆ ਮਾਲੀਆਂ ਨੇ।
ਏਹਨਾਂ ਜਾਲਮਾਂ ਨੇ ਪਾਣੀ ਦੇਣ ਬਦਲੇ, ਸਗੋਂ ਅੱਗ ਮੁਆਤੀਆਂ ਬਾਲੀਆਂ ਨੇ।
ਇਕ ਵਾਰ ਤਾਂ ਪਿਆਰਿਆ ! ਵੇਖ ਆ ਕੇ, ਕੀ ਕੀ ਆਫਤਾਂ ਏਹਨਾਂ ਨੇ ਡਾਲੀਆਂ ਨੇ।
ਤੇਰੇ ਤਖਤ ਪਰ ਬੈਠਕੇ ਹਾਏ! ਪਾਪੀ!! ਕੀ ਕੀ ਮਲਨ ਮੁਕਾਲਖਾਂ ਕਾਲੀਆਂ ਨੇ।
ਨਸ਼ੇ ਪੀਂਵਦੇ ਤੇ ਭੈੜੇ ਕਰਮ ਕਰਦੇ, ਪੇਟ ਵਾਸਤੇ ਕਰਨ ਦਲਾਲੀਆਂ ਨੇ।
ਸਾਧ ਸੰਤ ਨੂੰ ਟਿਕਨ ਨਾ ਮੂਲ ਦੇਂਦੇ, ਘਰੀਂ ਵੇਸਵਾ ਆਨ ਬਠਾਲੀਆਂ ਨੇ।
ਜੇਕਰ ਏਹਨਾਂ ਨੂੰ ਆਨ ਕੋਈ ਮੱਤ ਦੇਵੇ, ਧੱਕੇ ਮਾਰਦੇ ਤੇ ਦੇਂਦੇ ਗਾਲੀਆਂ ਨੇ।
ਨਾਲੇ ਖਾਂਵਦੇ ਤੇ ਨਾਲੇ ਘੂਰਦੇ ਨੇ, ਕੋਈ ਪੁਛੇ ਤਾਂ ਤਾੜਦੇ ਲਾਲੀਆਂ ਨੇ।
ਤੇਰਾ ਖੌਫ ਚਾ ਮਨੋ ਵਿਸਾਰਿਆ ਨੇ, ਪਏ ਮਾਰਦੇ ਪੁੱਠੀਆਂ ਛਾਲੀਆਂ ਨੇ।
ਨਾਨਕ ਸਿੰਘ ਪਰ ਅੰਤ ਨੂੰ ਫਤੇ ਹੋਸੀ, ਹੱਲਾ ਬੋਲਿਆ ਜਦੋਂ ਅਕਾਲੀਆਂ ਨੇ।

*ਇਥੇ ਕਵੀ ਦਾ ਇਸ਼ਾਰਾ ਭਰਿਸ਼ਟ ਮਹੰਤਾਂ ਵੱਲ ਹੈ।*

## ੨੪ ਜਨਵਰੀ ੧੯੨੧ ਈ. ਨੂੰ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਜੀ ਪਰ ਖਾਲਸੇ ਜੀ ਦੀ ਵੀਚਾਰ ਹੋਣੀ

ਚਵੀ ਜਨਵਰੀ ਨੂੰ ਸਿੰਘ ਹੋਏ ਕੱਠੇ, ਆਏ ਸ਼ਾਮ ਨੂੰ ਤਖਤ ਅਕਾਲ ਪਿਆਰੇ।
ਕਈ ਹੋਰ ਗੁਰਮਤੇ ਭੀ ਪਾਸ ਕੀਤੇ, ਫੇਰ ਛੇੜਿਆ ਏਹ ਸਵਾਲ ਪਿਆਰੇ।
ਜਥੇਦਾਰ ਦੋ ਚਾਰ ਜੋ ਵਿਚ ਹੈਸਨ, ਓਹਨਾਂ ਦਸਿਆ ਖੋਲ ਹਵਾਲ ਪਿਆਰੇ।
ਤੇਜਾ ਸਿੰਘ ਜੀ ਤੇਜ ਪਰਤਾਪ ਵਾਲੇ, ਸਚੇ ਸਿਦਕੀ ਗੁਰੂ ਦੇ ਲਾਲ ਪਿਆਰੇ।
ਦਾਨ ਸਿੰਘ ਜੀ ਹਰੀ ਕਰਤਾਰ* ਝੱਬਰ, ਅਮਰ ਸਿੰਘ ਜੀ ਪਿੰਡ ਝਬਾਲ ਪਿਆਰੇ।
ਕਈ ਹੋਰ ਭੀ ਸਿੰਘ ਮੌਜੂਦ ਹੈਸਨ, ਨਾਮ ਜਿਨ੍ਹਾਂ ਦੇ ਨਹੀਂ ਖਿਆਲ ਪਿਆਰੇ।
ਕੈਂਹਦੇ ਖਾਲਸਾ ਜੀ! ਕਰੋ ਸੋਚ ਕੋਈ, ਕਰੋ ਦਿਲ ਵਿਚ ਕੋਈ ਖਿਆਲ ਪਿਆਰੇ।
ਤਰਨ ਤਾਰਨ ਅੰਦਰ ਤਾਂ ਹਨੇਰ ਆਯਾ, ਕੀ ਕੀ ਦੱਸੀਏ ਖੋਲ ਹਵਾਲ ਪਿਆਰੇ।
ਜ਼ੁਲਮ ਕਰਨ ਪੁਜਾਰੀ ਅਨੇਕ ਓਥੇ, ਕੈਂਹਦੇ ਪੰਥ ਹੈ ਕੌਨ ਕੰਗਾਲ ਪਿਆਰੇ।
ਏਹਨਾਂ ਮੱਤ ਦੇ ਮਾਰਿਆਂ ਬੁਰਛਿਆਂ ਨੇ, ਫੜੀ ਆਨ ਕੇ ਜੁਲਮ ਦੀ ਚਾਲ ਪਿਆਰੇ।
ਨਿੱਤ ਨਵੇਂ ਹੀ ਕਰਨ ਤੂਫਾਨ ਓਥੇ, ਮਾਨੋਂ ਆਇਆ ਬੜਾ ਭੁਚਾਲ ਪਿਆਰੇ।
ਥੋੜੇ ਦਿਨ ਹੋਏ ਇਕ ਨਿਹੰਗ ਤਾਈਂ, ਮਾਰ ਮਾਰ ਕੇ ਕੀਤਾ ਬੇਹਾਲ ਪਿਆਰੇ।
ਤੇਰ੍ਹਾਂ ਬੀਬੀਆਂ ਦਾ ਜਥਾ ਆਇਆ ਸੀ, ਸਿੱਖੀ ਸਿਦਕ ਦੇ ਵਿਚ ਕਮਾਲ ਪਿਆਰੇ।
ਏਹਨਾਂ ਪਾਮਰਾਂ ਦੁਸ਼ਟ ਹਤਿਆਰਿਆਂ ਨੇ, ਕੀ ਕੀ ਕੁਫਰ ਬੋਲੇ ਬੇ-ਮਿਸਾਲ ਪਿਆਰੇ।
ਹਾਏ! ਲਿਖਦਿਆਂ ਸੜੇ ਏਹ ਕਲਮ ਮੇਰੀ, ਆਈਆਂ... **ਕੈਹਨ ਚੰਡਾਲ ਪਿਆਰੇ।
ਮਾਈਆਂ ਬੀਬੀਆਂ ਔਨ ਜੋ ਯਾਤਰਾ ਨੂੰ, ਸਦਾ ਕਰਨ ਮਖੌਲ ਮਖਾਲ ਪਿਆਰੇ।
ਕੀ ਕੀ ਦੁੱਖੜੇ ਫੋਲੀਏ ਖਾਲਸਾ ਜੀ, ਏਹ ਤਾਂ ਹੋਏ ਬੇਸ਼ਰਮ ਕਮਾਲ ਪਿਆਰੇ।
ਪਰ ਹੁਣ ਪਿਤਾ ਦਸਮੇਸ਼ ਨੇ ਮੇਹਰ ਕੀਤੀ, ਸਾਨੂੰ ਮਿਲਿਆ ਤਖ਼ਤ ਅਕਾਲ ਪਿਆਰੇ।
'ਪੰਜਾ ਸਾਹਿਬ ਭੀ ਗੁਰੂ ਬਚਾ ਲੀਤਾ, ਜੋਗਾ ਸਿੰਘ ਜੀ ਦੀ ਧਰਮਸਾਲ ਪਿਆਰੇ।
'ਜਿਵੇਂ ਬਾਬੇ ਦੀ ਬੇਰ' ਪਰ ਫਤਹ ਪਾਈ, ਕੀਤੀ ਮੇਹਰ ਏਹ ਆਪ ਅਕਾਲ ਪਿਆਰੇ।
ਏਸ ਤਰ੍ਹਾਂ ਹਨ ਸੋਚ ਕੇ ਜੁਗਤ ਕੋਈ, ਤਰਨਤਾਰਨ ਭੀ ਲਵੋ ਸੰਭਾਲ ਪਿਆਰੇ।
ਕੋਈ ਕਰੋ ਤਜਵੀਜ਼ ਹੁਣ ਖਾਲਸਾ ਜੀ! ਦੇਈਏ ਏਹਨਾਂ ਨੂੰ ਕਿਵੇਂ ਨਿਕਾਲ ਪਿਆਰੇ।
ਅੰਤ ਇਹ ਗੁਰਮਤਾ ਪਰਵਾਨ ਹੋਯਾ, ਸਰਬ ਸੰਮਤੀ ਖਾਲਸੇ ਨਾਲ ਪਿਆਰੇ।
ਭਲਕੇ ਪੰਝੀ ਤਰੀਕ ਰਵਾਨ ਹੋਵੇ, ਸੁਬਾ ਉਠਕੇ ਦਲ ਅਕਾਲ ਪਿਆਰੇ।
ਨਹੀਂ ਖਾਲਸੇ ਕਿਸੇ 'ਤੇ ਵਾਰ ਕਰਨਾ, ਕੰਮ ਕਰੋ ਸਭ ਸ਼ਾਂਤੀ ਨਾਲ ਪਿਆਰੇ।
ਨਾਨਕ ਸਿੰਘ ਸਤਿਗੁਰੂ ਸਹਾਈ ਹੋਵੇ, ਵਧੇ ਖਾਲਸੇ ਦਾ ਇਕਬਾਲ ਪਿਆਰੇ।

** ਸ. ਕਰਤਾਰ ਸਿੰਘ ਝੱਬਰ*

*** ਕਵੀ ਨੇ ਇਹ ਸ਼ਬਦ ਲਿਖਣਾ ਵੀ ਯੋਗ ਨਹੀਂ ਸਮਝਿਆ।*

## ਇਕ ਮਾਈ ਦੀ ਦਰਦ ਭਰੀ ਪੁਕਾਰ

ਅਜੇ ਇਹ ਗੁਰਮਤਾ ਪਿਆ ਹੋਂਵਦਾ ਸੀ, ਪਹੁੰਚੀ ਓਧਰੋਂ ਆਨ ਇਕ ਮਾਈ ਹੈ ਜੀ।
ਹੱਥ ਜੋੜ ਕੇ ਖੜੀ ਹੋ ਕੈਹਨ ਲੱਗੀ, ਮੇਰੀ ਖਾਲਸੇ ਪਾਸੇ ਦੁਹਾਈ ਹੈ ਜੀ।
ਬੀਰ ਖਾਲਸਾ! ਕਿਥੇ ਓਹ ਸ਼ਾਨ ਤੇਰੀ? ਜਿਸ ਨੇ ਡੁੱਬਦੀ ਹਿੰਦ ਬਚਾਈ ਹੈ ਜੀ।
ਤੂੰ ਤਾਂ ਜਗਤ ਦੇ ਕਸ਼ਟ ਨਿਵਾਰਦਾ ਸੀ, ਅੱਜ ਆਪਣੀ ਹੋਸ਼ ਭੁਲਾਈ ਹੈ ਜੀ।
ਤਰਨ ਤਾਰਨ ਦਾ ਹਾਲ ਹੁਣ ਸੁਣੋਂ ਮੈਥੋਂ, ਜੋ ਪੁਜਾਰੀਆਂ ਗਰਦ ਮਚਾਈ ਹੈ ਜੀ।
ਮੇਰੀ ਆਪ ਬੀਤੀ ਜਰਾ ਸੁਣੋ ਵੀਰੋ! ਜੇਹੜੀ ਪਾਮਰਾਂ ਕਾਰ ਕਮਾਈ ਹੈ ਜੀ।
ਕੇਰਾਂ ਗਈ ਮੈਂ ਵਿਚ ਦਰਬਾਰ ਸਾਹਿਬ, ਏਹਨਾਂ ਤੱਕਿਆ ਨਾਲ ਬੁਰਿਆਈ ਹੈ ਜੀ।
ਗੱਲਾਂ ਆਖੀਆਂ ਕਈ ਬੇਸ਼ਰਮ ਏਹਨਾਂ, ਡਾਢੀ ਜਾਲਮਾਂ ਨੇ ਅੱਤ ਚਾਈ ਹੈ ਜੀ।
ਮੈਂ ਜਦ ਆਖਿਆ ਮੂਰਖੋ ! ਅਕਲ ਕਰੋ, ਕਿਉਂ ਮੌਤ ਤੁਸਾਡੜੀ ਆਈ ਹੈ ਜੀ।
ਵਿਚ ਬੈਠ ਕੇ ਗੁਰੂ ਦਰਬਾਰ ਤੁਸਾਂ, ਕਾਹਨੂੰ ਫੜੀ ਐਸੀ ਕਾਰਵਾਈ ਹੈ ਜੀ।
ਛੇਤੀ ਖਾਲਸਾ ਤੁਸਾਂ ਨੂੰ ਸੋਧ ਲੈਸੀ, ਸਾਰੀ ਕੌਮ ਚਾ ਤੁਸਾਂ ਦੁਖਾਈ ਹੈ ਜੀ।
ਅੱਗੋਂ ਆਖਦੇ ਦੁਸ਼ਟ ਮਖੌਲ ਕਰਕੇ, ਤੂੰ ਤਾਂ ਸਾਡੜੀ ਸਕੀ ਭਰਜਾਈ ਹੈ ਜੀ।
ਸੁਣ ਕੇ ਅੱਗ ਲਗੀ ਮੇਰੇ ਜਿਸਮ ਤਾਈਂ, ਤਾਂ ਮੈਂ ਓਹਨਾਂ ਨੂੰ ਏਹ ਸੁਣਾਈ ਹੈ ਜੀ।
ਕਰਾਂ ਖਾਲਸੇ ਪਾਸ ਮੈਂ ਅਰਜ ਜਾ ਕੇ, ਮੇਰੀ ਆਤਮਾਂ ਤੁਸਾਂ ਦੁਖਾਈ ਹੈ ਜੀ।
ਅੱਗੋਂ ਦੁਸ਼ਟ ਕੈਂਹਦੇ ਜਾ ਕੇ ਸੱਦ ਛੇਤੀ, ਜੇਹੜਾ ਖਾਲਸਾ ਤੇਰਾ ਜਵਾਈ ਹੈ ਜੀ।
ਸੁਣ ਕੇ ਹਾਲ ਬੇਹਾਲ ਹੋ ਗਏ ਸਾਰੇ, ਜਦੋਂ ਮਾਈ ਏਹ ਖਬਰ ਸੁਣਾਈ ਹੈ ਜੀ।
ਕੈਂਹਦੇ ਖਾਲਸਾ ਜੀ ਹੁਣ ਤਾਂ ਅੱਤ ਹੋ ਗਈ, ਖਬਰ ਏਸ ਤੋਂ ਕੀ ਦੁਖਦਾਈ ਹੈ ਜੀ।
ਨਾਨਕ ਸਿੰਘ ਏਹ ਗੁਰਮਤਾ ਪਾਸ ਕਰ ਕੇ, ਕੀਤੀ ਖਾਲਸੇ ਤੁਰਤ ਚੜ੍ਹਾਈ ਹੈ ਜੀ।

## ੨੫ ਜਨਵਰੀ ਨੂੰ ਅਕਾਲੀ ਦਲ ਦਾ ਅੰਮ੍ਰਿਤਸਰੋਂ ਰਵਾਨਾ ਹੋਣਾ

ਪੰਝੀ ਤ੍ਰੀਕ ਸਵੇਰੇ ਇਸਨਾਨ ਕਰਕੇ, ਵੀਰ ਖਾਲਸੇ ਘੱਤ ਵਹੀਰ ਚੱਲੇ।
ਘਟਾਂ ਕਾਲੀਆਂ ਬੰਨ੍ਹ ਕੇ ਵਾਂਗ ਬੱਦਲ, ਵਾਂਗ ਹੜਾਂ ਦੇ ਜਾਂਵਦੇ ਨੀਰ ਚਲੇ।
ਏਹ ਫਤਹ ਮਦਾਨ ਜਰੂਰ ਕਰਨਾ, ਏਹ ਸੋਚਦੇ ਠੀਕ ਤਦਬੀਰ ਚਲੇ।
ਤੀਹ ਲੱਖ* ਸੀ ਫੌਜ ਅਕਾਲੀਆਂ ਦੀ, ਨਾਲ ਹੋਰ ਭੀ ਕਈ ਸੂਰਬੀਰ ਚਲੇ।
ਮਾਨੋਂ ਜੀਵਣੇ ਦੀ ਦਿਲੋਂ ਆਸ ਲਾਹ ਕੇ, ਅੱਜ ਹੋਣ ਸ਼ਹੀਦ ਏਹ ਵੀਰ ਚਲੇ।
ਵਿਚ ਬੀਬੀਆਂ ਤੇ ਕਈ ਬਾਲ ਛੋਟੇ, ਸਾਰੇ ਕਰਨ ਕੁਰਬਾਨ ਸਰੀਰ ਚਲੇ।
ਆਹਾ! ਵੇਖਕੇ ਏਹ ਅਸਚਰਜ ਝਾਕਾ, ਨਾਲ ਪ੍ਰੇਮ ਦੇ ਅਖੀਓਂ ਨੀਰ ਚਲੇ।
ਬਣ ਕੇ ਢਾਲ ਅਜ ਵੱਲ ਪੁਜਾਰੀਆਂ ਦੀ, ਸੈਹਨ ਓਹਨਾਂ ਦੀ ਤੇਜ਼ ਸ਼ਮਸ਼ੀਰ ਚਲੇ।
ਹੱਥ ਕਿਸੇ ਤੇ ਨਹੀਂ ਉਠਾਨ ਚਲੇ, ਸਗੋਂ ਸੈਹਨ ਕਲੇਜੜੇ ਤੀਰ ਚਲੇ।
ਨਾਨਕ ਸਿੰਘ ਛੇਤੀ ਕੰਮ ਰਾਸ ਹੋਵੇ, ਜਿਸ ਕੰਮ ਨੂੰ ਲਾਡਲੇ ਵੀਰ ਚਲੇ।

** ਤੀਹ ਸਿੰਘ*

**ਤਰਨ ਤਾਰਨ ਪਹੁੰਚਨਾ**

ਅੱਠ ਬਜੇ ਤਰਨ ਤਾਰਨ ਜਾਇ ਪਹੁੰਚੇ, ਡੇਰੇ ਵਿਚ ਮੈਦਾਨ ਲਗਾ ਦਿਤੇ।
ਹਾਜ਼ਰ ਹੋਇ ਕੇ ਪੈਹਲਾਂ ਦਰਬਾਰ ਸਾਹਿਬ, ਸੀਸ ਗੁਰੂ ਦੇ ਅਗੇ ਨਿਵਾ ਦਿਤੇ।
"ਲੈ ਵੇ ਸਾਹਿਬਾ! ਆਪਦੇ ਸੇਵਕਾਂ ਨੇ, ਤੇਰੇ ਚਰਨਾਂ ਦੇ ਉਤੇ ਟਿਕਾ ਦਿਤੇ।
ਭਾਵੇਂ ਰੱਖ ਨਾ ਰੱਖ ਏਹ ਚੀਜ ਤੇਰੀ, ਅਸਾਂ ਤੋਲ ਬਾਜ਼ਾਰ ਦੇ ਭਾ ਦਿਤੇ।
" ਤੂੰਹੇਂ ਆਖਿਆ ਸੀ ਸਾਰੇ ਖਾਲਸੇ ਨੂੰ, ਸੀਸ ਖਾਲਸਾ ਜੀ ਤੁਸਾਂ ਚਾ ਦਿਤੇ।
"ਤੇਰਾ ਹੁਕਮ ਮੰਨ ਕੇ ਕਲਗੀ ਵਾਲਿਆ ਵੇ ! ਅਸਾਂ ਤੈਂਡੜੇ ਹੱਥ ਫੜਾ ਦਿਤੇ।
ਜਦੋਂ ਪਿਤਾ ਦਸਮੇਸ਼ ਨੇ ਤਾਰ ਬੁਝੀ, *ਗੁਝੇ ਰਾਗ ਅਲਾਪ ਕੇ ਗਾ ਦਿਤੇ ।
"ਮੇਰੇ ਖਾਲਸਾ! ਕਿਉਂ ਉਦਾਸ ਹੋਯੋਂ, ਕਾਹਨੂੰ ਫਿਕਰ ਵਿਚ ਚਿੱਤ ਡੁਲਾ ਦਿਤੇ।
"ਤੇਰੇ ਸੀਸ ਤੇ ਸਦਾ ਹੈ ਹੱਥ ਮੇਰਾ, ਕਾਹਨੂੰ ਖਾਲਸਾ। ਚਿੱਤ ਘਬਰਾ ਦਿਤੇ।
"ਜਰਾ ਵੇਖ ਤੂੰ ਕਿਵੇਂ ਮੈਂ ਫਤੇਹ ਕਰਕੇ, ਸੇਹਰੇ ਫਤੇ ਦੇ ਤੈਨੂੰ ਬੰਨ੍ਹਾ ਦਿਤੇ।
"ਤੱਤੀ ਵਾਉ ਨਾ ਤੁਧ ਨੂੰ ਲਗਨ ਦੇਸਾਂ, " ਏਹੋ ਗੁਰਾਂ ਨੇ ਹੁਕਮ ਸੁਨਾ ਦਿਤੇ।
ਜਦੋਂ ਹੁਕਮ ਸੁਣਿਆ ਬੀਰ ਖਾਲਸੇ ਨੇ, ਦਿਲ ਖੁਸ਼ੀ ਦੇ ਨਾਲ ਵਧਾ ਦਿਤੇ।
ਡਿਓਢੀ ਦਰਸ਼ਨੀ ਅੱਗੇ ਮੈਦਾਨ ਉਤੇ, ਸਿੰਘਾਂ ਤੁਰਤ ਦੀਵਾਨ ਸਜਾ ਦਿਤੇ।
ਹੋਯਾ ਕੀਰਤਨ ਸ਼ੁਰੂ ਅਕਾਲ ਵਾਲਾ, ਸੱਚਖੰਡ ਦੇ ਝੂਟੜੇ ਆ ਦਿਤੇ।
ਅੰਦਰ ਪਏ ਪੁਜਾਰੀ ਵਿਚਾਰ ਕਰਦੇ, ਹੁਣ ਤਾਂ ਮੌਤ ਨੇ ਮੂੰਹ ਵਿਖਾ ਦਿਤੇ।
ਚੰਗੇ ਭਲੇ ਬੈਠੇ ਮੌਜਾਂ ਮਾਨਦੇ ਸਾਂ, ਕੇਹੇ ਰੱਬ ਨੇ ਵਾਇਦੇ ਪਾ ਦਿਤੇ।
ਮੂਰਖ ਜਾਨਦੇ ਨਹੀਂ ਕਰਤਾਰ ਨੇ ਹੀ, ਹੁਨ ਓਪਰੇ ਸਮੇਂ ਲਿਆ ਦਿਤੇ।
ਨਾਨਕ ਸਿੰਘ ਪੁਜਾਰੀਓ ! ਸੰਭਲ ਜਾਵੋ, ਡੇਰੇ ਤੁਸਾਂ ਦੇ ਗੁਰੂ ਉਠਾ ਦਿਤੇ।

**ਪੁਜਾਰੀਆਂ ਦੀਆਂ ਤਿਆਰੀਆਂ**

ਏਹ ਤਾਂ ਪਤਾ ਸੀ ਖਾਲਸੇ ਆਵਨਾ ਹੈ, ਬੰਦੋਬਸਤ ਕਰ ਲਿਆ ਪੁਜਾਰੀਆਂ ਨੇ।
ਡਾਹ ਕੇ ਮੋਰਚਾ ਜੰਗ ਮਚਾਨ ਖਾਤਰ, ਓਹਨਾਂ ਕੀਤੀਆਂ ਖੂਬ ਤਿਆਰੀਆਂ ਨੇ।
ਛਵੀਆਂ ਟੋਕੇ ਤੇ ਟੱਕੂਏ ਤੇਜ ਕਰਕੇ, ਭਰ ਕੇ ਰਖੀਆਂ ਕਈ ਅਲਮਾਰੀਆਂ ਨੇ।
ਜੇਹੜੇ ਪਿੰਡਾਂ ਦੇ ਚੋਰ ਬਦਮਾਸ਼ ਭਾਰੇ, ਓਹਨਾਂ ਨਾਲ ਜਾ ਲਾਈਆਂ ਯਾਰੀਆਂ ਨੇ।
ਖੂਬ ਨਸ਼ੇ ਪਿਆਲ ਤਿਆਰ ਕੀਤੇ, ਓਹਨਾਂ ਚਾੜ੍ਹੀਆਂ ਖੂਬ ਖੁਮਾਰੀਆਂ ਨੇ।
ਕੋਠੇ ਬੁੰਗਿਆਂ ਅਤੇ ਚੁਬਾਰਿਆਂ ਤੇ, ਪੱਥਰ ਇੱਟਾਂ ਚਾ ਖੂਬ ਉਸਾਰੀਆਂ ਨੇ।
ਕੱਠਾ ਕਰ ਬਾਰੂਦ ਪਟਾਸ ਬਹੁਤਾ, ਗੋਲੇ ਕਈ ਬਨਾਏ ਬਦਕਾਰੀਆਂ ਨੇ।
ਡਿਓੜੀ ਦਰਸ਼ਨੀ ਤੇ ਧੌਂਸਾ ਰੱਖ ਦਿਤਾ, ਪੈਹਲਾਂ ਲਾਵਨੀ ਚੋਟ ਨਗਾਰੀਆਂ ਨੇ।
ਕਈ ਹੋਰ ਭੀ ਕਠੇ ਸਾਮਾਨ ਕਰਕੇ, ਸੋਚਾਂ ਸੋਚਦੇ ਬੈਠ ਕੇ ਭਾਰੀਆਂ ਨੇ।
ਸਿੰਘ ਔਣ ਤੇ ਧੌਂਸਾ ਵਜਾ ਦੇਣਾ, ਅਸਾਂ ਪਹੁੰਚਣਾ ਮਾਰ ਉਡਾਰੀਆਂ ਨੇ।...

** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਜੋ ਵਾਕ ਲਿਆ ਸੀ, ਉਸ ਦਾ ਭਾਵ ਇਹੋ ਸੀ।*

ਅਸੀਂ ਪਕੜ ਗੰਡਾਸੇ ਜਦ ਪਵਾਂਗੇ ਜੀ, ਸਿੱਖਾਂ ਪੈਨ ਮੁਸੀਬਤਾਂ ਭਾਰੀਆਂ ਨੇ।
ਕੁਝ ਆਦਮੀ ਬੰਬ ਦੇ ਪਕੜੇ ਗੋਲੇ, ਜਾ ਕੇ ਸੁਟਣਗੇ ਬੈਠ ਵਿਚ ਬਾਰੀਆਂ ਨੇ।
ਬੂਹੇ ਬੰਦ ਕਰਕੇ ਚੜ ਕੇ ਕੋਠਿਆਂ ਤੇ, ਇੱਟਾਂ ਮਾਰਨ ਅਸਾਡੀਆਂ ਨਾਰੀਆਂ ਨੇ।
ਓਧਰ ਖਬਰ ਕਰਨੀ ਪੁਲਸ ਵਾਲਿਆਂ ਨੂੰ, ਆ ਕੇ ਪਕੜਨਾ ਤੁਰਤ ਸਰਕਾਰੀਆਂ ਨੇ।
ਫੇਰ ਅੜੇਗਾ ਖਾਲਸਾ ਮੂਲ ਨਾਹੀਂ, ਗਿਦੜ ਮਾਰਨੇ ਅਸਾਂ ਸ਼ਿਕਾਰੀਆਂ ਨੇ।
ਨਾਨਕ ਸਿੰਘ ਅਵੱਲੜੇ ਰਾਤ ਤੁਰਦੇ, ਮਤਾਂ ਜਿਨਾਂ ਦੀਆਂ ਰੱਬ ਚਾ ਮਾਰੀਆਂ ਨੇ।

**ਸੁਲ੍ਹਾਂ ਦੀਆਂ ਸ਼ਰਤਾਂ**

ਮੱਥਾ ਟੇਕ ਪੈਹਲਾਂ ਦਰਬਾਰ ਸਾਹਿਬ, ਸਿੰਘ ਬਾਹਰ ਦੀਵਾਨ ਸਜਾਂਵਦੇ ਜੀ।
ਓਧਰ ਥਾਂਓ ਥਾਂ ਉਪਰ ਦਰਵਾਜ਼ਿਆਂ ਦੇ, ਇੱਕ ਇੱਕ ਨੂੰ ਖੜਾ ਕਰਾਂਵਦੇ ਜੀ।
ਆ ਕੇ ਪੁੱਛਣ ਪੁਜਾਰੀ 'ਕਿਉਂ ਆਏ ਏਥੇ', ਕੀ ਦਰਬਾਰ ਨੂੰ ਖੱਸਣਾ ਚਾਂਹਵਦੇ ਜੀ।
ਕਿਹਾ ਖਾਲਸੇ ਨੇ ਬੈਠ ਸੁਣੋ ਵੀਰੋ! ਅਸੀਂ ਖੱਸਣਾ ਮੂਲ ਨ ਚਾਂਹਵਦੇ ਜੀ।
ਸਗੋਂ ਚਾਂਵਦੇ ਅਸੀਂ ਸੁਧਾਰ ਕਰਨਾ, ਤੇ ਕੁਰੀਤੀਆਂ ਸਭ ਗਵਾਂਵਦੇ ਜੀ।
ਜੇਕਰ ਕਰੋ ਮਨਜ਼ੂਰ ਸੁਧਾਰ ਤਾਈਂ, ਅਸੀਂ ਹੁਣੇ ਵਾਪਸ ਚਲੇ ਜਾਂਵਦੇ ਜੀ।
ਸਾਡਾ ਵੀਰ ਜੀ। ਕੋਈ ਨਾ ਵੈਰ ਏਥੇ, ਦੁਸ਼ਮਨ ਜ਼ੁਲਮ ਦੇ, ਯਾਰ ਨਿਆਂਵਦੇ ਜੀ।
ਅਗੋਂ ਕਿਹਾ ਪੁਜਾਰੀਆਂ ਖਾਲਸੇ ਨੂੰ, ਮੋਹਲਤ ਦਿਓ ਅਸੀਂ ਹੁਣੇ ਆਂਵਦੇ ਜੀ।
ਆਪੋ ਵਿਚ ਕੁਝ ਅਸੀਂ ਸਲਾਹ ਕਰਕੇ, ਸਾਰਾ ਸ਼ਾਮ ਨੂੰ ਹਾਲ ਸੁਣਾਂਵਦੇ ਜੀ।
ਆਖ਼ਰ ਸ਼ਾਮ ਨੂੰ ਫੇਰ ਇਕੱਠ ਹੋਯਾ, ਵਖਰੇ ਜਾਏ ਗੁਰਮਤਾ ਪਕਾਂਵਦੇ ਜੀ।
ਸਿੰਘ ਪੰਜ ਸ਼ਰਤਾਂ ਪਰਵਾਨ ਕਰਕੇ, ਜਾ ਪੁਜਾਰੀਆਂ ਤਾਈਂ ਸੁਣਾਂਵਦੇ ਜੀ।
ਜੇਕਰ ਏਹਨਾਂ ਨੂੰ ਕਰੋ ਮਨਜੂਰ ਭਾਈ, ਅਸੀਂ ਤੁਸਾਂ ਦੇ ਦਾਸ ਹੋ ਜਾਂਵਦੇ ਜੀ।
ਪੈਹਲੀ ਸ਼ਰਤ ਜੋ ਨਿਯਮ ਨੇ ਪੰਥ ਸੰਦੇ (ਕਹੋ) ਏਹਨਾਂ ਅੱਗੇ ਹਾਂ ਸੀਸ ਨਿਵਾਂਵਦੇ ਜੀ।
ਦੂਜੀ ਵਡੀ ਕਮੇਟੀ ਦੇ ਹੇਠ ਰੈਹ ਕੇ, ਹਰ ਇਕ ਕੰਮ ਨੂੰ ਰਹੋ ਨਿਭਾਂਵਦੇ ਜੀ।
ਤੀਜਾ ਕਹੋ ਜੋ ਅਸਾਂ ਅਪਰਾਧ ਕੀਤੇ, ਗੁਰੂ ਪੰਥ ਤੋਂ ਅਸੀਂ ਬਖਸ਼ਾਂਵਦੇ ਜੀ।
ਚੌਥਾ ਜਦੋਂ ਤਕ ਪੰਥ ਨਾ ਹੁਕਮ ਦੇਵੇ, ਅਸੀਂ ਗੋਲਕ ਨੂੰ ਹੱਥ ਨਾ ਲਾਂਵਦੇ ਜੀ।
ਸ਼ਰਤ ਪੰਜਵੀਂ ਜੋ ਕੰਮ ਪੰਥ ਕਰਦਾ, ਅਸੀਂ ਕਿਸੇ ਵਿਚ ਰੋਕ ਨਾ ਪਾਂਵਦੇ ਜੀ।
ਨਾਨਕ ਸਿੰਘ ਭਾਵੇਂ ਲੱਖ ਜਤਨ ਕਰੀਏ, ਪੱਥਰ ਕਦੇ ਨਾ ਨਰਮ ਹੋ ਜਾਂਵਦੇ ਜੀ।

**ਪੁਜਾਰੀਆਂ ਨੇ ਸ਼ਰਤਾਂ ਮੰਨ ਕੇ ਮੁਕਰ ਜਾਣਾ**

ਪੈਹਲਾਂ ਸਭ ਪੁਜਾਰੀਆਂ ਹਾਂ ਕੀਤੀ, ਪਿਛੋਂ ਫੇਰ ਇਕਰਾਰ ਭੁਲਾ ਦਿਤੇ।
ਪੈਹਲਾਂ ਬਚਨ ਕਰਕੇ ਨਾਲ ਖਾਲਸੇ ਦੇ, ਫੇਰ ਮੂਰਖਾਂ ਦਿਲ ਡੁਲਾ ਦਿਤੇ।
ਏਧਰ ਸੁਲ੍ਹਾ ਦਾ ਛੇੜ ਕੇ ਹੋਰ ਰੌਲਾ, ਓਧਰ ਹੋਰ ਫਤੂਰ ਮਚਾ ਦਿਤੇ।
ਨਾਨਕ ਸਿੰਘ ਹੁਣ ਵੇਖ ! ਕੀ ਕਸਬ* ਕਰਦੇ, ਰੱਬ ਅਕਲ ਨੂੰ ਜੰਦਰੇ ਲਾ ਦਿਤੇ।

** ਨਿੰਦਿਤ ਕਰਮ*

**ਸਿੰਘਾਂ ਪਰ ਹਮਲਾ**

ਏਧਰ ਸਿੰਘਾਂ ਨੂੰ ਟੱਪਲਾ ਏਹ ਦਿਤਾ, ਅਸੀਂ ਤੁਸਾਂ ਦੇ ਤਾਬਿਆਦਾਰ ਹੋਏ।
ਓਧਰ ਜੰਗ ਦੇ ਕਰਨ ਸਾਮਾਨ ਲੱਗੇ, ਟੋਕੇ ਛਵੀਆਂ ਨੂੰ ਫੜ ਤਿਆਰ ਹੋਏ।
ਸਿੰਘ ਵਿਚ ਭੁਲੇਖਿਆਂ ਰਹੇ ਬੈਠੇ, ਉਤੋਂ ਗੋਲਿਆਂ ਦੇ ਪੈਹਲਾਂ ਵਾਰ ਹੋਏ।
ਓਧਰ ਸਿੰਘ ਜੋ ਖੜੇ ਦਰਵਾਜਿਆਂ ਤੇ, ਓਹ ਪੁਜਾਰੀਆਂ ਹਥ ਗ੍ਰਿਫਤਾਰ ਹੋਏ।
ਛਵੀਆਂ ਵਾਹੀਆਂ ਰੱਜ ਕੇ ਜ਼ਾਲਮਾਂ ਨੇ, ਸਿੰਘ ਨਾਲ ਜਖਮਾਂ ਖੂੰਨਖਾਰ ਹੋਏ।
ਏਧਰ ਖਾਲਸੇ ਤਾਈਂ ਏਹ ਹੁਕਮ ਹੈ ਜੀ, ਅਸੀਂ ਢਾਲ ਤੇ ਓਹ ਤਲਵਾਰ ਹੋਏ।
ਜਥੇਦਾਰ ਜੀ ਨੇ ਸਖਤ ਹੁਕਮ ਦਿਤਾ, ਸਿੰਘਾਂ ਵੱਲੋਂ ਨਾ ਉਕਾ ਹੀ ਵਾਰ ਹੋਏ।
ਕਈ ਹੋਰ ਸਿੰਘ ਗਏ ਛੁੜਾਵਨੇ ਨੂੰ, ਏਹ ਭੀ ਓਹਨਾਂ ਦਾ ਜਾਇ ਸ਼ਿਕਾਰ ਹੋਏ।
ਸਿੰਘਾਂ ਕਿਹਾ ਆ ਕੇ ਜਥੇਦਾਰ ਜੀ ਨੂੰ, ਹੋਰ ਜ਼ੁਲਮ ਨਾ ਸਾਥੋਂ ਸਹਾਰ ਹੋਏ।
ਫੇਰ ਹੁਕਮ ਦਿਤਾ ਜਥੇਦਾਰ ਜੀ ਨੇ, ਹੱਥ ਖੜਾ ਨਾ ਮੂਲ ਇਕ ਵਾਰ ਹੋਏ।
ਐਪਰ ਪਕੜਕੇ ਬੰਨ ਲਿਆਓ ਏਥੇ, ਸੁਣ ਕੇ ਖਾਲਸਾ ਤੁਰਤ ਤਿਆਰ ਹੋਏ।
ਔਂਦੇ ਵੇਖਿਆ ਜਦੋਂ ਪੁਜਾਰੀਆਂ ਨੇ, ਜਗਾ ਛੱਡ ਕੇ ਸਭ ਫ਼ਰਾਰ ਹੋਏ।
ਕੁਝ ਪਕੜ ਕੇ ਸਿੰਘਾਂ ਨੇ ਬੰਨ੍ਹ ਲੀਤੇ, ਹਾਜ਼ਰ ਆਨ ਕੇ ਵਿਚ ਦਰਬਾਰ ਹੋਏ।
ਕੋਈ ਪੇਸ਼ ਨਾ ਗਈ ਪੁਜਾਰੀਆਂ ਦੀ, ਇੱਟਾਂ ਮਾਰਨੇ ਨੂੰ ਫਿਰ ਤਿਆਰ ਹੋਏ।
ਪੰਦਰਾਂ ਸਿੰਘ ਘਾਇਲ ਹੋਏ ਬਹੁਤ ਭਾਰੇ, ਅਤੇ ਚਾਰ ਤਾਂ ਮਰਨ ਕਿਨਾਰ ਹੋਏ।
ਨਾਨਕ ਸਿੰਘ ਪਰ ਓਹਨਾਂ ਨੂੰ ਕੌਨ ਮਾਰੇ, ਰਾਖਾ ਜਿਨਾਂ ਦਾ ਆਪ ਕਰਤਾਰ ਹੋਏ।

**ਭਾਈ ਹਜ਼ਾਰਾ ਸਿੰਘ ਦਾ ਚਲਾਣਾ**

ਸਿੰਘਾਂ ਜ਼ਖ਼ਮੀਆਂ ਤਾਈਂ ਉਠਾਇ ਕੇ ਤੇ, ਤੁਰੰਤ ਆਨ ਪਹੁੰਚੇ ਹਸਪਤਾਲ ਪਿਆਰੇ।
ਏਹਨਾਂ ਵਿਚ ਇਕ ਸਿੰਘ ਹਜ਼ਾਰ ਵਰਗਾ, ਸੂਰਬੀਰ ਤੇ ਗੁਰੂ ਦਾ ਲਾਲ ਪਿਆਰੇ।
ਵਿਚ ਪਿੰਡ ਅਲਾਦੀਨਪੁਰ ਰੈਹਨ ਵਾਲਾ, ਸਿੱਖੀ ਸਿਦਕ ਦੇ ਵਿਚ ਕਮਾਲ ਪਿਆਰੇ।
ਸੱਟਾਂ ਏਸਨੂੰ ਲੱਗੀਆਂ ਬਹੁਤ ਭਾਰੀ, ਹੋਯਾ ਬਚਨਾ ਬਹੁਤ ਮੁਹਾਲ ਪਿਆਰੇ।
ਚਾਰ ਬਜੇ ਏਹ ਗੁਰੂ ਦਾ ਸਿੱਖ ਸੂਰਾ, ਜਾਏ ਪਹੁੰਚਿਆ ਪੁਰੀ ਅਕਾਲ ਪਿਆਰੇ।
ਆਈਆਂ ਸੰਗਤਾਂ ਹੁਮ ਹੁਮਾਇ ਕੇ ਜੀ, ਸੁਣਿਆ ਮੌਤ ਦਾ ਜਦੋਂ ਹਵਾਲ ਪਿਆਰੇ।
ਓਧਰ ਪਿੰਡ ਅਦੀਨਪੁਰ ਖ਼ਬਰ ਹੋਈ, ਸਾਰਾ ਪਿੰਡ ਆਯਾ ਤਤਕਾਲ ਪਿਆਰੇ।
ਆਯਾ ਸਿੰਘ ਦਾ ਸਭ ਪਰਵਾਰ ਓਥੇ, ਕਈ ਹੋਰ ਸਨਬੰਧੀਆਂ ਨਾਲ ਪਿਆਰੇ।
ਓਸ ਸਮੇਂ ਦਾ ਕੀਹ ਮੈਂ ਹਾਲ ਦੱਸਾਂ, ਜੋਸ਼ ਠਲ੍ਹਣਾ ਹੋਯਾ ਮੁਹਾਲ ਪਿਆਰੇ।
ਨਾਨਕ ਸਿੰਘ ਓਹ ਧਨ ਹੈ ਸਿੱਖ ਸੂਰਾ, ਸਿੱਖੀ ਸਿਦਕ ਜੋ ਲੈ ਗਿਆ ਨਾਲ ਪਿਆਰੇ।

**ਭਾਈ ਹਜ਼ਾਰਾ ਸਿੰਘ ਦਾ ਸਸਕਾਰ ਤੇ ਪਰਵਾਰ ਦਾ ਸਿਦਕ**

ਇਕ ਮਾਈ ਇਕ ਭੈਣ ਤੇ ਪੁਤ ਦੋਵੇਂ, ਆਏ ਸਿੰਘ ਦਾ ਕਰਨ ਦੀਦਾਰ ਪਿਆਰੇ।
ਮਾਤਾ ਆਖਦੀ ਧੰਨ ਸਤਗੁਰੂ ਮੇਰਾ, ਕਰਾਂ ਸ਼ੁਕਰ ਮੈਂ ਲੱਖ ਹਜ਼ਾਰ ਪਿਆਰੇ।

ਮੇਰਾ ਲਾਲ ਅੱਜ ਕੌਮ ਪਰ ਸੀਸ ਲਾ ਕੇ, ਮੇਰੀ ਕੁੱਖ ਨੂੰ ਗਿਆ ਸਵਾਰ ਪਿਆਰੇ।
ਭੈਣ ਆਖਦੀ ਧੰਨ ਹੈ ਗੁਰੂ ਸੱਚਾ, ਦਿੱਤਾ ਵੀਰ ਦਾ ਜਨਮ ਸਵਾਰ ਪਿਆਰੇ।
ਚਰਨਾਂ ਵਿਚ ਬੁਲਾਇਕੇ ਵੀਰ ਤਾਈਂ, ਦਿੱਤਾ ਖਾਲਸੇ ਦੇ ਸਿਰੋਂ ਵਾਰ ਪਿਆਰੇ।
ਪੁੱਤ ਆਖਦੇ ਬਾਪ ਜਦ ਤੁਰਨ ਲੱਗਾ, ਸਾਨੂੰ ਕੈਹ ਗਿਆ ਸੀ ਜਾਂਦੀ ਵਾਰ ਪਿਆਰੇ।
ਮੇਰੇ ਬੱਚਿਓ !ਪੰਥ ਦੀ ਸੇਵ ਖਾਤਰ, ਰੈਹਣਾ ਸਦਾ ਹੀ ਤਿਆਰ ਬਰਤਿਆਰ ਪਿਆਰੇ।
ਸ਼ੁਕਰਵਾਰ ਦੋ ਬਜੇ ਦੁਪੈਹਰ ਨੂੰ ਜੀ, ਹੋਯਾ ਸਿੰਘ ਜੀ ਦਾ ਸਸਕਾਰ ਪਿਆਰੇ।
ਧੂਮ ਧਾਮ ਦੇ ਨਾਲ ਬਬਾਨ ਕੱਢਿਆ, ਗਿਣਤੀ ਸੰਗਤਾਂ ਦੀ ਵੀਹ ਹਜ਼ਾਰ ਪਿਆਰੇ।
ਸ਼ਬਦੀ ਜਥੇ ਤੇ ਨਾਲ ਕਈ ਬੈਂਡ ਵਾਜੇ, ਹੋਂਦਾ ਜਾਂਵਦਾ ਮੰਗਲਾਚਾਰ ਪਿਆਰੇ।
ਅੰਤ ਗੁਰੂ ਕੇ ਖੂਹ ਤੇ ਜਾਇ ਪਹੁੰਚੇ, ਤਰਨ ਤਾਰਨੋਂ ਜੋ ਬਾਹਰ ਵਾਰ ਪਿਆਰੇ।
ਸ਼ਬਦ ਕੀਰਤਨ ਅਤੇ ਅਰਦਾਸ ਹੋ ਕੇ, ਓਥੇ ਸਿੰਘ ਦਾ ਹੋਇਆ ਸਸਕਾਰ ਪਿਆਰੇ।
ਕੀਤਾ ਓਥੇ ਹੀ ਪਾਸ ਗੁਰਮਤਾ ਸਿੰਘਾਂ, ਬਨੇ ਸਿੰਘ ਜੀ ਦੀ ਯਾਦਗਾਰ ਪਿਆਰੇ।
ਨਾਨਕ ਸਿੰਘ ਓਹ ਗੁਰੂ ਦਾ ਲਾਲ ਸੂਰਾ, ਗਿਆ ਆਪਨਾ ਜਨਮ ਸਵਾਰ ਪਿਆਰੇ।

**ਤਰਨ ਤਾਰਨ ਦਰਬਾਰ ਸਾਹਿਬ ਪਰ ਖਾਲਸੇ ਜੀ ਦਾ ਪ੍ਰਬੰਧ**

ਨਾਲ ਪ੍ਰੇਮ ਦੇ ਖਾਲਸਾ ਦਲ ਨੇ ਜੀ,
ਖ਼ਾਲਸਈ ਨਿਸ਼ਾਨ ਝੁਲਾ ਦਿੱਤੇ।
ਇੱਕ ਸਿੰਘ ਮਹਾਰਾਜ ਦੀ ਤਾਬਿਆ ਤੇ,
ਸੇਵਾਦਾਰ ਸੇਵਾ ਉਤੇ ਲਾ ਦਿੱਤੇ।
ਸਾਰੇ ਖ਼ਾਲਸੇ ਨੂੰ ਸਾਵਧਾਨ ਕਰ ਕੇ,
ਪੈਹਰੇ ਥਾਉਂ ਪਰ ਥਾਉਂ ਖੁਲਵਾ ਦਿੱਤੇ।
ਜਿਸ ਦਰਬਾਰ ਨੂੰ ਕੈਹਣ ਦੁਕਾਨ ਪਾਪੀ,
ਅੱਜ ਫੇਰ ਸਚਖੰਡ ਬਣਾ ਦਿੱਤੇ।
ਜੜ੍ਹਾਂ ਪੁਟ ਕਰਤਾਰ ਨੇ ਪਾਪ ਦੀਆਂ,
ਕਲਪ ਬ੍ਰਿਛ ਅੱਜ ਫੇਰ ਲਗਾ ਦਿੱਤੇ।
ਪਾਪੀ, ਦੁਸ਼ਟ, ਦਲਿਦਰੀ, ਦੂਰ ਕਰਕੇ,
ਧਰਮੀਂ ਖ਼ਾਲਸੇ ਤਖਤ ਬਹਾ ਦਿੱਤੇ।
ਨਾਨਕ ਸਿੰਘ ਕੈਂਹਦਾ ਧੰਨ ਗੁਰੂ ਮੇਰਾ,
ਜਿਸ ਨੇ ਜ਼ੁਲਮ ਦੇ ਤਖਤ ਉਲਟਾ ਦਿੱਤੇ।

(**ਨੋਟ:-** ਨਾਨਕ ਸਿੰਘ ਨੇ ਆਪਣੀ ਕਵਿਤਾ ਵਿਚ ਸ. ਹਜ਼ਾਰਾ ਸਿੰਘ ਅਲਾਦੀਨਪੁਰ ਦੀ ਸ਼ਹੀਦੀ ਦਾ ਹੀ ਜ਼ਿਕਰ ਕੀਤਾ ਹੈ, ਸ. ਹੁਕਮ ਸਿੰਘ ਜੀ ਵਸਾਊਕੋਟ ਇਸ ਸਾਕੇ ਵਿਚ ਗੰਭੀਰ ਜ਼ਖ਼ਮੀ ਹੋਏ ਸਨ, ਜੋ ਬਾਅਦ ਵਿਚ ਸ਼ਹੀਦੀ ਪਾ ਗਏ।) ■

# ਨਸ਼ਿਆਂ ਦੇ ਤੰਦੂਏ ਜਕੜ ਲਈ ਸਾਡੀ ਜਵਾਨੀ

*-ਸ. ਬਲਵਿੰਦਰ ਸਿੰਘ ਗੰਭੀਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਨ ਦੇ ਕਲਿਆਣ ਹਿੱਤ ਤ੍ਰੈ-ਸੂਤਰੀ ਸਿਧਾਂਤ ਬਖਸ਼ਿਸ਼ ਕੀਤੇ-ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ। ਇਹ ਤਿੰਨੇ ਸਿਧਾਂਤ ਮਨੁੱਖੀ ਜੀਵਨ ਦੀ ਆਧਾਰਸ਼ਿਲ੍ਹਾ ਹਨ। ਇਹ ਸਾਨੂੰ ਸੁਚਾਰੂ (streamline), ਤੇ ਅਨੁਸ਼ਾਸਿਤ ਸੁਖਾਲਾ ਜੀਵਨ ਜੀਉਣ ਹਿੱਤ ਪ੍ਰੇਰਿਤ ਕਰਦੇ ਹਨ, ਜਾਂ ਇਉਂ ਕਹਿ ਲਈਏ ਕਿ ਗੁਰਮਤਿ ਸਾਨੂੰ ਉੱਚੇ-ਸੁੱਚੇ ਜੀਵਨ ਜੀਉਣ ਦਾ ਬੇਹਤਰੀਨ ਖ਼ਜ਼ਾਨਾ ਬਖਸ਼ਦੀ ਹੈ ਜਿਸ ਵਿਚ ਗੁਰੂ ਸਹਿਬਾਨ ਵੱਲੋਂ ਥਾਂ ਪੁਰ ਥਾਂ ਚੰਗੇ ਚੱਜ-ਆਚਾਰ, ਸੁਹਣੀ ਸਿਹਤ, ਸਮਾਜਿਕ ਭਾਈਚਾਰਕ ਸਾਂਝ ਤੇ ਉੱਚੀ ਆਤਮਿਕ ਅਵਸਥਾ ਦੀ ਪ੍ਰਾਪਤੀ ਹਿੱਤ ਸਿੱਖਿਆਵਾਂ ਦਿੰਦਿਆਂ ਬੱਜਰ ਕੁਰਹਿਤਾਂ ਤੋਂ ਬਚਣ ਲਈ ਵਰਜਿਤ ਕੀਤਾ ਗਿਆ ਹੈ। ਗੁਰਬਾਣੀ ਸਾਨੂੰ ਪੱਤ ਤੇ ਮੱਤ ਕਾਇਮ ਰੱਖਣ ਦਾ ਸੰਦੇਸ਼ ਦਿੰਦੀ ਹੈ। ਗੁਰਮਤਿ ਅਨੁਸਾਰੀ ਜੀਵਨ-ਜੁਗਤ ਨਾਲ ਸਮਾਜ ਵਿਚ ਸਵੈਮਾਣ ਕਾਇਮ ਰਹਿੰਦਾ ਹੈ ਤੇ ਇਹ ਜੀਵਨ ਰੂਪੀ ਫੁੱਲਾਂ ਦੀ ਵੇਲ ਗੁਰਮਤਿ ਸਿਧਾਂਤਾਂ ਰੂਪੀ ਰੁੱਖ ਦੇ ਗਲ ਲੱਗ ਕੇ ਸੁੱਖ-ਨਿਧਾਨ ਨੂੰ ਪ੍ਰਾਪਤ ਹੁੰਦੀ ਹੈ ਅਰਥਾਤ ਉਸਨੂੰ ਸੁੱਖ ਰੂਪੀ ਖ਼ਜ਼ਾਨਾ ਮਿਲ ਜਾਂਦਾ ਹੈ ਤੇ ਉਹ ਸਦਾ ਹੀ ਪਰਮੇਸ਼ਰ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ। *ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥* ਪਰ ਇਨ੍ਹਾਂ ਗੁਰਮਤਿ ਸਿਧਾਂਤਾਂ ਤੋਂ ਵਿਰਵਾ/ਖੁੰਜਿਆ ਜੀਵਨ ਵਿਕਾਰਾਂ ਨਾਲ ਲਿਬੜਿਆ ਰਹਿੰਦਾ ਹੈ ਅਤੇ ਦਰ-ਦਰ ਭਟਕਦਾ ਰਹਿੰਦਾ ਹੈ। ਅਜਿਹਾ ਜੀਵਨ ਆਪ-ਹੁਦਰਾ, ਹੂੜਮਤੀਆ ਤੇ ਮਨਮਤੀਆ ਰਹਿ ਕੇ ਮਨ ਦੀ ਮੱਤ ਪਿੱਛੇ ਤੁਰਿਆ ਰਹਿੰਦਾ ਤੇ ਖੱਜਲ ਖੁਆਰ ਹੁੰਦਾ ਰਹਿੰਦਾ ਹੈ। ਅਜਿਹਾ ਮਨਮੁਖ ਮੂਲ ਵੀ ਗਵਾ ਲੈਂਦਾ ਹੈ। *ਮਨਮੁਖ ਚਲੇ ਮੂਲੁ ਗਵਾਇ ਜੀਉ॥* ਅਜਿਹਾ ਮਨਮੁਖ ਭਟਕਦਾ ਰਹਿੰਦਾ ਹੈ। ਉਸ ਦਾ ਕੋਈ ਥਉ-ਟਿਕਾਣਾ ਨਹੀਂ ਹੁੰਦਾ। *ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ॥* ਐਸੇ ਮਨੁੱਖ ਦਾ ਦਿਲ ਪੱਥਰ ਹੁੰਦਾ ਹੈ, ਬੇ-ਰਹਿਮ ਹੁੰਦਾ ਹੈ। *ਮਨਮੁਖੁ ਪਾਥਰੁ ਸੈਲੁ ਨ ਭੀਜੈ॥* ਮਨਮੁਖ ਦੀ ਅਗਲੀ ਅਵਸਥਾ ਦੁਰਮਤਿ ਹੈ ਭਾਵ ਕਿ ਭੈੜੀ ਮੱਤ। ਭੈੜੀ ਮੱਤ ਵਾਲੇ ਬਦਕਿਸਮਤ ਹੁੰਦੇ ਹਨ। ਉਨ੍ਹਾਂ ਦੀ ਅਕਲ ਵੀ ਹੌਲੀ ਹੁੰਦੀ ਹੈ। ਏਹੀ ਦੁਰਮਤਿ ਮਨੁੱਖ ਨੂੰ ਖ਼ੁਆਰ ਕਰਦੀ ਹੈ ਤੇ ਰਸਾਤਲ ਦੀ ਡੂੰਘੀ ਖੱਡ ਵਿਚ ਜਾ ਸੁੱਟਦੀ ਹੈ ਜਿਸ ਦੇ ਸਿੱਟੇ ਬੜੇ ਭਿਆਨਕ ਨਿਕਲਦੇ ਹਨ। ਇਹ ਸਾਰਾ ਕੁਝ ਉਦੋਂ ਹੀ ਵਾਪਰਦਾ ਹੈ ਜਦੋਂ ਅਸੀਂ ਗੁਰੂ ਸਾਹਿਬਾਨ ਜੀ ਦੇ ਦੱਸੇ ਤ੍ਰੈ-ਸੂਤਰੀ ਸਿਧਾਂਤ ਨੂੰ ਜੀਵਨ ਵਿੱਚੋਂ ਤਿਲਾਂਜਲੀ ਦੇ

**ਪਿਛਲਾ ਪਾਸਾ ਸੰਸਕ੍ਰਿਤੀ ਸਕੂਲ, ਗਰੇਟਰ ਕੈਲਾਸ਼, ਬਲਾਕ ਸੀ, ਬਟਾਲਾ-੧੪੩੫੦੬; ਮੋ. ੯੪੬੪੭-੫੬੭੯੧*

ਦਿੰਦੇ ਹਾਂ।

ਜਿਸਨੇ ਕਿਰਤ ਨਹੀਂ ਕਰਨੀ ਉਹ ਪਰਮੇਸ਼ਰ ਦਾ ਪਿਆਰਾ ਨਹੀਂ ਹੋ ਸਕਦਾ। ਉਸ ਵਿਚ ਜੀਵਨ ਰੌਂਅ ਨਹੀਂ ਧੜਕ ਸਕਦੀ। ਕਿਰਤ-ਸਭਿਆਚਾਰ ਨਾਲੋਂ ਟੁੱਟਿਆ ਮਨੁੱਖ ਵਿਨਾਸ਼ਕਾਰੀ ਹੋ ਨਿਬੜਦਾ ਹੈ ਅਤੇ ਸਮਾਜ ਵਿਚ ਇੰਝ ਵਿਚਰਦਾ ਹੈ *ਜਿਉ ਕੂਕਰੁ ਹਰਕਾਇਆ* ਉਹ ਕੰਮਚੋਰ ਹੁੰਦਾ ਹੈ, ਦਲਿੱਦਰੀ ਤੇ ਆਲਸੀ ਹੁੰਦਾ ਹੈ ਅਤੇ ਆਪਣੀ ਜ਼ਿੰਦਾ ਲਾਸ਼ ਆਪਣੇ ਮੋਢਿਆਂ ਉੱਪਰ ਚੁੱਕੀ ਫਿਰਦਾ ਵਿਚਰਦਾ ਰਹਿੰਦਾ ਹੈ। ਅਜਿਹੇ ਮਨੁੱਖ ਸਮਾਜ ’ਤੇ ਕੀੜੇ ਹੁੰਦੇ ਹਨ ਅਤੇ ਬੇਗਾਨੇ ਟੁੱਕੜਿਆਂ ’ਤੇ ਪਲਦੇ ਹਨ ਜਿਨ੍ਹਾਂ ਨੂੰ ਠੇਠ ਪੇਂਡੂ ਬੋਲੀ ਵਿਚ ‘ਟਿੱਕੀ ਠੋਕ’ ਵੀ ਕਿਹਾ ਜਾਂਦਾ ਹੈ। ਅਜਿਹੇ ਮਨੁੱਖਾਂ ਦੀ ਸਥਿਤੀ ਕੁਝ ਚਿਰ ਤਾਂ ਇਵੇਂ ਰਹਿੰਦੀ ਹੈ ਪਰ ਬਾਅਦ ਵਿਚ ਹਸ਼ਰ ਮਾੜਾ ਹੁੰਦਾ ਹੈ। ਅਜਿਹਾ ਮਨੁੱਖ ਪਹਿਲੇ ਸਮਾਜ ਨਾਲੋਂ ਟੁੱਟਦਾ ਹੈ, ਫਿਰ ਰਿਸ਼ਤੇਦਾਰਾਂ ਨਾਲੋਂ, ਫਿਰ ਪਰਿਵਾਰ ਨਾਲੋਂ ਅਤੇ ਫਿਰ ਆਪਣੇ ਆਪ ਨਾਲੋਂ ਟੁੱਟ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਉਹ ਸਮਾਜ ਵਿਚ ਮਾਣ-ਸਨਮਾਨ ਗਵਾ ਬੈਠਦਾ ਹੈ। ਅੰਦਰੋਂ ਟੁੱਟ ਜਾਣ ਕਾਰਨ ਆਪਣੇ ਆਪ ਨੂੰ ਝੂਠੀ ਤਸੱਲੀ ਦੇਣ ਲਈ ਅਤੇ ਆਪਣੀਆਂ ਕਮਜ਼ੋਰੀਆਂ ’ਤੇ ਪਰਦਾ ਪਾਉਣ ਲਈ ਉਹ ਨਸ਼ਿਆਂ ਦਾ ਸਹਾਰਾ ਲੈਂਦਾ ਹੈ। ਹੌਲੀ-ਹੌਲੀ ਉਹ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ। ਹਾਲਤ ਏਥੋਂ ਤਕ ਬਦਤਰ ਹੋ ਜਾਂਦੀ ਹੈ ਕਿ ਨੌਬਤ ਚੋਰੀਆਂ, ਠੱਗੀਆਂ ਤਕ ਆ ਜਾਂਦੀ ਹੈ। ਉਸ ਦੀ ਇਹ ਆਦਤ ਵਾਰਦਾਤਾਂ ਨੂੰ ਜਨਮ ਦੇਂਦੀ ਹੈ। ਜਾਤ ਭਾਵੇਂ ਉਸਦੀ ਮਾਨਸ ਹੁੰਦੀ ਹੈ ਪਰ ਕਰਤੂਤ ਪਸ਼ੂ ਦੀ ਹੁੰਦੀ ਹੈ। *ਕਰਤੂਤਿ ਪਸੂ ਕੀ ਮਾਨਸ ਜਾਤਿ* ਖਸਮ ਵਿਸਾਰ ਕੇ, ਨਾਮ ਦੀ ਖੁਮਾਰੀ ਭੁੱਲ ਕੇ ਝੂਠੀ ਖੁਮਾਰੀ ਦਾ ਆਸਰਾ ਲਿਆ ਜਾਂਦਾ ਹੈ। ਇਸ ਲਈ ਮਾੜੀਆਂ ਆਦਤਾਂ ਤੋਂ ਬਚਣ ਲਈ ਤੇ ਸੁਚੱਜਾ ਜੀਵਨ ਜੀਉਣ ਲਈ ਮਨੁੱਖ-ਮਾਤਰ ਪ੍ਰਾਣੀ ਨੂੰ ਗੁਰਮਤਿ ਦੇ ਲੜ ਲੱਗਣਾ ਹੋਵੇਗਾ। ਗੁਰਬਾਣੀ ਦਾ ਫੁਰਮਾਨ ਹੈ *ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ* ਵੈਸੇ ਤਾਂ ਨਸ਼ਿਆਂ ਦੇ ਮੁੱਖ ਕਾਰਨ ਦੀ ਚਰਚਾ ਉੱਪਰ ਕਰ ਆਏ ਹਾਂ। ਇਕ ਵਿਹਲਾਪਨ ਹੀ ਹੈ ਜੋ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ ਕਿਉਂਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ।

ਨਸ਼ਿਆਂ ਦਾ ਇਕ ਕਾਰਨ ਗ਼ਰੀਬੀ ਵੀ ਹੈ। ਗ਼ਰੀਬ ਵਿਅਕਤੀ ਸਾਰੀ ਉਮਰ ਆਪਣੀਆਂ ਸਮੱਸਿਆਵਾਂ ਨਾਲ ਹੀ ਜੂਝਦਾ ਰਹਿੰਦਾ ਹੈ। ਕਈ ਵਾਰ ਚਿੰਤਾ ਮੁਕਤ ਹੋਣ ਲਈ ਉਹ ਨਸ਼ੇ ਦਾ ਸਹਾਰਾ ਲੈਂਦਾ ਹੈ। ਜੇ ਕਿਸਾਨ ਦੀ ਗੱਲ ਕਰੀਏ ਤਾਂ ਖੇਤੀ ਦੀਆਂ ਵਧਦੀਆਂ ਲਾਗਤਾਂ ’ਤੇ ਘਟਦਾ ਮੁਨਾਫਾ ਉਸਨੂੰ ਕਰਜ਼ਾਈ ਬਣਾਈ ਜਾ ਰਿਹਾ ਹੈ। ਕਰਜੇ ਥੱਲੇ ਦੱਬਿਆ ਉਹ ਉੱਠ ਨਹੀਂ ਸਕਦਾ। ਸਿੱਟਾ ਭਿਆਨਕ ਨਿਕਲਦਾ ਹੈ। ਉਹ ਗ਼ਮ ਭੁਲਾਉਣ ਲਈ ਨਸ਼ਿਆਂ ਦਾ ਸਹਾਰਾ ਲੈਂਦਾ ਹੈ। ਆਖਰ ਉਹ ਆਤਮਹੱਤਿਆ ਵੀ ਕਰ ਲੈਂਦਾ ਹੈ। ਘਰੇਲੂ ਜ਼ਿੰਮੇਵਾਰੀਆਂ, ਹੋਸਟਲਾਂ ਦਾ ਵਾਤਾਵਰਨ ਆਦਿ, ਇਸ ਬੁਰਾਈ ਲਈ ਜ਼ਿੰਮੇਵਾਰ ਤੱਤ ਹਨ। ਟੈਨਸ਼ਨ, ਤਨਾਅ, ਚਿੜਚਿੜਾ ਸੁਭਾਅ ਅਤੇ ਮਾੜੀ ਸੰਗਤ ਆਦਿ

ਤੱਤ ਵੀ ਜ਼ਿੰਮੇਵਾਰ ਹਨ।

ਨਸ਼ਾ ਕੇਵਲ ਆਪਣੇ ਦੇਸ਼ ਦੀ ਸਮੱਸਿਆ ਨਾ ਰਹਿ ਕੇ ਸਗੋਂ ਇਕ ਵਿਸ਼ਵ-ਵਿਆਪੀ ਸਮੱਸਿਆ ਬਣ ਚੁੱਕਾ ਹੈ। ਤਕਰੀਬਨ ਹਰ ਦੇਸ਼ ਵਿਚ ਨਸ਼ੇ ਦਾ ਸੇਵਨ ਕੀਤਾ ਜਾ ਰਿਹਾ ਹੈ ਭਾਵੇਂ ਉਹ ਥੋੜੀ ਮਾਤਰਾ ਵਿਚ ਹੋਵੇ ਜਾਂ ਬਹੁਤੀ ਮਾਤਰਾ ਵਿਚ। ਅਸੀਂ ਜੇ ਪੰਜਾਬ ਦੀ ਗੱਲ ਕਰੀਏ ਤਾਂ ਬਹੁਤ ਹੀ ਦੁੱਖ ਨਾਲ ਕਹਿਣਾ/ਲਿਖਣਾ ਪੈਂਦਾ ਹੈ ਕਿ ਇੱਥੇ ਹਰ ਦੂਜੇ ਦਿਨ ਮੌਤ ਨਸ਼ੇ ਕਰਕੇ ਹੀ ਹੁੰਦੀ ਹੈ। ਸਾਡੀ ਨੌਜਵਾਨ ਪੀੜ੍ਹੀ ਅੱਜ ਕੁਰਾਹੇ ਪੈ ਚੁੱਕੀ ਹੈ। ਇੱਥੇ ਬਹੁਤ ਸਾਰੇ ਘਰਾਂ ਵਿਚ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਕਰਕੇ ਕੀਰਨੇ ਪੈ ਰਹੇ ਹਨ। ਇੱਥੇ ਇਹ ਗੱਲ ਕਹਿਣ ਲਈ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਨਸ਼ਿਆਂ ਦਾ ਹੁਣ ਤਾਂ ਛੇਵਾਂ ਦਰਿਆ ਹੀ ਵਹਿ ਤੁਰਿਆ ਹੈ। ਏਥੇ ਹਰ ਚੌਥਾ ਵਿਅਕਤੀ ਨਸ਼ੇ ਦਾ ਸ਼ਿਕਾਰ ਹੈ ਭਾਵੇਂ ਉਹ ਕਿਸੇ ਵੀ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਦਾ ਹੋਵੇ। ਗੱਲ ਕੀ, ਸ਼ਰਾਬ ਤਾਂ ਬਹੁਤ ਥੱਲੇ ਰਹਿ ਗਈ ਜਾਪਦੀ ਹੈ, ਹੁਣ ਤਾਂ ਬਹੁਤ ਸਾਰੇ ਸਿੰਥੈਟਿਕ ਨਸ਼ਿਆਂ ਨੇ ਪੂਰੇ ਪੰਜਾਬ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ। ਅਫੀਮ, ਚਰਸ, ਕੋਕੀਨ, ਭੰਗ, ਡੋਡੇ, ਸਮੈਕ, ਹੈਰੋਇਨ, ਨਸ਼ਿਆਂ ਦੇ ਟੀਕੇ ਅਤੇ ਗੋਲੀਆਂ (ਹੋਰ ਕਈ ਨਸ਼ੇ ਹਨ ਜਿਨ੍ਹਾਂ ਦੇ ਨਾਮ ਗਿਣਨੇ ਵੀ ਕੋਈ ਸੌਖੇ ਨਹੀਂ) ਆਦਿ ਪੰਜਾਬ ਦੇ ਅਵਾਮ ਨੂੰ ਆਪਣੇ ਮਾਰੂ ਪ੍ਰਭਾਵ ਹੇਠ ਲਿਆ ਰਹੇ ਹਨ। ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਲੋਕ ਸਿਗਰਟ, ਬੀੜੀ, ਤੰਬਾਕੂ ਅਤੇ ਭੰਗ ਆਦਿ ਨਾਲ ਹੀ ਆਪਣਾ ਝੱਸ ਪੂਰਾ ਕਰਦੇ ਵੇਖੇ ਜਾ ਸਕਦੇ ਹਨ। ਸਾਡੀ ਬਦਕਿਸਮਤੀ ਇਹ ਹੈ ਕਿ ਰਸਤਿਆਂ, ਚੌਰਾਹਿਆਂ ਅਤੇ ਲੁਕਵੀਆਂ ਥਾਵਾਂ 'ਤੇ ਉੱਗੀ ਭੰਗ ਵੇਖਣ ਨੂੰ ਮਿਲਦੀ ਹੈ। ਮੁਨ੍ਹੇਰ ਤੋਂ ਹੀ ਨਸ਼ੇ ਦੇ ਆਦੀ ਭੰਗ ਮਲਦੇ ਹੋਏ ਦਿੱਸਦੇ ਹਨ। ਹੋਰ ਤਾਂ ਹੋਰ, ਬੜੇ ਹੀ ਦੁਖੀ ਹਿਰਦੇ ਨਾਲ ਇਹ ਗੱਲ ਕਹਿਣੀ/ਲਿਖਣੀ ਪੈ ਰਹੀ ਹੈ ਕਿ ਸਾਡੇ ਨੌਜਵਾਨ ਆਪਣੇ ਨਸ਼ੇ ਦੇ ਝੱਸ ਨੂੰ ਪੂਰਾ ਕਰਨ ਲਈ ਬਹੁਤ ਹੀ ਭਿਆਨਕ ਹੱਦ ਤਕ ਪਹੁੰਚ ਚੁੱਕੇ ਹਨ। ਇਹ ਸਾਡੀ ਦੁਖਦਾਇਕ ਹੋਣੀ ਦੀ ਭਿਆਨਕ ਤਸਵੀਰ ਹੈ।

ਨਸ਼ਿਆਂ ਦੇ ਸੰਬੰਧ ਵਿਚ ਡਾ. ਪਿਆਰਾ ਲਾਲ ਗਰਗ ਹੁਰਾਂ ਦੁਆਰਾ ਦਿੱਤੇ ਗਏ ਅੰਕੜੇ ਗੌਲਣਯੋਗ ਅਤੇ ਚਿੰਥਣਯੋਗ ਹਨ। ਉਨ੍ਹਾਂ ਅਨੁਸਾਰ ਇਹ ਅੰਕੜੇ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰਾਲੇ ਵੱਲੋਂ ਸ੍ਰੀ ਵਿਜੇ ਸਾਂਪਲਾ ਦੀ ਪਹਿਲਕਦਮੀ 'ਤੇ ਏਮਜ਼ (ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼), ਨਵੀਂ ਦਿੱਲੀ ਦੇ ਰਾਸ਼ਟਰੀ ਨਸ਼ਾ ਨਿਰਭਰਤਾ ਇਲਾਜ ੨੦੧੯ ਵਿਚ ਜਾਰੀ ਹੋਏ ਹਨ। 'ਨਸ਼ਿਆਂ ਦਾ ਪਸਾਰਾ' ਨਾਮੀ ਇਹ ਅਧਿਐਨ ਪੂਰੇ ਭਾਰਤ ਵਿਚ ਕੀਤਾ ਗਿਆ ਹੈ। ਇਸ ਵਿਚ ੧੦ ਤੋਂ ੭੫ ਸਾਲ ਉਮਰ ਵਰਗ ਦੇ ੧੮੬ ਜ਼ਿਲ੍ਹਿਆਂ ਦੇ ੨੦੦੧੧੧ ਘਰਾਂ ਦੇ ੪,੭੩,੫੬੯ ਜੀਆਂ ਦੇ ਫਾਰਮ ਭਰੇ ਗਏ। ਇਸ ਦੇ ਨਾਲ ਹੀ ਦੇਸ਼ ਦੇ ੧੩੫ ਜ਼ਿਲ੍ਹਿਆਂ ਦੇ ੭੨,੬੪੨ ਨਸ਼ੇੜੀਆਂ ਦੇ ਅੰਕੜੇ ਇਕੱਤਰ ਕੀਤੇ ਗਏ। ਦੇਸ਼ ਦੀ ੧੦ ਤੋਂ ੭੫ ਸਾਲ ਉਮਰ ਵਰਗ

ਦੀ ਅਬਾਦੀ ਵਿਚ ੧੬ ਕਰੋੜ ਲੋਕ (੧੪.੬%) ਸ਼ਰਾਬ, ੩.੧ ਕਰੋੜ ਭੰਗ(ਚਰਸ,ਗਾਂਜਾ ਸਮੇਤ) ੨.੩ ਕਰੋੜ ਅਫੀਮ ਪਦਾਰਥ, ੭੭ ਲੱਖ ਲੋਕ ਚਿਲਮ ਨਾਲ ਨਸ਼ਾ ਪੀਣ ਵਾਲੇ ਹਨ। ਹਾਲੇ ਸਿੰਥੈਟਿਕ ਨਸ਼ੇ ਕਰਨ ਵਾਲਿਆਂ ਦੇ ਅੰਕੜੇ ਇਸ ਵਿਚ ਸ਼ਾਮਿਲ ਨਹੀਂ। ਇਹ ਸਾਡੇ ਦੇਸ਼ ਦੀ ਹਾਲਾਤ ਹੈ।

ਡਾ. ਪਿਆਰਾ ਲਾਲ ਗਰਗ (ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਦਾ ਕੱਚ ਸੱਚ, ਪੰਜਾਬੀ ਟ੍ਰਿਬਿਊਨ, ੧੫ ਸਤੰਬਰ, ੨੦੨੩) ਅਨੁਸਾਰ ਪੀ. ਜੀ, ਆਈ. ਦੀ ਰਿਪੋਰਟ (ਜੋ ਕਿ ਵੈੱਬ 'ਤੇ ਨਹੀਂ ਪਾਈ ਗਈ) ਮੁਤਾਬਿਕ ਪੰਜਾਬ ਵਿਚ ਅਫੀਮ ਦੇ ਨਸ਼ੇੜੀ ੨.੭ ਲੱਖ (੧.੭ ਤੋਂ ੨.੭ ਲੱਖ) ਔਸਤ ਉਮਰ ੩੦ ਸਾਲ ਹੈ ਤੇ ੯੫% ਪੁਰਸ਼ ਹਨ। ਨਸ਼ੇ ਦੇ ਟੀਕੇ ਲਗਾਉਣ ਵਾਲੇ ੯੫% ਹਨ, ਬਹੁਗਿਣਤੀ ਪੇਂਡੂ ਹਨ। ਏਮਜ਼ ਦੀ ਰਿਪੋਰਟ ਮੁਤਾਬਿਕ ਅਫੀਮ ਦੇ ਨਸ਼ੇੜੀਆਂ ਦੀ ਗਿਣਤੀ ੨.੩੨ ਲੱਖ (੧.੭੪ ਤੋਂ ੨.੩੨ ਲੱਖ), ੭੬% ਦੀ ਔਸਤ ਉਮਰ ੧੮ ਤੋਂ ੩੫ ਸਾਲ (ਜੋ ਕਿ ਬੜਾ ਹੀ ਗੰਭੀਰ ਮਸਲਾ ਆਖਿਆ ਜਾ ਸਕਦਾ ਹੈ) ਤੇ ੯੯ ਪੁਰਸ਼ ਹਨ। ਟੀਕੇ ਲਗਵਾਉਣ ਵਾਲੇ ੨੯% ਹਨ।

ਇਸ ਵਕਤ ੯ ਲੱਖ ਵਿਅਕਤੀ ਨਸ਼ਾ-ਛੁਡਾਊ ਕੇਂਦਰਾਂ ਵਿਚ ਰਜਿਸਟਰਡ ਹਨ। ਨਸ਼ਿਆਂ ਦੀ ਸੂਚੀ ਵਿਚ ਸਭ ਤੋਂ ਉੱਪਰ ਹੋਣ ਕਰਕੇ ਪੰਜਾਬ ਰਾਜ ਨੂੰ 'ਉੜਤਾ ਪੰਜਾਬ' ਦਾ ਨਾਮ ਦਿੱਤਾ ਗਿਆ ਹੈ। ਪਰ ਸਾਲ ੨੦੨੨ ਈ. ਵਿਚ ਐਨ.ਸੀ.ਆਰ. ਬੀ.(ਨੈਸ਼ਨਲ ਕ੍ਰਾਈਮ ਰਿਕਾਰਡ ਬਿਉਰੋ) ਦੀ ਰਿਪੋਰਟ ਮੁਤਾਬਿਕ ਪੰਜਾਬ ਰਾਜ ਹੁਣ ਨਸ਼ਿਆਂ ਅਤੇ ਤਸਕਰੀ ਦੇ ਮਾਮਲੇ ਵਿਚ ਤੀਜੇ ਨੰਬਰ 'ਤੇ ਹੈ। ਇਸ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਉੱਤਰ ਪ੍ਰਦੇਸ਼ ਹੁਣ ਐਨ. ਡੀ. ਪੀ. ਐਸ (ਨਾਰਕੋਟਿਕ ਡਰੱਗਜ ਐਂਡ ਫਿਜੀਕੋਟ੍ਰੋਪਿਕ ਸਬਸਟੈਂਸਿਜ ਐਕਟ ੧੯੮੫) ਮੁਤਾਬਿਕ ੧੦੪੩੨ ਐਫ. ਆਈ. ਆਰਜ਼ ਦੇ ਨਾਲ ਸੂਚੀ ਵਿਚ ਸਿਖਰ 'ਤੇ ਹੈ। ਇਸ ਤੋਂ ਬਾਅਦ ਮਹਾਂਰਾਸ਼ਟਰ (੧੦੦੭੮ ਐਫ. ਆਈ. ਆਰਜ਼ ਨਾਲ ਦੂਜੇ ਨੰਬਰ 'ਤੇ ਹੈ ਅਤੇ ਪੰਜਾਬ ੯੯੭੨ ਐਫ. ਆਈ. ਆਰਜ਼ ਨਾਲ ਤੀਜੇ ਨੰਬਰ 'ਤੇ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ (ਸ੍ਰੀ ਅੰਮ੍ਰਿਤਸਰ) ਦੇ ਇਕ ਸਰਵੇ ਮੁਤਾਬਿਕ ਪੰਜਾਬ ਵਿਚ ੧੬ ਤੋਂ ੩੫ ਸਾਲ ਦੀ ਉਮਰ ਦੇ ੭੩ ਫ਼ੀਸਦੀ ਨੌਜਵਾਨ ਨਸ਼ਿਆਂ ਦੀ ਗ੍ਰਿਫਤ ਵਿਚ ਫਸੇ ਹੋਏ ਹਨ। ਕਾਲਜ ਪੜ੍ਹਦੇ ੧੦ ਵਿੱਚੋਂ ੭ ਵਿਦਿਆਰਥੀ ਤੇ ਤਿੰਨ ਵਿਦਿਆਰਥਣਾਂ ਨਸ਼ੇੜੀ ਬਣ ਚੁੱਕੀਆਂ ਹਨ ਅਤੇ ਸਕੂਲ ਵਿਚ ਪੜ੍ਹਨ ਵਾਲੇ ੬੬ ਫੀਸਦੀ ਗੁਟਖਾ ਤੇ ਤੰਬਾਕੂ ਵਰਗੇ ਘਾਤਕ ਨਸ਼ੇ ਵਰਤਦੇ ਹਨ। ਸੂਬੇ ਵਿਚ ਨੌਵੀਂ ਜਮਾਤ ਤਕ ਪਹੁੰਚਦੇ ੫੦ ਫ਼ੀਸਦੀ ਮੁੰਡੇ ਤੇ ੧੭ ਫੀਸਦੀ ਕੁੜੀਆਂ ਨਸ਼ੇੜੀ ਬਣ ਜਾਂਦੀਆਂ ਹਨ। ਇਸ ਵੇਲੇ ਪੰਜਾਬ ਵਿਚ ੩੦ ਲੱਖ ਤੋਂ ਵੀ ਵੱਧ ਲੋਕ ਨਸ਼ੇ ਦੇ ਆਦੀ ਹਨ ਅਤੇ ਹਰ ਸਾਲ ੭੫੦੦ ਕਰੋੜ ਰੁਪਏ ਦੇ ਡਰੱਗ ਦਾ ਕਾਰੋਬਾਰ ਹੈ।

ਪੰਜਾਬ ਸਰਕਾਰ ਵੱਲੋਂ ਸੂਬੇ 'ਚ ਨਸ਼ਿਆਂ ਦੇ ਰੁਝਾਨ ਅਤੇ ਨਸ਼ੀਲੇ ਪਦਾਰਥਾਂ ਦੀ

ਤਸਕਰੀ ਖ਼ਿਲਾਫ਼ ਵੱਡੀਆਂ ਵੱਡੀਆਂ ਮੁਹਿੰਮਾਂ ਚਲਾਉਣ ਦੇ ਕਈ ਦਾਅਵੇ ਕੀਤੇ ਗਏ ਹਨ ਪਰ ਮਸਲਾ ਜਿਉਂ ਦਾ ਤਿਉਂ ਹੈ ਕਿਉਂਕਿ ਨਸ਼ਾ ਤਸਕਰੀ ਵਿਚ ਭ੍ਰਿਸ਼ਟ ਰਾਜਨੀਤਿਕ ਆਗੂ, ਵੱਡੇ-ਵੱਡੇ ਵਪਾਰੀ ਵਰਗ ਅਤੇ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਿਲ ਹਨ। ਇਨ੍ਹਾਂ ਦਾਅਵਿਆਂ ਦੇ ਬਾਵਜੂਦ ਪੰਜਾਬ ਨਸ਼ਿਆਂ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ। ਨੈਸ਼ਨਲ ਰਿਕਾਰਡ ਕ੍ਰਾਈਮ ਬਿਊਰੋ ਦੀ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪੰਜਾਬ ਵਿਚ ਪਿਛਲੇ ਡੇਢ ਸਾਲ ਦੇ ਮੌਜੂਦਾ ਸਰਕਾਰ ਦੇ ਸ਼ਾਸਨ ਕਾਲ ਦੌਰਾਨ ਨਸ਼ਿਆਂ ਕਾਰਨ ੩੧੦ ਲੋਕਾਂ ਦੀ ਜਾਨ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ੨੨੨ ਮੌਤਾਂ ਮੁੱਖ ਮੰਤਰੀ ਦੇ ਆਪਣੇ ਗ੍ਰਹਿ ਖੇਤਰ ਮਾਲਵਾ ਦੇ ਮੋਗਾ, ਫਿਰੋਜ਼ਪੁਰ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ ਹੋਈਆਂ ਅਤੇ ਬੜੇ ਦੁੱਖ ਦੀ ਗੱਲ ਹੈ ਕਿ ਮਰਨ ਵਾਲਿਆਂ ਵਿਚ ਜ਼ਿਆਦਾਤਰ ੧੮ ਤੋਂ ੩੦ ਸਾਲ ਦੇ ਨੌਜਵਾਨ ਹਨ। ਐਨ. ਸੀ. ਆਰ. ਬੀ. ਦੀ ਰਿਪੋਰਟ ਅਨੁਸਾਰ ਪੰਜਾਬ 'ਚ ਇਸ ਸਮੇਂ ੨੫ ਲੱਖ ਤੋਂ ਵੱਧ ਲੋਕ ਨਸ਼ਿਆਂ ਦੀ ਦਲਦਲ 'ਚ ਫਸ ਚੁੱਕੇ ਹਨ। ਪੁਲਿਸ ਵੱਲੋਂ ਤਿੰਨ ਗੁਪਤ ਗ੍ਰੋਹਾਂ ਦਾ ਭਾਂਡਾ ਭੰਨਣ ਤੋਂ ਬਾਅਦ ਪਤਾ ਲੱਗਾ ਹੈ ਕਿ ਨਸ਼ਿਆਂ ਦਾ ਜਾਲ ਏਨਾ ਵਿਆਪਕ ਹੈ ਕਿ ਨਸ਼ਾ ਤਸਕਰ ਹਰ ਰੋਜ਼ ੨ ਕਰੋੜ ਰੁਪਏ ਦੇ ਨਸ਼ੇ ਖਰੀਦਣ ਲਈ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਤਸਕਰਾਂ ਨੂੰ ਭੇਜਦੇ ਹਨ। ਇਸ ਕੰਮ ਲਈ ਇਹ ਨਸ਼ਾ ਤਸਕਰ ਨੌਜਵਾਨਾਂ ਨੂੰ ਵੱਧ ਤਨਖ਼ਾਹ ਅਤੇ ਕਮਿਸ਼ਨ ਦਾ ਲਾਲਚ ਦੇ ਕੇ ਭਰਮਾਉਂਦੇ ਹਨ (ਅਜੀਤ, ੧੯ ਸਤੰਬਰ, ੨੦੨੩)।

ਨਸ਼ਿਆਂ ਸੰਬੰਧੀ ਵਿਸ਼ਵ ਸਿਹਤ ਸੰਗਠਨ (W.H.O) ਨੇ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਸਿਰਫ ਭਾਰਤ ਵਿਚ ਹੀ ਤੰਮਾਕੂ ਦੀ ਵਰਤੋਂ ਨਾਲ ੮ ਲੱਖ ਲੋਕ ਹਰ ਸਾਲ ਮਰ ਜਾਂਦੇ ਹਨ। ਸੰਨ ੨੦੩੦ ਤਕ ਇਹ ਗਿਣਤੀ ਢਾਈ ਗੁਣਾ ਹੋ ਜਾਵੇਗੀ। ਇਹੀ ਕਾਰਨ ਹੈ ਕਿ ਅੱਜ ਸਾਡੇ ਦੇਸ਼ ਵਿਚ ਖਾਸ ਕਰਕੇ ਪੰਜਾਬ ਵਿਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਦਿਨ-ਬਦਿਨ ਵਧ ਰਹੀਆਂ ਹਨ। ਨਸ਼ਿਆਂ ਦੀ ਪੂਰਤੀ ਲਈ ਕਤਲਾਂ, ਅਪਰਾਧਾਂ, ਲੁੱਟਾਂ, ਚੋਰੀਆਂ ਅਤੇ ਡਾਕਿਆਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਵੈਸੇ ਤਾਂ ਨਸ਼ਿਆਂ ਦੀ ਲ਼ਤ ਦਾ ਅਸਰ ਹਰ ਮਨੁੱਖ ਉੱਪਰ ਹੀ ਪੈ ਰਿਹਾ ਹੈ ਪਰ ਸਭ ਤੋਂ ਵੱਧ ਪ੍ਰਭਾਵ ਇਸਤਰੀ ਵਰਗ ਉੱਪਰ ਦਿਖਾਈ ਦਿੰਦਾ ਹੈ। ਇਸਤਰੀ ਦਾ ਸ਼ੋਸ਼ਣ, ਘਰੇਲੂ ਝਗੜਿਆਂ, ਆਪਸੀ ਮਾਰ-ਕੁਟਾਈ, ਬਲਾਤਕਾਰਾਂ ਤੇ ਤਲਾਕਾਂ ਨੇ ਖੁਸ਼ੀ-ਖੁਸ਼ੀ ਵੱਸਦੇ ਘਰਾਂ ਨੂੰ ਉਜਾੜ ਕੇ ਰੱਖ ਦਿੱਤਾ ਹੈ। ਨਸ਼ਿਆਂ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਜਿਵੇਂ-ਕੈਂਸਰ, ਏਡਜ਼, ਨਪੁੰਸਕਤਾ, ਕਿਡਨੀਆਂ ਦਾ ਫੇਲ੍ਹ ਹੋ ਜਾਣਾ, ਦਿਲ ਤੇ ਜਿਗਰ ਦੀਆਂ ਬਿਮਾਰੀਆਂ ਅਤੇ ਮਾਨਸਿਕ ਬਿਮਾਰੀਆਂ ਆਦਿ।

ਅੱਜ ਇਹ ਸਮੱਸਿਆ ਅਤਿ ਜਟਿਲ ਰੂਪ ਧਾਰਨ ਕਰ ਚੁੱਕੀ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਜ਼ੋਰਦਾਰ ਇੱਛਾ-ਸ਼ਕਤੀ ਦੀ ਲੋੜ ਹੈ, ਚਾਹੇ

ਉਹ ਮਨੁੱਖ ਮਾਤਰ ਪ੍ਰਾਣੀ ਹੈ, ਚਾਹੇ ਸਰਕਾਰ ਹੈ, ਚਾਹੇ ਉਹ ਸਮਾਜ-ਸੁਧਾਰਕ ਜਥੇਬੰਦੀਆਂ ਹੋਣ। ਇਸ ਵਾਪਰ ਰਹੇ ਵਰਤਾਰੇ ਵਿਚ ਸਾਡੀ ਸਭ ਤੋਂ ਵੱਧ ਅਗਵਾਈ ਗੁਰਬਾਣੀ ਹੀ ਕਰ ਸਕਦੀ ਹੈ। *ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥* ਅਸਲ ਵਿਚ ਜੀਵਨ ਜੀਉਣ ਦੀ ਜਾਚ ਗੁਰਬਾਣੀ ਨੂੰ ਪੜ੍ਹਨ, ਵਾਚਣ ਤੇ ਚਿੰਤਨ-ਮੰਥਨ ਕਰਨ ਅਤੇ ਉਸ ਵਿਚ ਦਿੱਤੇ ਉਪਦੇਸ਼ਾਂ ਦਾ ਆਤਮਸਾਤ ਕਰਨ ਨਾਲ ਹੀ ਆਉਂਦੀ ਹੈ। ਗੁਰਬਾਣੀ ਸਾਨੂੰ ਉਪਦੇਸ਼ ਦਿੰਦੀ ਹੈ ਕਿ ਸਾਨੂੰ ਉਹ ਕਰਮ/ਕੰਮ ਨਹੀਂ ਕਰਨੇ ਚਾਹੀਦੇ ਜਿਸ ਨਾਲ ਮਨ ਦੀ ਚੰਚਲਤਾ ਅਤੇ ਭਟਕਣਾ ਵਿਚ ਵਾਧਾ ਹੋਵੇ। *ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥* ਅਜਿਹੇ ਪਦਾਰਥਾਂ ਦੀ ਵਰਤੋਂ ਨਾਲ ਮਨੁੱਖ ਨੂੰ ਕਈ ਬਿਮਾਰੀਆਂ ਆ ਘੇਰਦੀਆਂ ਹਨ। ਇਹ ਪਦਾਰਥ ਬੁੱਧੀ ਭ੍ਰਿਸ਼ਟ ਕਰਦੇ ਹਨ ਅਤੇ ਤਮ੍ਹਾ ਨੂੰ ਖ਼ਰਾਬ ਕਰਦੇ ਹਨ। ਇਹ ਸਾਰਾ ਕੁਝ ਉਦੋਂ ਹੀ ਵਾਪਰਦਾ ਹੈ ਜਦੋਂ ਅਸੀਂ ਗੁਰਬਾਣੀ ਦੀਆਂ ਦਿੱਤੀਆਂ ਸਿੱਖਿਆਵਾਂ ਤੇ ਉਪਦੇਸ਼ਾਂ ਨੂੰ ਮਨੋਂ ਵਿਸਾਰ ਦੇਂਦੇ ਹਾਂ। ਗੁਰੂ ਨਾਨਕ ਸਾਹਿਬ ਜੀ ਦੀਆਂ ਪਾਵਨ ਪੰਕਤੀਆਂ ਇਸ ਪੱਖੋਂ ਵਿਚਾਰਨਯੋਗ ਹਨ:

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੨੫੬)*

ਗੁਰਬਾਣੀ ਇਕ ਐਸੇ ਮਨੁੱਖ ਦੀ ਸਿਰਜਣਾ ਕਰਨਾ ਚਾਹੁੰਦੀ ਹੈ ਜੋ ਸਾਬਤ-ਸੂਰਤ ਹੋਵੇ, ਜੋ ਕਿਰਤੀ ਮਿਹਨਤੀ, ਉੱਦਮੀ, ਉਤਸ਼ਾਹੀ, ਗਿਆਨਵਾਨ, ਹਿੰਮਤ-ਹੌਸਲੇ ਵਾਲਾ, ਰੱਬੀ ਗੁਣਾਂ ਦਾ ਧਾਰਨੀ, ਬਾਹਰੀ ਕਰਮ-ਕਾਂਡਾਂ ਤੋਂ ਬਚਿਆ, ਨਿਰਭਉ ਤੇ ਨਿਰਵੈਰ, ਧੀਰਜਵਾਨ, ਸਿਦਕੀ, ਉੱਤਮ ਸੰਗਤ ਕਰਨ ਵਾਲਾ, ਔਗਣਾਂ ਨੂੰ ਧੋ ਸੁੱਟਣ ਵਾਲਾ ਅਤੇ ਸਿਮਰਨ ਕਰਦਾ ਹੋਇਆ ਰੱਬੀ ਭਾਣੇ/ਹੁਕਮ ਵਿਚ ਰਹਿਣ ਵਾਲਾ ਹੋਵੇ।ਅਜਿਹਾ ਮਨੁੱਖ ਤਾਂ ਸ਼ਬਦ 'ਚ ਸੁਰਤ ਟਿਕਾਉਣ ਨਾਲ ਹੀ ਬਣਿਆ ਜਾ ਸਕਦਾ ਹੈ। ਅਜਿਹਾ ਪੂਰਨ ਮਨੁੱਖ ਹੀ ਵਿਕਾਰੀ ਬਿਰਤੀਆਂ ਤੋਂ ਛੁਟਕਾਰਾ ਪਾ ਸਕਦਾ ਹੈ। ਪੂਰਨ ਮਨੁੱਖ ਬਣਨ ਦੀ ਪ੍ਰੇਰਨਾ ਹਿੱਤ ਹੀ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

*ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*
*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*
*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੫੫੪)*

ਭਗਤ ਰਵਿਦਾਸ ਜੀ ਵੀ ਸ਼ਰਾਬ ਬਾਬਤ ਟਿੱਪਣੀ ਕਰਦੇ ਹਨ ਕਿ ਭਾਵੇਂ ਇਹ ਗੰਗਾ ਜਲ ਤੋਂ ਹੀ ਕਿਉਂ ਨਾ ਬਣੀ ਹੋਵੇ ਪਰ ਗੁਰਮੁਖ ਲੋਕਾਂ ਦੇ ਮੁਆਫਕ ਨਹੀਂ।

ਉਨ੍ਹਾਂ ਨੂੰ ਇਹ ਨਹੀਂ ਸੋਝਦੀ। ਸ਼ਰਾਬ ਤੇ ਹੰਕਾਰ ਇਕ ਦੂਜੇ ਦੇ ਸੰਗੀ-ਸਾਥੀ ਹਨ:

*ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੨੯੩)*

ਭਗਤ ਕਬੀਰ ਜੀ ਵੀ ਆਪਣੇ ਸਲੋਕ ਵਿਚ ਕਹਿ ਰਹੇ ਹਨ ਕਿ ਮਨੁੱਖ ਦਾ ਸੁਭਾਅ ਐਸਾ ਬਣ ਚੁੱਕਾ ਹੈ ਕਿ ਧਾਰਮਿਕ ਕਰਮ-ਕਾਂਡ ਵੀ ਕਰੀ ਜਾ ਰਿਹਾ ਹੈ ਤੇ ਨਾਲ ਨਾਲ ਨਸ਼ਿਆਂ ਦਾ ਸੇਵਨ ਵੀ ਕਰੀ ਜਾ ਰਿਹਾ ਹੈ। ਜੋ ਕਿ ਮੂਲੋਂ ਹੀ ਗ਼ਲਤ ਹੈ:

*ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥*
*ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੩੭੭)*

ਮਨੁੱਖ ਗੁਰਮਤਿ ਦਾ ਪੱਲਾ ਛੱਡ ਕੇ ਹੀ ਪਾਨ, ਸੁਪਾਰੀ,ਬੀੜੀਆਂ ਆਦਿ ਫੋਕੇ ਨਸ਼ਿਆਂ ਦਾ ਸੇਵਨ ਕਰਕੇ ਆਪਣੇ ਜੀਵਨ ਨੂੰ ਅਜਾਈਂ ਗਵਾ ਰਿਹਾ ਹੈ ਅਤੇ ਇਨ੍ਹਾਂ ਬੁਰਾਈਆਂ ਕਾਰਨ ਵੀ ਪੰਜ ਵਿਕਾਰ ਇਸ ਨੂੰ ਪਰੇਸ਼ਾਨ ਕਰਦੇ ਰਹਿੰਦੇ ਹਨ:

*ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥*
*ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੭੨੬)*

ਭਗਤ ਕਬੀਰ ਜੀ ਤਾਕੀਦ ਕਰਦੇ ਹਨ ਕਿ, ਹੇ ਮਨੁੱਖ ! ਜੇ ਤੂੰ ਸ਼ਰਾਬ ਦਾ ਸੇਵਨ ਕਰਨਾ ਹੀ ਹੈ ਤਾਂ ਐਸੀ ਸ਼ਰਾਬ ਦਾ ਸੇਵਨ ਕਰ ਜਿਸਦਾ ਨਸ਼ਾ ਕਦੇ ਉਤਰੇ ਹੀ ਨਾ। ਉਹ ਸ਼ਰਾਬ ਨਾਮ ਰਸ ਦੀ ਹੈ ਜਿਸਦੇ ਸੇਵਨ ਕੀਤਿਆਂ ਪ੍ਰਭੂ ਦੀ ਬਰਕਤ ਨਾਲ ਸਾਰੇ ਹੀ ਜਗਤ ਵਿਚ ਉਸਦੀ ਜੋਤ ਜਗਦੀ ਦਿੱਸਦੀ ਹੈ। ਭਗਤ ਕਬੀਰ ਜੀ ਜੋਗੀਆਂ ਨੂੰ ਬੱਜਰ ਕੁਰਹਿਤਾਂ ਤੋਂ ਵਰਜਿਤ ਕਰਦੇ ਹੋਏ ਮਨੁੱਖ ਮਾਤਰ ਨੂੰ ਪ੍ਰੇਰਿਤ ਕਰਦੇ ਹਨ:

*ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ॥*
*ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ॥੧॥*
*ਅਉਧੂ ਮੇਰਾ ਮਨੁ ਮਤਵਾਰਾ॥*
*ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ॥੧॥ਰਹਾਉ॥*
*ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥*
*ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ॥੨॥*
*ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ॥*
*ਦਾਸ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ॥੩॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੯੬੯)*

ਮੌਜੂਦਾ ਦੌਰ ਵਿਚ ਵੱਡੀ ਲੋੜ ਹੈ ਨਸ਼ਿਆਂ ਦੀ ਸਮੱਸਿਆ 'ਤੇ ਚਿੰਤਨ ਮੰਥਨ ਕਰਨ ਦੀ, ਤਾਂਕਿ ਪੰਜਾਬ ਦੀ ਜਵਾਨੀ ਨੂੰ ਰੋੜ੍ਹੇ ਪੈਣ ਤੋਂ ਬਚਾਇਆ ਜਾ ਸਕੇ। ਗੁਰਮਤਿ ਦਾ

ਓਟ-ਆਸਰਾ ਲੈਂਦਿਆਂ ਸਾਨੂੰ ਨਸ਼ਿਆਂ ਦੇ ਪ੍ਰਕੋਪ ਨੂੰ ਰੋਕਣ ਲਈ ਜੰਗੀ ਪੱਧਰ 'ਤੇ ਉਪਰਾਲੇ ਕਰਨੇ ਹੋਣਗੇ। ਸਭ ਤੋਂ ਪਹਿਲਾਂ ਸਾਨੂੰ ਸਵੈ ਦੀ ਪਛਾਣ ਕਰਨ ਦੀ ਲੋੜ ਹੈ। ਆਪਣੇ ਗੌਰਵਮਈ ਇਤਿਹਾਸ ਤੇ ਕੀਮਤੀ ਵਿਰਸੇ ਨਾਲ ਜੁੜਨ ਦੀ ਲੋੜ ਹੈ। ਸਾਡੇ ਪੁਰਖੇ ਹੱਥੀਂ ਕਿਰਤ ਕਰਿਆ ਕਰਦੇ ਸਨ ਘਾਲ-ਕਮਾਈ ਕਰਦਿਆਂ ਐਬ ਰਹਿਤ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰਿਆ ਕਰਦੇ ਸਨ। *ਘਾਲਿ ਖਾਇ ਕਿਛੁ ਹਥਹੁ ਦੇਇ* ਦੀ ਪਿਰਤ ਸੀ। ਉਹ ਰੁਝੇਵੇਂ ਭਰਿਆ ਜੀਵਨ ਬਤੀਤ ਕਰਦੇ ਸਨ। ਤਕੜੇ ਜੁੱਸੇ ਤੇ ਸੁਡੌਲ ਸਰੀਰ ਹੋਇਆ ਕਰਦੇ ਸਨ। ਅੱਜ ਇਹ ਰੀਤਾਂ-ਰਸਮਾਂ ਸਾਡੇ ਜੀਵਨ ਵਿੱਚੋਂ ਮਨਫੀ ਹੋ ਗਈਆਂ ਹਨ। ਕਈ ਵਾਰ ਕਈ ਵਿਅਕਤੀ ਇਹ ਕਹਿੰਦੇ ਵੇਖੇ/ਸੁਣੇ ਜਾ ਸਕਦੇ ਹਨ ਕਿ ਸਾਡੇ ਪੰਜਾਬ ਵਿਚ ਕੰਮ ਹੀ ਨਹੀਂ ਮਿਲਦਾ। ਉਹ ਇਹ ਦਲੀਲ ਦਿੰਦੇ ਹਨ ਕਿ ਸਾਡੇ ਲੋਕ ਚੌਕਾਂ-ਚੌਰਾਹਿਆਂ ਵਿਚ ਦਿਹਾੜੀ/ਕੰਮ ਦੀ ਉਡੀਕ ਵਿਚ ਦਿਨ ਬਿਤਾ ਕੇ ਘਰਾਂ ਨੂੰ ਚਲੇ ਜਾਂਦੇ ਹਨ,ਪਰ ਇਹ ਦਲੀਲ ਕੁਝ ਹੱਦ ਤਕ ਢੁੱਕਵੀਂ ਨਹੀਂ ਲੱਗਦੀ, ਕਿਉਂਕਿ ਬਹੁਤ ਸਾਰੇ ਪਰਦੇਸੀਆਂ ਨੇ ਬਾਹਰੋਂ ਆ ਕੇ ਸਾਡੀ ਕਿਰਤ-ਮਜਦੂਰੀ 'ਤੇ ਕਬਜ਼ਾ ਕਰ ਲਿਆ ਹੈ। ਪਰਦੇਸੀ ਹੁਣ ਤਕਰੀਬਨ ਸਾਰੇ ਕੰਮ ਕਰ ਰਹੇ ਹਨ। ਖੇਤੀ ਕਰ ਰਹੇ ਹਨ, ਰਾਜ ਮਿਸਤਰੀ ਦਾ ਕੰਮ ਕਰ ਰਹੇ ਹਨ,ਟਾਇਲਾਂ ਆਦਿ ਲਗਾਉਣ ਦਾ ਕੰਮ ਕਰ ਰਹੇ ਹਨ, ਰੇੜ੍ਹੀਆਂ ਲਗਾ ਰਹੇ ਹਨ, ਫ਼ਲਾਂ ਤੇ ਸਬਜ਼ੀਆਂ ਆਦਿ ਦੀਆਂ ਰੇੜ੍ਹੀਆਂ ਲਾ ਰਹੇ ਹਨ। ਸਾਡੇ ਲੋਕ ਅੱਯਾਸ਼ੀ ਕਰ ਰਹੇ ਹਨ, ਸੜਕਾਂ 'ਤੇ ਡੰਡੇ ਵਜਾ ਰਹੇ ਹਨ, ਸ਼ਰਾਬਾਂ ਪੀ ਰਹੇ ਹਨ, ਭੰਗਾਂ ਪੀ ਰਹੇ ਹਨ ਅਤੇ ਹੋਰ ਕਈ ਕਿਸਮ ਦੇ ਨਸ਼ੇ ਕਰ ਰਹੇ ਹਨ। ਕਦੇ ਵਕਤ ਸੀ ਜਦੋਂ ਸਾਡੇ ਪੁਰਖੇ ਆਪਣੀ ਸਰੀਰਕ ਤਾਕਤ ਨਾਲ ਬਾਹਰੋਂ ਆ ਰਹੇ ਹਮਲਾਵਰਾਂ ਦਾ ਡੱਟ ਕੇ ਮੁਕਾਬਲਾ ਕਰਦੇ ਸਨ। ਭਾਰਤ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਬਚਾਉਂਦੇ ਸਨ। ਇਹ ਸਾਰਾ ਕੁਝ ਸਾਨੂੰ ਘੋਖਣ ਪੜਤਾਲਣ ਦੀ ਲੋੜ ਹੈ। ਕੋਈ ਵੀ ਬੁਰਾਈ ਸਮਾਜ ਵਿੱਚੋਂ ਉਦੋਂ ਹੀ ਖਤਮ ਹੋ ਸਕਦੀ ਹੈ ਜਦੋਂ ਲੋਕ ਲਾਮਬੰਦ ਹੁੰਦੇ ਹਨ। ਇਸ ਲਈ ਸਮਾਜ ਦੇ ਬੁੱਧੀਜੀਵੀ ਵਰਗ ਨੂੰ, ਸਮਾਜ ਦੀਆਂ ਲੋਕ ਭਲਾਈ ਜਥੇਬੰਦੀਆਂ ਨੂੰ ਇਸ ਬੁਰਾਈ ਨੂੰ ਮੂਲੋਂ ਹੀ ਖਤਮ ਕਰਨ ਲਈ ਜ਼ੋਰਦਾਰ ਭੂਮਿਕਾ ਨਿਭਾਉਣ ਦੀ ਲੋੜ ਹੈ। ਸਰਕਾਰਾਂ ਤੋਂ ਜਾਂ ਰਾਜਨੀਤਿਕ ਆਗੂਆਂ ਤੋਂ ਬਹੁਤੀ ਆਸ ਨਹੀਂ ਕੀਤੀ ਜਾ ਸਕਦੀ।

ਸਾਨੂੰ ਆਪਣਾ ਵਿੱਦਿਅਕ ਢਾਂਚਾ ਏਨਾ ਮਜ਼ਬੂਤ ਕਰਨਾ ਹੋਵੇਗਾ ਕਿ ਵਿਦਿਆਰਥੀਆਂ ਵਿਚ ਚੇਤਨਤਾ ਪੈਦਾ ਕਰਨ ਦੇ ਨਾਲ ਨਾਲ ਖੇਡਾਂ ਤੇ ਕਸਰਤ ਵੱਲ ਵੀ ਪ੍ਰੇਰਿਤ ਕੀਤਾ ਜਾਵੇ। ਇਹ ਅਧਿਆਪਕ ਵਰਗ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੜ੍ਹਾਉਂਦੇ ਸਮੇਂ ਬੱਚਿਆਂ ਨੂੰ ਪੈਰ ਪੈਰ 'ਤੇ ਬੁਰਾਈਆਂ ਬਾਰੇ ਸੁਚੇਤ ਕਰਦੇ ਰਹਿਣ। ਦੁੱਖ ਨਾਲ ਇਹ ਗੱਲ ਕਹਿਣੀ ਪੈ ਰਹੀ ਹੈ ਕਿ ਅੱਜ ਸਾਡੇ ਵਿੱਦਿਅਕ ਢਾਂਚੇ ਵਿਚ ਨਿਘਾਰ ਅਇਆ ਹੈ। ਅਧਿਆਪਕਾਂ ਕੋਲੋਂ ਵਿੱਦਿਅਕ ਕੰਮ ਲੈਣ ਦੀ ਬਜਾਇ ਗ਼ੈਰ-ਵਿੱਦਿਅਕ ਕੰਮ ਲਏ ਜਾ ਰਹੇ ਹਨ। ਪੜ੍ਹਾਈ ਕਾਗਜ਼ੀਂ-ਪੱਤਰੀਂ ਤਾਂ ਹੋ ਰਹੀ ਹੈ ਪਰ ਬੱਚਿਆਂ ਦਾ ਮਾਨਸਿਕ ਪੱਧਰ

ਉੱਚਾ ਨਹੀਂ ਹੋਇਆ। ਇਸ ਕਰਕੇ ਅਸੀਂ ਬਿਨਾਂ ਸਿਰਾਂ ਦੇ ਪਨੀਰੀ ਪੈਦਾ ਕਰ ਰਹੇ ਹਾਂ ਜਿਸ ਨਾਲ ਬੇਰੁਜ਼ਗਾਰੀ ਵਧੀ ਹੈ। ਸਿੱਟਾ ਇਹ ਹੈ ਕਿ ਸਾਡੇ ਨੌਜਵਾਨ ਵਿਹਲੇ ਫਿਰ ਰਹੇ ਹਨ ਤੇ ਬੇਰੁਜ਼ਗਾਰ ਹਨ ਤੇ ਨਸ਼ੇ ਕਰ ਰਹੇ ਹਨ। ਸਾਡੇ ਸਾਰੇ ਮਹਿਕਮਿਆਂ ਵਿਚ ਉੱਚੇ ਅਹੁਦਿਆਂ 'ਤੇ ਬਾਹਰਲੇ ਪ੍ਰਾਂਤਾਂ ਦੇ ਅਧਿਕਾਰੀ ਆ ਕੇ ਕਾਬਜ਼ ਹੋ ਗਏ ਹਨ। ਸਾਡੇ ਨੌਜਵਾਨ ਉੱਚੀਆਂ ਪਦਵੀਆਂ ਦੀ ਪ੍ਰਤੀਯੋਗਤਾ ਲਈ ਤਿਆਰ ਹੀ ਨਹੀਂ ਹੋ ਰਹੇ। ਜਿਹੜੇ ਕੋਈ ਚੰਦ ਕੁ ਬੱਚੇ ਮਿਹਨਤੀ ਹਨ ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਿਕ ਕੰਮ ਹੀ ਨਹੀਂ ਮਿਲ ਰਿਹਾ, ਉਹ ਵਹੀਰਾਂ ਘੱਤ ਕੇ ਬਾਹਰ ਜਾ ਰਹੇ ਹਨ। ਸਾਡੇ ਵਿੱਦਿਅਕ-ਢਾਂਚੇ ਵਿਚ ਨਿਘਾਰ ਲਈ ਸਾਡੀਆਂ ਸਰਕਾਰਾਂ ਜ਼ਿੰਮੇਵਾਰ ਹਨ ਪਰ ਇਸ ਆਏ ਨਿਘਾਰ ਵਿਚ ਅਧਿਆਪਕ ਵਰਗ ਨੂੰ ਵੀ ਬਰੀ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਉਹ ਪੂਰਾ ਦੋਸ਼ੀ ਨਹੀਂ, ਪਰ ਧਿਰ ਜ਼ਰੂਰ ਹੈ।

ਇੱਥੇ (ਪੰਜਾਬ ਵਿਚ) ਗ਼ੈਰ-ਕਾਨੂੰਨੀ ਢੰਗ ਨਾਲ ਬਹੁਤ ਸਾਰੇ ਨਸ਼ੇ ਦੀ ਵਿਕਰੀ ਹੋ ਰਹੀ ਹੈ ਜੋ ਸਾਡੇ ਪੰਜਾਬ ਦੇ ਨੌਜਵਾਨਾਂ ਦਾ ਬੇੜਾ ਗ਼ਰਕ ਕਰ ਰਹੇ ਹਨ। ਇਸ ਕੰਮ ਨੂੰ ਰੋਕਣ ਲਈ ਸਮਾਜਿਕ ਜਥੇਬੰਦੀਆਂ/ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਸਰਗਰਮ ਹੋਣਾ ਪਵੇਗਾ। ਇਸ ਨਸ਼ਾ ਵਿਰੋਧੀ ਮੁਹਿੰਮ ਨੂੰ ਇਕ ਵੱਡੀ ਲਹਿਰ ਬਣਾਉਣ ਲਈ ਇਸਤਰੀਆਂ ਦਾ ਸਹਿਯੋਗ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸਤਰੀ ਵਰਗ ਸਭ ਤੋਂ ਵੱਧ ਪੀੜਿਤ ਹੈ।

ਸਾਡੇ ਨੌਜਵਾਨਾਂ ਨੂੰ ਫਿਲਮਾਂ ਵਾਲੇ ਵੀ ਪਰਦੇ ਦੀ ਸਕਰੀਨ 'ਤੇ ਸਭ ਅੱਛਾ ਨਹੀਂ ਦਿਖਾ ਰਹੇ। ਫਿਲਮਾਂ ਰਾਹੀਂ ਲੱਚਰਵਾਦ ਦਿਖਾਇਆ ਜਾ ਰਿਹਾ ਹੈ। ਨਸ਼ਿਆਂ ਦੇ ਦ੍ਰਿਸ਼ ਦਿਖਾਏ ਜਾ ਰਹੇ ਹਨ। ਤਿੰਨ ਨੰਨਿਆਂ (ਨਸ਼ਾ,ਨਕਲ ਤੇ ਨੰਗੇਜ਼ਵਾਦ) ਨੇ ਸਾਡੀ ਨੌਜਵਾਨ ਪੀੜ੍ਹੀ ਦਾ ਬੇੜਾ ਗ਼ਰਕ ਕਰ ਦਿੱਤਾ ਹੈ। ਸਾਨੂੰ ਅਜਿਹੀਆਂ ਫਿਲਮਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਸੈਂਸਰ ਬੋਰਡ ਨੂੰ ਅਜਿਹੀਆਂ ਫਿਲਮਾਂ ਜਾਂ ਅਜਿਹੇ ਦ੍ਰਿਸ਼ਾਂ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।

ਸਾਡੀਆਂ ਸਮੂਹ ਰਾਜਨੀਤਿਕ ਪਾਰਟੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਬੁਰਾਈ ਖਤਮ ਕਰਨ ਲਈ ਸਾਰਥਕ ਰੋਲ ਨਿਭਾਉਣ। ਉਨ੍ਹਾਂ ਨੂੰ ਚਾਹੀਦਾ ਹੈ ਕਿ ਚੰਦ ਵੋਟਾਂ ਕਾਰਨ ਜਾਂ ਆਪਣੀ ਗੱਦੀ ਜਾਂ ਚੌਧਰ ਖਾਤਰ ਲੋਕਾਂ ਨੂੰ ਨਸ਼ੇ ਵੰਡ ਕੇ ਉਨ੍ਹਾਂ ਦੇ ਮੂਲ ਹੱਕਾਂ 'ਤੇ ਡਾਕੇ ਨਾ ਮਾਰਨ। ਨਾਲ-ਨਾਲ ਸਾਡੀਆਂ ਸਰਕਾਰਾਂ ਨੂੰ ਵੀ ਆਪਣੇ ਫ਼ਰਜ਼ ਪਛਾਨਣੇ ਹੋਣਗੇ।

ਆਓ, ਰਲ ਕੇ ਨਸ਼ਾ ਵਿਰੋਧੀ ਮੁਹਿੰਮ ਦਾ ਆਗਾਜ਼ ਕਰੀਏ ਇਸ ਤੋਂ ਪਹਿਲਾਂ ਕੇ ਕੋਈ ਦੇਰ ਹੋ ਜਾਵੇ। *ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ* ਅਤੇ ਨਸ਼ਿਆਂ ਦੇ ਦਰਿਆ ਦੇ ਹੜ੍ਹ ਨੂੰ ਠੱਲ ਪਾਈਏ। ਆਪਣੇ ਪੰਜਾਬੀਆਂ ਤੇ ਨੌਜਵਾਨ ਪੀੜ੍ਹੀ ਨੂੰ ਬਚਾਉਂਦਿਆਂ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰੀਏ। ■

# ...ਸਾਧ ਜਨਾ ਕੀ ਸੇਵਾ ਲਾਗੈ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਮਨੁੱਖੀ ਜੀਵਨ ਨੂੰ ਕਿਰਿਆਸ਼ੀਲ ਰੱਖਣ ਲਈ ਵੱਖ-ਵੱਖ ਕਿਸਮ ਦੇ ਪਦਾਰਥਾਂ ਦੀ ਆਪੋ-ਆਪਣੀ ਮਹੱਤਵਪੂਰਨ ਭੂਮਿਕਾ ਹੈ। ਜ਼ਿੰਦਗੀ ਦੀਆਂ ਤਿੰਨ ਬੁਨਿਆਦੀ ਲੋੜਾਂ-ਜੀਵੰਤ ਰਹਿਣ ਲਈ ਭੋਜਨ, ਤਨ ਢੱਕਣ ਲਈ ਵਸਤਰ ਅਤੇ ਰਹਿਣ ਲਈ ਘਰ (ਕੁੱਲੀ, ਗ਼ੁੱਲੀ ਅਤੇ ਜੁੱਲੀ) ਦੀ ਪੂਰਤੀ ਵੀ ਪਦਾਰਥਾਂ ਦੀ ਪ੍ਰਾਪਤੀ 'ਤੇ ਹੀ ਨਿਰਭਰ ਕਰਦੀ ਹੈ। ਸਹੀ ਅਤੇ ਸੰਤੁਲਿਤ ਮਾਤਰਾ ਵਿਚ ਮਿਲਣ ਵਾਲੇ ਪਦਾਰਥ ਜਿਥੇ ਜੀਵਨ ਨੂੰ ਨਿਰੰਤਰਤਾ ਬਖਸ਼ਦੇ ਹਨ, ਉੱਥੇ ਨਾਲ ਹੀ ਸੰਸਾਰਿਕ ਸੁੱਖਾਂ ਦਾ ਸਬੱਬ ਵੀ ਬਣਾਈ ਰੱਖਦੇ ਹਨ। ਗੁਰਬਾਣੀ ਬੇਸ਼ੱਕ ਸੰਸਾਰਿਕ ਸੁੱਖ ਅਤੇ ਦੁੱਖ ਨੂੰ ਬਰਾਬਰ ਮੰਨਦੀ ਹੋਈ ਇਨ੍ਹਾਂ ਨੂੰ ਪਹਿਨਣ ਵਾਲੇ ਕੱਪੜਿਆਂ ਨਾਲ ਤੁਲਨਾਉਂਦੀ ਹੈ ਪਰ ਸਧਾਰਨ ਮਨੁੱਖ ਲਈ ਪੂਜਾ-ਪਾਠ ਅਤੇ ਅਰਦਾਸ-ਬੇਨਤੀ ਸਿਰਫ਼ ਸੁੱਖਾਂ ਦੇ ਪ੍ਰਕਾਸ਼ ਅਤੇ ਦੁੱਖਾਂ ਦੇ ਨਾਸ਼ ਵਾਸਤੇ ਹੀ ਕੀਤੀ ਜਾਂਦੀ ਹੈ।

ਮਾਇਆ ਦੇ ਪ੍ਰਭਾਵ ਕਾਰਨ ਮਨੁੱਖ ਕੇਵਲ ਸੁੱਖਾਂ ਨੂੰ ਲੋੜਦਾ ਹੀ ਨਹੀਂ ਸਗੋਂ ਉਨ੍ਹਾਂ ਨੂੰ (ਪਦਾਰਥਾਂ ਦੇ ਰੂਪ ਵਿਚ) ਜੋੜਦਾ ਵੀ ਹੈ। ਪਦਾਰਥਾਂ ਦਾ ਇਹ ਜੋੜਜਾਮਾ ਉਸ ਦੀਆਂ ਭਵਿੱਖਮੁਖੀ ਯੋਜਨਾਵਾਂ ਦਾ ਅਹਿਮ ਹਿੱਸਾ ਹੁੰਦਾ ਹੈ।

ਜਾਗਤ-ਜੋਤ ਕਰਕੇ ਸਵੀਕਾਰੇ ਅਤੇ ਸਤਿਕਾਰੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰ ਪਦਾਰਥਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦੀ ਉਪਲੱਭਤਾ ਮਨੁੱਖੀ ਜੀਵਨ ਨੂੰ ਸੰਤੁਲਨਤਾ ਅਤੇ ਸੰਪੂਰਨਤਾ ਬਖ਼ਸ਼ਦੀ ਹੈ। ਇਹ ਚਾਰ ਪਦਾਰਥ ਹਨ:-

**੧.** ਧਰਮ **੨.** ਅਰਥ **੩.** ਕਾਮ **੪.** ਮੋਖ (ਮੋਕਸ਼)

ਇਨ੍ਹਾਂ ਪਦਾਰਥਾਂ ਵਿੱਚੋਂ ਪਹਿਲੇ ਤਿੰਨਾਂ ਦਾ ਸੰਬੰਧ ਮਨੁੱਖ ਦੀ ਦੁਨਿਆਵੀ ਬਿਰਤੀ ਅਤੇ ਚੌਥੇ ਦਾ ਰੂਹਾਨੀ ਬਿਰਤੀ ਨਾਲ ਹੈ। ਜਦੋਂ ਮਨੁੱਖ 'ਤੇ ਦੁਨਿਆਵੀ ਬਿਰਤੀ ਭਾਰੂ ਹੁੰਦੀ ਹੈ ਤਾਂ ਉਸ ਸਮੇਂ ਮਨੁੱਖ ਦਾ ਰੁਝਾਨ ਧਰਮ, ਅਰਥ ਅਤੇ ਕਾਮ ਦੀ ਤਿੱਕੜੀ ਵੱਲ ਵਧੇਰੇ ਹੁੰਦਾ ਹੈ ਪਰ ਜਦੋਂ ਰੂਹਾਨੀ ਬਿਰਤੀ ਭਰਪੂਰ ਹੁੰਦੀ ਹੈ ਤਾਂ ਉਸ ਵਕਤ ਮਨੁੱਖ ਮੋਖ ਦੁਆਰਿਆਂ ਵੱਲ ਪਰਤਣ ਲੱਗ ਪੈਂਦਾ ਹੈ। ਇੱਥੇ ਅਸੀਂ ਗੁਰਬਾਣੀ ਦੀ ਰੋਸ਼ਨੀ ਵਿਚ ਸੰਖੇਪ ਰੂਪ ਇਨ੍ਹਾਂ ਚਾਰ ਪਦਾਰਥਾਂ ਨੂੰ ਸਮਝਣ ਦਾ ਜਤਨ ਕਰਦੇ ਹਾਂ:-

**ਧਰਮ:-** ਧਰਮ ਦਾ ਅਰਥ ਕੇਵਲ ਬਾਹਰੀ ਪ੍ਰਗਟਾਵਾ ਹੀ ਨਹੀਂ ਸਗੋਂ ਸੱਚ

** ਗਲੀ ਨੰ: ੮, ਰਿਸ਼ੀ ਨਗਰ ਐਕਸਟੈਂਸ਼ਨ, ਲੁਧਿਆਣਾ ੧੪੧੦੦੧; ਮੋ: ੯੪੬੩੧੩੨੭੧੯*

ਨਾਲ ਜੁੜ ਕੇ ਸੱਚ ਨੂੰ ਕਮਾਉਣਾ ਭਾਵ ਸਚਿਆਰ ਬਣਨਾ ਹੈ। ਸਿੱਖੀ ਦਾ ਪਹਿਲਾ ਪ੍ਰਸ਼ਨ ਹੈ ਕਿ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

ਸਿੱਖੀ ਦੇ ਸਫ਼ਰ ਦੀ ਅਰੰਭਤਾ ਇਸ ਪ੍ਰਸ਼ਨ ਨਾਲ ਹੀ ਹੁੰਦੀ ਹੈ। ਇਸ ਗਾਡੀ ਰਾਹ 'ਤੇ ਤੁਰੇ ਕਦਮ ਲਗਾਤਾਰ ਸਚਿਆਰ ਬਣਨ ਦੀ ਮੰਜ਼ਿਲ ਤਕ ਪਹੁੰਚਣ ਲਈ ਜਤਨਸ਼ੀਲ ਰਹਿੰਦੇ ਹਨ ਪਰ ਇਸ ਪਹੁੰਚ ਨੂੰ ਅਪਹੁੰਚ ਬਣਾਉਣ ਹਿੱਤ ਹਿਰਦੇ ਰੂਪੀ ਵਿਹੜੇ ਵਿਚ ਇੱਕ ਕੂੜ ਦੀ ਕੰਧ ਉਸਰੀ ਹੋਈ ਹੈ। ਹਉਮੈਂ ਰੂਪੀ ਗ਼ਾਰਾ ਇਸ ਕੰਧ ਨੂੰ ਮਜ਼ਬੂਤ ਬਣਾਈ ਰੱਖਦਾ ਹੈ। ਇਸ ਕੰਧ ਨੂੰ ਤੋੜਨਾ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਰਹਿ ਜਾਂਦੀ। ਇਹ ਦੀਵਾਰ ਹਰੇਕ ਧਰਮ ਦੇ ਪਾਂਧੀਆਂ ਦੇ ਮਾਰਗ ਵਿਚ ਮੌਜੂਦ ਹੁੰਦੀ ਹੈ ਪਰ ਇਸ ਨੂੰ ਢਾਹੁਣ ਦੀਆਂ ਜੁਗਤਾਂ ਵੱਖਰੀਆਂ-ਵੱਖਰੀਆਂ ਦੱਸੀਆਂ ਜਾਂਦੀਆਂ ਹਨ। ਸਿੱਖੀ ਸਿਧਾਂਤ ਵਿਚ ਇਸ ਦੀਵਾਰ ਨੂੰ ਢਾਹੁਣ ਦੀ ਹਾਮੀ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੰਝ ਭਰੀ ਹੈ:

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

ਧਰਮ ਮਨੁੱਖ ਨੂੰ ਧਰਮੀ/ਸਚਿਆਰ ਬਣਾ ਕੇ ਇਸ ਮਜ਼ਬੂਤ ਦੀਵਾਰ ਨੂੰ ਢਾਹੁਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਸਿਖਾਉਂਦਾ ਹੈ। ਜਿਹੜਾ ਜੀਵ ਉਸ ਦੀ ਰਜ਼ਾ ਵਿਚ ਰਹਿਣਾ ਸਿੱਖ ਜਾਂਦਾ ਹੈ ਉਸ ਦੀ ਸੋਚਣੀ ਸਰਬੱਤ ਦੇ ਭਲੇ ਵਾਲੀ ਹੋ ਜਾਂਦੀ ਹੈ ਤੇ ਇਹ ਸੋਚ ਹੀ ਸਿੱਖ ਧਰਮ ਦਾ ਹਾਸਲ ਹੈ। ਜਿਨ੍ਹਾਂ ਨੂੰ ਇਹ ਹਾਸਲ ਹੋ ਜਾਂਦਾ ਹੈ ਉਨ੍ਹਾਂ ਦੇ ਕਰਮ ਨਿਰਮਲ ਤੇ ਕਲਿਆਣਕਾਰੀ ਹੋ ਜਾਂਦੇ ਹਨ। ਇਸ ਧਰਮ ਤੇ ਕਰਮ ਦੀ ਪਹਿਚਾਣ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇੰਝ ਕਰਵਾਉਂਦੇ ਹਨ:

*ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਇਸ ਤਰ੍ਹਾਂ ਪਹਿਲਾ ਪਦਾਰਥ 'ਧਰਮ' ਪ੍ਰਭੂ ਮਿਲਾਪ ਦੀ ਉਹ ਪੌੜੀ ਹੈ ਜਿਸ ਦੇ ਡੰਡੇ ਨਿਰਮਲ ਕਰਮਾਂ ਸੰਗ ਬਣਦੇ ਹਨ। ਇਨ੍ਹਾਂ ਡੰਡਿਆਂ ਦੀ ਬਾਦੌਲਤ ਹੀ ਪਰਮੇਸ਼ਵਰੀ ਪਿਆਰ ਦਾ ਪਾਤਰ ਬਣਿਆ ਜਾ ਸਕਦਾ ਹੈ। ਪਰ ਇਹ ਪਾਤਰ ਵਿਰਲੇ-ਟਾਵੇਂ ਹੀ ਬਣਦੇ ਹਨ। ਗੁਰੂ ਫ਼ੁਰਮਾਨ ਹੈ:

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੨)*

**ਅਰਥ:-** ਹਯਾਤੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਾਲਾ ਇਹ ਪਦਾਰਥ ਧਨ-ਦੌਲਤ ਨਾਲ ਜੁੜਿਆ ਹੋਇਆ ਹੈ। ਮਨੁੱਖੀ ਜੀਵਨ ਦੇ ਬਹੁਤੇ ਸੁੱਖ ਇਸ ਪਦਾਰਥ ਦੇ ਇਰਦ-ਗਿਰਦ ਹੀ ਘੁੰਮਦੇ ਹਨ। ਗੁਰਬਾਣੀ ਅਨੁਸਾਰ ਇਸ

ਪਦਾਰਥ ਦਾ ਦਾਤਾ ਉਹ ਅਕਾਲ ਪੁਰਖ ਆਪ ਹੈ। ਉਹ ਆਪਣੇ ਪਿਆਰਿਆਂ ਨੂੰ ਬੇਅੰਤ ਦਾਤਾਂ ਨਾਲ ਨਿਵਾਜਦਾ ਹੈ ਅਤੇ ਇਸ ਨਾਲ ਉਸ ਨੂੰ ਕੋਈ ਘਾਟਾ ਵੀ ਨਹੀਂ ਸਹਿਣ ਕਰਨਾ ਪੈਂਦਾ:

*ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥*
*ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੭)*

ਵੱਡੇ ਵੱਡੇ ਰਾਜੇ-ਮਹਾਰਾਜੇ ਵੀ ਉਸ ਦੇ ਦਰ ਦੇ ਭਿਖਾਰੀ ਹਨ, ਕਿਉਂਕਿ ਇਹ ਸਾਰੇ ਉਸ ਸਿਰਜਣਹਾਰ ਦੀ ਸਿਰਜਣਾ ਦਾ ਹੀ ਹਿੱਸਾ ਹਨ। ਗੁਰੂ ਫ਼ੁਰਮਾਨ ਹੈ-

*ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ*
*ਤਿਤਨੇ ਸਭਿ ਹਰਿ ਕੇ ਕੀਏ॥*
*ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੧)*

**ਕਾਮ:-** ਇਸ ਤੀਸਰੇ ਪਦਾਰਥ ਦੇ ਘੇਰੇ ਵਿਚ ਜੀਵਨ ਦੀਆਂ ਉਹ ਇੱਛਾਵਾਂ/ਕਾਮਨਾਵਾਂ ਆਉਂਦੀਆਂ ਹਨ, ਜਿਨ੍ਹਾਂ ਦੀ ਪੂਰਤੀ ਉੱਚਿਤ ਢੰਗ ਨਾਲ ਕਰਕੇ ਜੀਵਨ ਨੂੰ ਸੁਖੀ ਅਤੇ ਖ਼ੁਸ਼ਹਾਲ ਬਣਾਇਆ ਜਾ ਸਕਦਾ ਹੈ। ਸੁਖ ਅਤੇ ਖ਼ੁਸ਼ਹਾਲੀ ਦੇਣ ਵਾਲਾ ਇਹ ਪਦਾਰਥ ਵੀ ਉਸ ਕਰਤਾ ਪੁਰਖ ਦੇ ਹੀ ਅਧੀਨ ਹੈ। ਇਸ ਪਦਾਰਥ ਤਹਿਤ ਆਉਣ ਵਾਲੇ ਨਿੱਕ-ਸੁੱਕ ਦੀ ਪ੍ਰਾਪਤੀ ਦੀ ਆਸ ਉਸ ਪਰਮ ਪਿਤਾ ਕੋਲੋਂ (ਅਰਦਾਸ ਰਾਹੀਂ) ਇੰਝ ਕੀਤੀ ਜਾ ਸਕਦੀ ਹੈ:

*ਜਨ ਕੋ ਪ੍ਰਭੁ ਸੰਗੇ ਅਸਨੇਹੁ॥*
*ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥੧॥ਰਹਾਉ॥*
*ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੦੭)*

ਭਗਤ ਕਬੀਰ ਜੀ ਵੀ ਇਸ ਪਦਾਰਥ ਅਧੀਨ ਆਉਣ ਵਾਲੀਆਂ ਵਸਤਾਂ ਨੂੰ ਜੀਵਨ ਦਾ ਆਧਾਰ ਮੰਨਦੇ ਹੋਏ ਲਿਖਦੇ ਹਨ:

*ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥*
*ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥੧॥*
*ਮਾਧੋ ਕੈਸੀ ਬਨੈ ਤੁਮ ਸੰਗੇ॥ ਆਪਿ ਨ ਦੇਹੁ ਤ ਲੇਵਉ ਮੰਗੇ॥ਰਹਾਉ॥*

**ਮੋਖ** (ਮੋਕਸ਼):- ਉਪਰੋਕਤ ਤਿੰਨ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਤੋਂ ਬਾਅਦ ਇਸ ਚੌਥੇ ਅਤੇ ਅਹਿਮ ਪਦਾਰਥ ਦੀ ਪ੍ਰਾਪਤੀ ਵੀ ਜ਼ਰੂਰੀ ਹੈ ਜੋ ਕਿ ਮਨੁੱਖੀ ਜੀਵਨ ਦਾ ਅਸਲੀ ਅਤੇ ਅੰਤਿਮ ਉਦੇਸ਼ ਹੈ ਪਰ ਸਬਰ ਦੀ ਸੀਮਾ ਨਾ ਹੋਣ ਕਰਕੇ ਬਹੁ ਗਿਣਤੀ ਦੁਨਿਆਵੀ ਪਦਾਰਥਾਂ ਦੇ ਦਾਇਰੇ ਵਿਚ ਹੀ ਘੁੰਮਦੀ ਰਹਿੰਦੀ ਹੈ। ਲਾਲਚੀ-ਲੀਹ 'ਤੇ ਚੱਲਣ ਵਾਲੇ ਇਹ ਬਸ਼ਰ ਇਸ ਪਦਾਰਥ ਤੋਂ ਪਾਸਾ ਵੱਟ ਕੇ

ਸਿਰਫ ਧਰਮ, ਅਰਥ ਅਤੇ ਕਾਮ ਦੀ ਹੀ ਤਿਕੋਣ ਬਣਾਉਂਦੇ ਰਹਿੰਦੇ ਹਨ। ਅਜਿਹੀ ਲੀਹ 'ਤੇ ਚੱਲਣ ਵਾਲਿਆਂ ਬਾਰੇ ਗੁਰਬਾਣੀ ਦੀ ਗਵਾਹੀ ਹੈ:

*ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੮)*

ਮੋਖ ਦਾ ਅਰਥ ਹੈ ਦੁਨੀਆਦਾਰੀ ਦੇ ਬੰਧਨਾਂ ਤੋਂ ਮੁਕਤੀ ਭਾਵ ਜਨਮ-ਮਰਨ ਦੇ ਗੇੜ ਤੋਂ ਰਹਿਤ ਹੋ ਜਾਣਾ। ਜਿਉਂਦੇ ਜੀਅ ਇਸ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਜਾਣ ਨੂੰ ਹੀ ਮੋਖ ਜਾਂ ਮੋਕਸ਼ ਪਦ ਨੂੰ ਪ੍ਰਾਪਤ ਹੋ ਜਾਣਾ ਕਿਹਾ ਜਾਂਦਾ ਹੈ। ਇਸ ਪਦਾਰਥ ਦੀ ਯਾਚਨਾ ਗੁਰਬਾਣੀ ਵਿਚ ਇਸ ਤਰ੍ਹਾਂ ਕੀਤੀ ਗਈ ਹੈ:

*ਮਾਂਗਉ ਰਾਮ ਤੇ ਇਕੁ ਦਾਨੁ॥*
*ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੨)*

ਸਿੱਖ ਧਰਮ ਇੱਕ ਸੰਸਾਰਿਕ ਸਰੋਕਾਰਾਂ ਵਾਲਾ ਧਰਮ ਹੈ, ਇਸ ਲਈ ਇਹ ਚਾਰੇ ਪਦਾਰਥਾਂ ਦੀ ਅਹਿਮੀਅਤ ਨੂੰ ਪ੍ਰਵਾਨ ਕਰਦਾ ਹੈ। ਇਸ ਪ੍ਰਵਾਨਗੀ ਦੀ ਪੁਸ਼ਟੀ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਪਾਵਨ ਬਾਣੀ 'ਸੁਖਮਨੀ ਸਾਹਿਬ' ਵਿਚ ਇਸ ਤਰ੍ਹਾਂ ਕਰ ਰਹੇ ਹਨ:

*ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਸ੍ਰੀ ਗੁਰੂ ਰਾਮਦਾਸ ਜੀ ਇਨ੍ਹਾਂ ਚਾਰ ਪਦਾਰਥਾਂ ਦਾ ਸੋਮਾ ਪਰਮਾਤਮਾ ਦੇ ਨਾਮ ਨੂੰ ਮੰਨਦੇ ਹੋਏ ਰਾਗ ਬਿਲਾਵਲ ਵਿਚ ਲਿਖਦੇ ਹਨ:

*ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ॥*
*ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੦)*

ਇਨ੍ਹਾਂ ਚਾਰ ਪਦਾਰਥਾਂ ਦਾ ਮਾਲਕ ਪ੍ਰਮੇਸ਼ਰ ਨੂੰ ਮੰਨਦੇ ਹੋਏ ਭਗਤ ਕਬੀਰ ਜੀ ਲਿਖਦੇ ਹਨ:-

*ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੬)*

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਜਿੱਥੇ ਮਨੁੱਖ ਦੇ ਲੋਕ ਨੂੰ ਸੰਵਾਰਨ ਹਿੱਤ ਤਿੰਨ ਪਦਾਰਥ ਆਪਣੀ ਇੱਕ ਵਿਸ਼ੇਸ਼ ਮਹੱਤਤਾ ਰੱਖਦੇ ਹਨ, ਉੱਥੇ ਚੌਥਾ ਪਦਾਰਥ (ਮੋਖ) ਵੀ ਉਸ ਦੇ ਪ੍ਰਲੋਕ ਨੂੰ ਸੰਵਾਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ■

# ਸਿਰੋਪਾ

*-ਗਿ. ਸੰਤੋਖ ਸਿੰਘ ਆਸਟ੍ਰੇਲੀਆ**

ਸਿਰੋਪਾ ਜਾਂ ਸਿਰੋਪਾਉ ਦਾ ਸ਼ਬਦੀ ਅਰਥ ਹੈ ਸਿਰ ਤੋਂ ਲੈ ਕੇ ਪੈਰਾਂ ਤਕ ਪਰਦਾ ਕੱਜਣ ਵਾਲਾ ਬਸਤਰ। ਗੁਰੂ ਜੀ ਦੀ ਬਖ਼ਸ਼ਸ਼ ਦਾ ਸਦਕਾ ਗੁਰੂ ਦੇ ਸਿੱਖਾਂ ਦੇ ਪਰਦੇ ਗੁਰੂ ਆਪ ਕੱਜਦਾ ਹੈ। ਹੁਕਮ ਵੀ ਹੈ:

*ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੫੨੦)*

ਗੁਰੂ-ਘਰ ਵੱਲੋਂ ਕਿਸੇ ਵਿਅਕਤੀ ਦੀ ਸੇਵਾ ਦੀ ਪ੍ਰਸੰਸਾ ਵਜੋਂ ਉਸ ਨੂੰ ਸਿਰੋਪੇ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ। ਅੱਜ-ਕਲ੍ਹ ਆਮ ਤੌਰ 'ਤੇ ਗਲ ਵਿਚ ਪਾਉਣ ਵਾਲੇ ਬਸੰਤੀ ਰੰਗ ਦੇ ਹਜੂਰੀਏ ਦੇ ਰੂਪ ਵਿਚ ਜਾਂ ਲੋਈ, ਪੁਸਤਕਾਂ ਆਦਿ ਦੇ ਰੂਪ ਵਿਚ, ਗੁਰਦੁਆਰਾ ਸਾਹਿਬ ਵਿਖੇ ਮਹਾਰਾਜ ਦੀ ਹਜ਼ੂਰੀ ਵਿਚ, ਸੰਗਤ ਦੇ ਸਨਮੁਖ, ਗੁਰੂ-ਘਰ ਦੇ ਸੇਵਾਦਾਰਾਂ ਵੱਲੋਂ ਬਖਸ਼ਿਆ ਜਾਂਦਾ ਹੈ। ਬਖ਼ਸ਼ਿਆ ਵੀ ਉਸ ਸੱਜਣ ਨੂੰ ਜਾਂਦਾ ਹੈ ਜਿਸ ਨੇ ਕੋਈ ਧਰਮ ਲਈ, ਮਨੁੱਖਤਾ ਦੀ ਸੇਵਾ ਜਾਂ ਗੁਰੂ-ਘਰ ਦੀ ਕੋਈ ਉਚੇਚੀ ਵਰਣਨਯੋਗ ਸੇਵਾ ਕੀਤੀ ਹੋਵੇ। ਇਸ 'ਬਖ਼ਸ਼ਿਸ਼' ਨੂੰ ਕਿਸੇ ਕਿਸਮ ਦੇ ਆਰਥਿਕਤਾ ਦੇ ਪੱਖ ਤੋਂ ਨਹੀਂ ਬਲਕਿ ਸਨਮਾਨ 'ਬਖ਼ਸ਼ੀਸ਼' ਵਜੋਂ ਬਖ਼ਸ਼ਿਆ ਅਤੇ ਪ੍ਰਾਪਤ ਕੀਤਾ ਜਾਂਦਾ ਹੈ। ਇਸ ਨੂੰ ਪ੍ਰਾਪਤ ਕਰਨ ਦਾ ਕੋਈ ਦਾਅਵੇਦਾਰ ਨਹੀਂ ਬਣ ਸਕਦਾ ਬਲਕਿ ਇਸ ਦੀ, ਸਤਿਗੁਰੂ ਜੀ ਦੀ ਮੇਹਰ ਸਦਕਾ, ਗੁਰੂ-ਘਰ ਵੱਲੋਂ ਬਖ਼ਸ਼ਿਸ਼ ਦੇ ਰੂਪ ਵਿਚ ਹੀ ਪ੍ਰਾਪਤੀ ਹੁੰਦੀ ਹੈ। ਇਹ ਇਕ ਚਿੰਨ੍ਹਾਤਮਿਕ ਸਨਮਾਨ ਹੈ ਉਸ ਵਿਅਕਤੀ ਵੱਲੋਂ ਕੀਤੀ ਗਈ ਸੇਵਾ ਨੂੰ ਸਵੀਕਾਰਨ ਦਾ।

ਮੇਰੀ ਇਨ੍ਹਾਂ ਸੰਖੇਪ ਸ਼ਬਦਾਂ ਰਾਹੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ, ਗ੍ਰੰਥੀ ਸਿੰਘਾਂ, ਮੀਡੀਆ ਵਾਲਿਆਂ ਅਤੇ ਹੋਰ ਸਰਬੱਤ ਸੰਬੰਧਤ ਸੱਜਣਾਂ ਦੀ ਸੇਵਾ ਵਿਚ, ਨਿਮਰਤਾ ਸਹਿਤ ਬੇਨਤੀ ਹੈ ਕਿ ਉਹ "ਸਿਰੋਪਾ ਭੇਟ ਕੀਤਾ ਗਿਆ" ਆਖਣ ਦੀ ਬਜਾਏ "ਸਿਰੋਪਾ ਬਖ਼ਸ਼ਿਸ਼ ਕੀਤਾ ਗਿਆ" ਕਿਹਾ ਕਰਨ; ਕਿਉਂਕਿ ਭੇਟਾ ਹਮੇਸ਼ਾਂ ਛੋਟੇ ਵੱਲੋਂ ਵੱਡੇ ਨੂੰ ਦਿੱਤੀ ਜਾਂਦੀ ਹੈ ਜਦੋਂ ਕਿ ਸਿਰੋਪਾ, ਮਾਣ ਵਧਾਉਣ ਵਾਸਤੇ ਹਮੇਸ਼ਾਂ ਵੱਡੇ ਵੱਲੋਂ ਛੋਟੇ ਨੂੰ, ਬਖ਼ਸ਼ਿਸ਼ ਦੇ ਰੂਪ ਵਿਚ ਦਿੱਤਾ ਜਾਂਦਾ ਹੈ। ਸੋ ਜਦੋਂ ਸਤਿਗੁਰੂ ਜੀ ਦੇ ਦਰ ਤੋਂ ਕਿਸੇ ਗੁਰੂ ਕੇ ਲਾਲ ਨੂੰ, ਉਸਦੀ ਸੇਵਾ 'ਤੇ ਪ੍ਰਸੰਨ ਹੋ ਕੇ ਸਿਰੋਪੇ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ ਤਾਂ ਅਸੀਂ "ਸਿਰੋਪਾ ਭੇਟ ਕੀਤਾ ਗਿਆ" ਬੋਲ ਕੇ ਜਾਂ ਲਿਖ ਕੇ, ਸਤਿਗੁਰੂ ਜੀ ਦੇ ਸਨਮਾਨ ਨੂੰ ਘਟਾਉਣ ਦੀ ਭੁੱਲ ਕਰ ਰਹੇ ਹੁੰਦੇ ਹਾਂ।

ਇਹ ਵੱਖਰੀ ਗੱਲ ਹੈ ਕਿ ਇਹਨੀਂ ਦਿਨੀਂ ਸਿਰੋਪੇ ਦੀ ਏਨੀ ਬੇਕਦਰੀ ਹੋ ਗਈਹੈ ਕਿ

**# 166 Rooty Hill Road, Sydney, Ph: +61487015845, (+919888565475; ਭਾਰਤ)*

ਜਦੋਂ ਕਿਸੇ ਗੁਰਦੁਆਰਾ ਸਾਹਿਬ ਤੋਂ ਰਾਗੀ ਜਥੇ ਨੂੰ ਵਿਦਾਇਗੀ ਵਿਚ ਸਿਰੋਪਾ ਦਿੱਤਾ ਜਾਂਦਾ ਹੈ ਤਾਂ ਕੁਝ ਸੱਜਣ ਜਿਸ ਕਮਰੇ ਵਿਚ ਰਹਿ ਰਹੇ ਹੁੰਦੇ ਹਨ, ਓਥੋਂ ਜਾਣ ਸਮੇਂ ਓਥੇ ਹੀ ਸਿਰੋਪੇ ਵੀ ਛੱਡ ਜਾਂਦੇ ਹਨ ਜਿੱਥੇ ਉਹ ਆਪਣੇ ਪੁਰਾਣੇ ਕੱਪੜੇ, ਵਾਹ ਕੇ ਸੁੱਟੇ ਹੋਏ ਕੇਸ, ਜੂਠੇ ਭਾਂਡੇ ਆਦਿ ਛੱਡ ਜਾਂਦੇ ਹਨ। ਇਨ੍ਹਾਂ ਗੱਲਾਂ ਵੱਲ ਸਾਨੂੰ ਖਾਸ ਧਿਆਨ ਦੀ ਲੋੜ ਹੈ।

ਸਿਰੋਪਾ ਕਿਸੇ ਗੁਰਸਿੱਖ ਦੀ ਖ਼ਾਸ ਸੇਵਾ ਤੋਂ ਪ੍ਰਭਾਵਿਤ ਹੋ ਕੇ, ਗੁਰੂ-ਘਰਾਂ ਦੇ ਪ੍ਰਬੰਧਕ ਬਖ਼ਸ਼ਿਆ ਕਰਦੇ ਸਨ ਪਰ ਹੁਣ ਤਾਂ ਇਹ ਗੱਲ ਏਨੀ ਆਮ ਹੋ ਗਈ ਹੈ ਕਿ ਕਿਸੇ ਨੂੰ ਇਸਦੀ ਕਦਰ ਹੀ ਨਹੀਂ ਰਹੀ। ਰਹੇ ਵੀ ਕਿਵੇਂ ਜਦੋਂ ਕਿ ਹਰੇਕ ਜਣਾ ਖਣਾ ਉਠ ਕੇ ਹਰੇਕ ਜਣੇ ਖਣੇ ਨੂੰ ਸਿਰੋਪਾ 'ਭੇਟ' ਕਰਨ ਲੱਗ ਪਿਆ ਹੈ। ਏਥੋਂ ਤਕ ਕਿ ਕਿਸੇ ਰਾਜਨੀਤਕ ਪਾਰਟੀ ਦੀ ਆ ਰਹੀ ਚੋਣ ਵਿਚ ਹਾਰ ਜਾਣ ਦੀ ਅਵਾਈ ਨਾਲ ਹੀ, ਸਾਲਾਂ-ਬੱਧੀ ਉਸ ਪਾਰਟੀ ਦਾ ਖੱਟਿਆ ਖਾਣ ਵਾਲ਼ਾ, ਉਸ ਪਾਰਟੀ ਨਾਲ਼ ਗ਼ਦਾਰੀ ਕਰਕੇ, ਜਦੋਂ ਜੇਤੂ ਹੋ ਰਹੀ ਪਾਰਟੀ ਵਿਚ ਸ਼ਾਮਲ ਹੁੰਦਾ ਹੈ ਤਾਂ ਉਸਦੀ ਗ਼ਦਾਰੀ ਨੂੰ ਪ੍ਰਮਾਣਤ ਕਰਨ ਲਈ, ਉਸ ਨੂੰ ਜਨਤਕ ਤੌਰ 'ਤੇ ਸਿਰੋਪਾ 'ਭੇਟ' ਕਰਨ ਦਾ ਡਰਾਮਾ ਕਰਨ ਦਾ ਰਿਵਾਜ ਵੀ ਹੁਣ ਆਮ ਹੀ ਦਿਸਣ ਲੱਗ ਪਿਆ ਹੈ। ਕਿਤੇ ਅਜਿਹਾ ਨਾ ਹੋਵੇ ਕਿ ਇਹ ਮਹਾਨ ਰਸਮ ਵੀ ਕੇਵਲ ਇਕ ਦਿਖਾਵਾ ਹੀ ਬਣ ਕੇ ਰਹਿ ਜਾਵੇ! 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਪ੍ਰਸੰਨ ਹੋ ਕੇ ਬਾਬਾ ਬੁੱਢਾ ਜੀ ਨੂੰ 'ਭਾਈ' ਪਦ ਬਖ਼ਸ਼ਿਆ:

*ਭਾਈ ਪਦ ਬਖ਼ਸ਼ਨ ਕਰਿਉ ਸੁਨਤ ਸਿੱਖ ਸਮੁਦਾਇ॥ (ਸ੍ਰੀ ਗੁਰੂ ਨਾਨਕ ਪ੍ਰਕਾਸ਼)*

ਫੇਰ ਜਦੋਂ ਢੋਲਕੀ ਵਾਲ਼ਾ ਭਾਈ, ਚਿਮਟੇ ਵਾਲਾ ਭਾਈ, ਰੇਹੜੀ ਵਾਲ਼ਾ ਭਾਈ, ਮਰੂੰਡੇ ਵਾਲਾ ਭਾਈ, ਵਾਜੇ ਵਾਲ਼ਾ ਭਾਈ, ਗੱਲ ਕੀ ਹਰੇਕ ਬੰਦੇ ਨੂੰ ਤ੍ਰਿਸਕਾਰਤ ਢੰਗ ਨਾਲ਼, ਭਾਈ ਆਖ ਕੇ ਸੰਬੋਧਨ ਕਰਨ ਦਾ ਰਿਵਾਜ ਹੋ ਗਿਆ ਤਾਂ ਲੋਕ ਭਾਈ ਅਖਵਾਉਣੋ ਆਨਾ ਕਾਨੀ ਕਰਨ ਲੱਗ ਪਏ। ਏਹੋ ਹਾਲ 'ਗਿਆਨੀ' ਪਦ ਦਾ ਹੋਇਆ, ਜਦੋਂ ਕਿਸੇ ਨੌਜਵਾਨ ਸਿੱਖ ਨੂੰ ਉਸਦੇ ਸਾਥੀ ਟਾਂਚ ਵਜੋਂ 'ਓਇ ਗਿਆਨੀ' ਆਖ ਕੇ ਸੰਬੋਧਨ ਕਰਨ ਲੱਗ ਪਏ ਜੋ ਕਿ ਦਾਹੜੀ ਨਹੀਂ ਸੀ ਤਰਾਸ਼ਿਆ ਕਰਦਾ। ਉੱਤਰ ਵਿਚ ਅੱਗੋਂ ਉਹ ਕੁਝ ਗੁੱਸੇ ਤੇ ਰੋਸੇ ਜਿਹੇ ਵਿਚ ਇਉਂ ਆਖਿਆ ਕਰਦਾ ਸੀ, "ਤੈਂ ਮੇਰਾ ਕੀ ਗਿਆਨੀ ਵੇਖਿਆ ਓਇ!" ਕੁਝ ਸਮਾਂ ਹੋਇਆ ਏਥੇ ਇਕ ਪੜ੍ਹੇ ਲਿਖੇ ਸੱਜਣ ਨੂੰ, ਜੋ ਕਿ ਖੁਸ਼ਕਿਸਮਤੀ ਨਾਲ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕਰ ਲੈਂਦਾ ਹੈ, ਨੂੰ ਗੁਰਦੁਆਰਾ ਕਮੇਟੀ ਦੇ ਇਕ ਆਗੂ ਨੇ 'ਗਿਆਨੀ ਜੀ' ਆਖ ਕੇ ਸੰਬੋਧਨ ਕਰ ਲਿਆ ਜਿਸ ਦਾ ਕਿ ਉਸ ਵਿਦਵਾਨ ਸੱਜਣ ਨੇ ਬੜਾ ਬੁਰਾ ਮਨਾਇਆ। ਏਹੋ ਹਾਲ ਮੈਨੂੰ 'ਸੰਤ' ਤੇ 'ਬਾਬਾ' ਪਦ ਦਾ ਹੋ ਜਾਣ ਦੇ ਅਮਕਾਨ ਵੀ ਭਾਸਦੇ ਹਨ। ਕਿੱਥੇ ਬਾਬਾ ਬੁੱਢਾ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫ਼ਤਿਹ ਸਿੰਘ ਜੀ ਤੇ ਕਿੱਥੇ ਅੱਜ ਦਾ ਹਰੇਕ ਡੇਰੇਦਾਰ ਸਾਧ, ਮੰਗਤਾ 'ਬਾਬਾ' ਬਣ ਗਿਆ ਹੈ। ਮੈਨੂੰ ਡਰ ਹੈ ਕਿ ਕਿਤੇ ਗੁਰੂ ਜੀ ਦੇ ਦੁਆਰੇ ਤੋਂ ਪ੍ਰਾਪਤ ਹੋਣ ਵਾਲ਼ੇ ਇਸ ਅਤੀ ਮਹਾਨ, ਪਵਿੱਤਰ ਤੇ ਸਤਿਕਾਰ ਸਰੂਪ ਚਿੰਨ੍ਹ, ਸਿਰੋਪੇ ਦਾ ਵੀ ਏਹੀ ਹਾਲ ਨਾ ਹੋ ਜਾਵੇ! ■

# ਸਿੱਖਾਂ ਦੀ ਅਹਿਮ ਜ਼ਿੰਮੇਵਾਰੀ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ

*-ਸ. ਮਨਪ੍ਰੀਤ ਸਿੰਘ ਬਾਜ**

ਸਿੱਖਾਂ ਵੱਲੋਂ ਕੀਤੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੌਮ ਦੀ ਇਤਿਹਾਸਿਕ ਪ੍ਰਾਪਤੀ ਹੈ। ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਲਈ ਆਪਣੀਆਂ ਕੁਰਬਾਨੀਆਂ ਹੀ ਨਹੀਂ ਦਿੱਤੀਆਂ ਸਗੋਂ ਆਪਣੇ ਘਰ-ਪਰਵਾਰ ਤਕ ਵਾਰ ਦਿੱਤੇ। ਅੰਗਰੇਜ਼ਾਂ ਦੀ ਗ਼ੁਲਾਮੀ ਝੱਲਦਿਆਂ ਅਸਹਿ ਤੇ ਅਕਹਿ ਜ਼ੁਲਮੀ ਹਾਲਾਤਾਂ ਦੇ ਬਾਵਜੂਦ ਸਿੱਖਾਂ ਨੇ ਵੱਡਾ ਸੰਘਰਸ਼ ਵਿੱਢ ਦਿੱਤਾ ਤਾਂ ਜੋ ਆਪਣੇ ਗੁਰਧਾਮਾਂ ਦੇ ਪ੍ਰਬੰਧਾਂ ਨੂੰ ਕੁਕਰਮੀ ਮਹੰਤਾਂ ਤੋਂ ਮੁਕਤ ਕਰਵਾ ਕੇ ਸੰਗਤੀ ਹੱਥਾਂ ਵਿਚ ਲਿਆਂਦਾ ਜਾ ਸਕੇ। ਜਿਸ ਤਹਿਤ ਕਈ ਸਾਲਾਂ ਦੀ ਜੱਦੋ-ਜਹਿਦ ਤੋਂ ਬਾਅਦ ਸਿੱਖ ਕੌਮ ਨੇ ਗ਼ੁਲਾਮ ਦੇਸ਼ ਅੰਦਰ ਅਜ਼ਾਦ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਵਿਚ ਇਤਿਹਾਸਿਕ ਸਫਲਤਾ ਹਾਸਲ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹਰ ਪੰਜ ਸਾਲਾਂ ਬਾਅਦ ਹੋਣੀਆਂ ਹੁੰਦੀਆਂ ਹਨ, ਜੋ ਭਾਰਤ ਦੀ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਜਿਸ ਸੰਬੰਧੀ ਹੁਣ ਸਰਕਾਰ ਵੱਲੋਂ ਕਾਰਵਾਈ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਪਰੰਤੂ ਇਸ ਵਾਰ ਆਮ ਸਿੱਖਾਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਰੁਚੀ ਘੱਟ ਨਜ਼ਰ ਆ ਰਹੀ ਹੈ, ਜੋ ਕਿ ਸਮੁੱਚੀ ਸਿੱਖ ਕੌਮ ਦੇ ਭਵਿੱਖ ਲਈ ਬੇਹੱਦ ਚਿੰਤਾਜਨਕ ਗੱਲ ਹੈ। ਸਾਡੇ ਪੁਰਖਿਆਂ ਨੇ ਇਸ ਮਹਾਨ ਸੰਸਥਾ ਨੂੰ ਸਥਾਪਿਤ ਕਰ ਕੇ ਇਹ ਯਕੀਨੀ ਬਣਾਇਆ ਸੀ ਕਿ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕੇਵਲ ਸਿੱਖਾਂ ਵੱਲੋਂ ਹੀ ਸੰਭਾਲਿਆ ਜਾਵੇ ਅਤੇ ਇਸ ਵਿਚ ਕਿਸੇ ਹੋਰ ਧਰਮ ਜਾਂ ਸਮਾਜ ਦੇ ਲੋਕਾਂ ਸਮੇਤ ਸਰਕਾਰੀ ਦਖਲ-ਅੰਦਾਜ਼ੀ ਨਾ ਹੋ ਸਕੇ। ਮੌਜੂਦਾ ਸਮੇਂ ਸਿੱਖ ਕੌਮ ਅੰਦਰ ਭਰਾ-ਮਾਰੂ ਜੰਗ ਨੇ ਜਨਮ ਲੈ ਲਿਆ ਹੈ, ਜਦਕਿ ਹਰੇਕ ਮਸਲੇ ਦਾ ਹੱਲ ਮਿਲ-ਬੈਠ ਕੇ ਕਰਨਾ ਬਣਦਾ ਹੈ, ਪਰੰਤੂ ਅਜਿਹਾ ਨਹੀਂ ਹੋ ਰਿਹਾ, ਜੋ ਸਮੁੱਚੇ ਸਿੱਖ ਜਗਤ ਲਈ ਘਾਤਕ ਸਾਬਤ ਹੋ ਰਿਹਾ ਹੈ। ਅੱਜ ਸਿੱਖਾਂ ਅੰਦਰ ਪੈਦਾ ਹੋਏ ਮਸਲਿਆਂ ਉਪਰ ਸਿੱਖ-ਵਿਰੋਧੀਆਂ ਵੱਲੋਂ ਖੇਡੀ ਜਾ ਰਹੀ ਸਿਆਸਤ ਕਾਰਨ ਸਿੱਖਾਂ ਅੰਦਰ ਗੁਰਦੁਆਰਾ ਚੋਣਾਂ ਸੰਬੰਧੀ ਵਿਚਾਰਕ ਮਤਭੇਦ

*ਈਮੇਲ ਪਤਾ: baaz332211@gmail.com ਮੋ: ੯੫੩੦੨੪੪੧੨੨

ਪਸਰ ਰਹੇ ਹਨ। ਸਮੁੱਚੇ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟਾਂ ਪਾਉਣ ਲਈ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਸਿਰਜੋੜ ਕੇ ਕਾਰਜਸ਼ੀਲ ਹੋਣਾ ਚਾਹੀਦਾ ਹੈ ਕਿਉਂਕਿ ਗੁਰਦੁਆਰਾ ਪ੍ਰਬੰਧਾਂ ਦੀ ਸਾਂਭ-ਸੰਭਾਲ ਸਮੁੱਚੀ ਸਿੱਖ ਕੌਮ ਦਾ ਸਾਂਝਾ ਧਾਰਮਿਕ ਮਸਲਾ ਹੈ।

ਕਿਉਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਧਰਮ ਨਾਲ ਜੁੜਿਆ ਮਸਲਾ ਹੈ, ਇਸ ਲਈ ਇਨ੍ਹਾਂ ਚੋਣਾਂ ਵਿਚ ਹਰੇਕ ਸਿੱਖ ਦੀ ਸ਼ਮੂਲੀਅਤ ਯਕੀਨੀ ਬਣਾਉਣ ਸੰਬੰਧੀ ਮੁੱਖ ਤਿੰਨ ਨੁਕਤੇ ਵਿਚਾਰਨਯੋਗ ਹਨ:-

ਪਹਿਲਾ, ਸੰਵਿਧਾਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਕੇਵਲ ਸਿੱਖਾਂ ਵੱਲੋਂ ਵੋਟਾਂ ਪਾਈਆਂ ਜਾਂਦੀਆਂ ਹਨ, ਨਾ ਕਿ ਕਿਸੇ ਹੋਰ ਧਰਮ ਦੇ ਲੋਕਾਂ ਵੱਲੋਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਸਿੱਖਾਂ ਵੱਲੋਂ ਵੋਟਾਂ ਰਾਹੀਂ ਚੁਣ ਕੇ ਹਾਊਸ ਵਿਚ ਭੇਜਿਆ ਜਾਂਦਾ ਹੈ, ਜੋ ਇਸ ਸੰਸਥਾ ਦਾ ਪ੍ਰਬੰਧ ਚਲਾਉਂਦੇ ਹਨ। ਇਸ ਲਈ ਇਮਾਨਦਾਰ ਅਤੇ ਪੰਥ-ਪ੍ਰਸਤ ਮੈਂਬਰ ਨੂੰ ਚੁਣਨ ਪ੍ਰਤੀ ਜ਼ਿੰਮੇਵਾਰੀ ਸਿੱਖ ਸੰਗਤ ਦੀ ਤੈਅ ਹੁੰਦੀ ਹੈ। ਸੰਗਤ ਨੂੰ ਇਸ ਗੱਲ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਕਿ ਜੇਕਰ ਸਿੱਖ ਸੰਗਤ ਕਿਸੇ ਅਯੋਗ ਉਮੀਦਵਾਰ ਨੂੰ ਜਿਤਾਉਂਦੀ ਹੈ ਤਾਂ ਉਹ ਕਮੇਟੀ ਦਾ ਮੈਂਬਰ ਬਣ ਕੇ ਆਪਣੀ ਸ਼ਕਤੀ ਦੀ ਦੁਰਵਰਤੋਂ ਕਰ ਕੇ ਕਿਸੇ ਮੁਲਾਜ਼ਮ ਪਾਸੋਂ ਗ਼ਲਤ ਕੰਮ ਕਰਵਾ ਸਕਦਾ ਹੈ, ਜੋ ਗੁਰਦੁਆਰਾ ਪ੍ਰਬੰਧਾਂ ਨਾਲ ਧੋਖਾ ਹੋਵੇਗਾ। ਅਯੋਗ ਵਿਅਕਤੀ ਦਾ ਮੈਂਬਰ ਚੁਣੇ ਜਾਣ ਦੀ ਸੂਰਤ ਵਿਚ ਇਸ ਅਣਗਹਿਲੀ ਦੀ ਜ਼ਿੰਮੇਵਾਰੀ ਉਨ੍ਹਾਂ ਸਿੱਖਾਂ ਦੀ ਵੀ ਬਣੇਗੀ ਜਿਨ੍ਹਾਂ ਨੇ ਉਸ ਨੂੰ ਵੋਟ ਪਾਈ ਹੋਵੇਗੀ।

ਦੂਸਰਾ, ਇਹ ਕਿ ਜੇਕਰ ਕੋਈ ਇਮਾਨਦਾਰ ਗੁਰਮੁਖ ਉਮੀਦਵਾਰ ਕੁਝ ਵੋਟਾਂ ਦੇ ਫਰਕ ਨਾਲ ਹਾਰ ਜਾਂਦਾ ਹੈ ਤਾਂ ਵੀ ਗੁਰਦੁਆਰਾ ਚੋਣਾਂ ਵਿਚ ਭਾਗ ਨਾ ਲੈਣ ਵਾਲੇ ਸਿੱਖਾਂ ਦੀ ਜ਼ਿੰਮੇਵਾਰੀ ਬਣਦੀ ਹੈ, ਕਿਉਂਕਿ ਗੁਰਦੁਆਰਾ ਚੋਣਾਂ ਵਿਚ ਅਯੋਗ ਤੇ ਗੈਰ-ਸਿਧਾਂਤਕ ਉਮੀਦਵਾਰ ਨੂੰ ਹਰਾਉਣ ਲਈ ਇਮਾਨਦਾਰ ਗੁਰਮੁਖ ਉਮੀਦਵਾਰ ਨੂੰ ਜਿਤਾਉਣਾ ਵੀ ਸਿੱਖਾਂ ਦੀ ਜ਼ਿੰਮੇਵਾਰੀ ਹੈ। ਕੁਝ ਗੈਰ ਸਿਧਾਂਤਕ ਪਾਰਟੀਆਂ ਵੀ ਇੱਛਾ ਚੋਣਾਂ ਵਿਚ ਕੁਝ ਉਮੀਦਵਾਰਾਂ ਨੂੰ ਸ਼ਹਿ ਦੇ ਕੇ ਮੈਂਬਰ ਖੜੇ ਕਰਨ ਦਾ ਯਤਨ ਕਰਨਗੀਆਂ, ਸਿੱਖਾਂ ਨੂੰ ਇਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਤੀਸਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਸਿੱਖਾਂ ਵੱਲੋਂ ਵੋਟਾਂ ਪਾ ਕੇ ਕੀਤੀ ਗਈ ਸ਼ਮੂਲੀਅਤ ਇਸ ਸੰਸਥਾ ਨੂੰ ਸਿੱਖ ਕੌਮ ਦੇ ਹੱਥਾਂ ਵਿਚ ਰਹਿਣ ਨੂੰ ਵੀ ਯਕੀਨੀ ਬਣਾਉਂਦੀ ਹੈ। ਜੇਕਰ ਸਿੱਖ ਸੰਗਤ ਦੀ ਇਸ ਸੰਸਥਾ ਦੀਆਂ ਚੋਣਾਂ ਵਿਚ ਸ਼ਮੂਲੀਅਤ ਘੱਟਦੀ ਹੈ ਤਾਂ ਭਵਿੱਖ ਵਿਚ ਸਰਕਾਰ ਕੋਲ ਇਸ ਕਮੇਟੀ ਨੂੰ ਭੰਗ ਕਰ ਕੇ ਬੋਰਡ ਵਿਚ ਤਬਦੀਲ ਕਰਨ ਦਾ ਬਹਾਨਾ ਬਣ ਸਕਦਾ ਹੈ, ਜਿਸ ਨਾਲ

ਸਿੱਖ ਸੰਗਤ ਦੀ ਸੰਵਿਧਾਨਕ ਤੌਰ 'ਤੇ ਧਾਰਮਿਕ ਨੁਮਾਇੰਦਗੀ ਖ਼ਤਰੇ ਵਿਚ ਪੈ ਸਕਦੀ ਹੈ। ਜਿਸ ਨਾਲ ਸਮੁੱਚੀ ਸਿੱਖ ਕੌਮ ਦਾ ਸਮੂਹਿਕ ਰੂਪ ਵਿਚ ਨਾ-ਪੂਰਿਆ ਜਾ ਸਕਣ ਵਾਲਾ ਨੁਕਸਾਨ ਹੋਵੇਗਾ, ਜਿਸ ਲਈ ਹਰੇਕ ਉਹ ਸਿੱਖ ਜ਼ਿੰਮੇਵਾਰ ਹੋਵੇਗਾ ਜਿਸ ਨੇ ਇਨ੍ਹਾਂ ਚੋਣਾਂ ਵਿਚ ਵੋਟ ਨਹੀਂ ਪਾਈ ਹੋਵੇਗੀ।

ਉਕਤ ਨੁਕਤਿਆਂ ਦੇ ਮੱਦੇਨਜ਼ਰ ਆਪਣੇ ਗੁਰਧਾਮਾਂ ਦੇ ਪ੍ਰਬੰਧ ਚਲਾਉਣ ਲਈ ਪੰਥਕ ਧਾਰਾ ਵਾਲੇ ਗੁਰਸਿੱਖ ਮੈਂਬਰਾਂ ਦੀ ਚੋਣ ਕਰਨ ਨੂੰ ਯਕੀਨੀ ਬਣਾਉਣਾ ਹਰੇਕ ਸਿੱਖ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਇਸ ਲਈ ਜ਼ਰੂਰੀ ਹੈ ਕਿ ਹਰੇਕ ਸਿੱਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਆਪਣੀ ਵੋਟ ਬਣਾਵੇ ਅਤੇ ਨਾਲ ਹੀ ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਨੂੰ ਵੀ ਵੋਟਾਂ ਬਣਾਉਣ ਲਈ ਪ੍ਰੇਰਿਤ ਕਰੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਹੋਰਨਾਂ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਵਿਚ ਵੀ ਸਮੁੱਚੀ ਸਿੱਖ ਕੌਮ ਨੂੰ ੧੦੦ ਪ੍ਰਤੀਸ਼ਤ ਵੋਟਾਂ ਬਣਵਾਉਣ ਅਤੇ ਪਾਉਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਭੁਗਤਣਾ ਪੈਂਦਾ ਹੈ। ਉਦਾਹਰਨ ਵਜੋਂ:-ਕਰਮਾਂ ਦਾ ਲੇਖਾ ਹੋਣ ਸਮੇਂ ਇਸ ਇਲਜ਼ਾਮ ਦਾ ਕੀ ਉੱਤਰ ਦਿਓਗੇ ਕਿ "ਜਿਹੜਾ ਕਮੇਟੀ ਮੈਂਬਰ ਪੰਥ-ਵਿਰੋਧੀ ਸੀ, ਤੂੰ ਉਸਨੂੰ ਵੋਟਾਂ ਪਾ ਕੇ ਜਿਤਾਉਂਦਾ ਕਿਉਂ ਰਿਹਾ?" ਸੋ ਸਪੱਸ਼ਟ ਹੈ ਕਿ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਦੀ ਦੇਖ-ਰੇਖ ਕਰਨ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਿੱਖਾਂ ਦੀ ਅਹਿਮ ਜ਼ਿੰਮੇਵਾਰੀ ਹੈ।

ਵੋਟਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ-ਸੰਭਾਲ ਹੋ ਸਕਦੀ ਹੈ ਤਾਂ ਫਿਰ ਸਿੱਖਾਂ ਅੰਦਰ ਭਰਾ-ਮਾਰੂ ਜੰਗ ਦੇ ਹਾਲਾਤ ਕਿਉਂ ਪੈਦਾ ਹੋ ਰਹੇ ਹਨ? ਸਿੱਖ ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਦੇ ਸ਼ਿਕਾਰ ਹੋ ਕੇ ਇਸ ਮਹਾਨ ਸੰਸਥਾ ਦੇ ਵੈਰੀ ਨਹੀਂ ਬਣਨਾ ਚਾਹੀਦਾ। ਇਸ ਸੰਸਥਾ ਦੀ ਮਹੱਤਤਾ ਓਨੀ ਹੀ ਹੈ ਜਿੰਨੀ ਗੁਰਦੁਆਰਾ ਸਾਹਿਬਾਨ ਦੀ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਗੁਰਦੁਆਰਾ ਪ੍ਰਬੰਧਾਂ ਨੂੰ ਗੁਰਮਤਿ ਅਨੁਸਾਰੀ ਚਲਾਉਣ ਲਈ ਹੀ ਹੋਇਆ ਹੈ। ਸਮੁੱਚੀ ਸਿੱਖ ਕੌਮ ਨੂੰ ਇਸ ਮਹਾਨ ਸੰਸਥਾ ਦੇ ਮੈਂਬਰ ਚੁਣਨ ਸਮੇਂ ਨਿੱਜੀ ਹਿੱਤਾਂ ਅਤੇ ਗਰੁੱਪਬਾਜ਼ੀ ਤੋਂ ਉਪਰ ਉੱਠ ਕੇ ਗੁਰੂ ਦੀ ਭੈਅ-ਭਾਵਨੀ ਵਿਚ ਰਹਿੰਦਿਆਂ ਸਿੱਖੀ ਜੀਵਨ ਅਤੇ ਗੁਰਮਤਿ ਦੇ ਧਾਰਨੀ ਪੰਥਕ ਸੋਚ ਵਾਲੇ ਉਮੀਦਵਾਰ ਨੂੰ ਵੋਟ ਪਾਉਣੀ ਚਾਹੀਦੀ ਹੈ। ਕੌਮ ਲਈ ਚਿੰਤਤ ਸਿੱਖ ਨੌਜੁਆਨਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਸੰਸਥਾਵਾਂ ਅੰਦਰ ਭਰਤੀ ਹੋਣ ਕਿਉਂਕਿ ਬਾਹਰ ਬੈਠ ਕੇ ਕੇਵਲ ਅਲੋਚਨਾ ਕਰਨ ਨਾਲ ਸੰਸਥਾ ਪੱਖੀ ਕਾਰਜ ਨਹੀਂ ਕੀਤੇ ਜਾ ਸਕਦੇ।

■

# ਜੀਵਨ-ਜਾਚ

*-ਬੀਬੀ ਕਰਮਜੀਤ ਕੌਰ ਮੁਕਤਸਰ**

ਮਨੁੱਖੀ ਜੀਵਨ-ਜਾਚ ਸਹੀ ਨਾ ਹੋਣ ਕਾਰਨ ਮਨੁੱਖ ਦਿਨੋ-ਦਿਨ ਆਸ਼ਾਂਤ ਹੁੰਦਾ ਜਾ ਰਿਹਾ ਹੈ। ਆਪਣੇ ਰੋਜ਼ਾਨਾ ਜੀਵਨ ਵਿਚ ਉਹ ਕੀ ਸੋਚਦਾ ਹੈ, ਕੀ ਵਿਚਾਰ ਕਰਦਾ ਹੈ, ਕੀ ਦੇਖਦਾ, ਸੁਣਦਾ ਹੈ, ਕਿਨ੍ਹਾਂ ਦੀ ਸੰਗਤ ਕਰਦਾ ਹੈ, ਇਹ ਸਾਰੀਆਂ ਗਤੀਵਿਧੀਆਂ ਮਨੁੱਖ ਦੇ ਜੀਵਨ 'ਤੇ ਗਹਿਰਾ ਪ੍ਰਭਾਵ ਛੱਡਦੀਆਂ ਜਾਂਦੀਆਂ ਹਨ। ਸਾਡੇ ਦਿਮਾਗ ਅੰਦਰ ਜੋ ਕੁਝ ਵੀ ਚੱਲਦਾ ਹੈ, ਉਸਦਾ ਗਹਿਰਾ ਅਸਰ ਸਾਡੇ ਮਨ 'ਤੇ ਹੁੰਦਾ ਹੈ। ਸਾਡੇ ਅੰਦਰ ਦੇ ਚੱਲਦੇ ਵਿਚਾਰ ਬਹੁਤ ਗਤੀਸ਼ੀਲ ਹੁੰਦੇ ਜਾਂਦੇ ਹਨ। ਸਾਡਾ ਮਨ ਬਹੁਤ ਬਲਵਾਨ ਹੈ। ਇਹ ਮਿੰਟਾਂ-ਸਕਿੰਟਾਂ 'ਚ ਕਿਤੇ ਦੀ ਕਿਤੇ ਹੋ ਆਉਂਦਾ ਹੈ। ਮਨ ਨੂੰ ਜੋ ਪਸੰਦ ਆਇਆ; ਫਿਰ ਇਹ ਉਸਨੂੰ ਪ੍ਰਾਪਤ ਕਰਨ ਦੀ ਚਾਹਤ ਰੱਖਣ ਲੱਗ ਜਾਂਦਾ ਹੈ। ਇਕ ਚਾਹਤ ਫਿਰ ਦੂਜੀ, ਤੀਜੀ ... ਤੇ ਇਸੇ ਤਰ੍ਹਾਂ ਇਹ ਸਿਲਸਿਲਾ ਕਦੇ ਖਤਮ ਨਹੀਂ ਹੁੰਦਾ। ਮਨੁੱਖ ਤ੍ਰਿਸ਼ਨਾ ਦੇ ਲੋਭ ਅੰਦਰ ਪੂਰੀ ਤਰ੍ਹਾਂ ਡੁੱਬ ਜਾਂਦਾ ਹੈ। ਪਰ ਮਨੁੱਖੀ ਮਨ ਕਦੇ ਤ੍ਰਿਪਤ ਨਹੀਂ ਹੁੰਦਾ। ਹੁਣ ਇਕ ਅਸ਼ਾਂਤ ਮਨ ਮਨੁੱਖ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਬੀਮਾਰ ਕਰ ਦਿੰਦਾ ਹੈ। ਕੁਝ ਲੋਕ ਜਦੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ ਤਾਂ ਉਹ ਮੈਡੀਕਲ ਸਹਾਇਤਾ ਲੈਂਦੇ ਹਨ। ਕਈ ਲੋਕ ਨਸ਼ੇ ਦਾ ਸਹਾਰਾ ਲੈਂਦੇ ਹਨ। ਕਿਸੇ ਵੀ ਪ੍ਰਕਾਰ ਦਾ ਨਸ਼ਾ ਜਾਂ ਦਵਾਈਆਂ ਮਨੁੱਖ ਦਿਮਾਗ ਨੂੰ ਸੁਸਤ ਕਰ ਦਿੰਦੇ ਹਨ। ਦਿਮਾਗ ਕੁਝ ਸਮਾਂ ਸੋਚਣਾ ਛੱਡ ਦਿੰਦਾ ਹੈ ਉਹ ਵੀ ਉਨਾਂ ਸਮਾਂ ਜਿੰਨਾਂ ਸਮਾਂ ਡੋਜ਼ ਦਾ ਅਸਰ ਰਹਿੰਦਾ ਹੈ, ਮਨੁੱਖ ਸੋਚਦਾ ਹੈ ਕਿ ਉਸਨੂੰ ਆਰਾਮ ਮਿਲ ਗਿਆ। ਜਿੰਨਾ ਸਮਾਂ ਦਿਮਾਗ ਸੁਸਤ ਰਿਹਾ, ਫਿਰ ਸਰੀਰ ਵੀ ਸੁਸਤ ਹੋ ਜਾਂਦਾ ਹੈ। ਇਸੇ ਚੱਕਰ ਵਿਚ ਫਸਿਆ ਹੋਇਆ ਮਨੁੱਖ ਕਦੇ-ਕਦੇ ਇਨ੍ਹਾਂ ਚੀਜਾਂ (ਨਸ਼ੇ, ਦਵਾਈਆਂ) ਦਾ ਆਦੀ ਹੋ ਕੇ ਰਹਿ ਜਾਂਦਾ ਹੈ। ਹੁਣ ਇਸ ਸਮੱਸਿਆ ਦਾ ਹੱਲ ਹੋਣ ਦੀ ਬਜਾਏ ਮਨੁੱਖ ਹੋਰ ਬੀਮਾਰੀਆਂ ਦੇ ਘੇਰੇ ਦਾ ਸ਼ਿਕਾਰ ਹੋ ਜਾਂਦਾ ਹੈ। ਇਕ ਅਸ਼ਾਂਤ ਮਨ ਹੀ ਅਸਲ ਰੋਗਾਂ ਦੀ ਜੜ੍ਹ ਹੁੰਦੀ ਹੈ। ਐਸੀ ਅਵਸਥਾ ਵਿਚ ਮਨੁੱਖ ਤੜਫਦਾ ਹੈ ਤੇ ਸ਼ਾਂਤੀ ਭਾਲਦਾ ਹੈ। ਉਹ ਖੁਸ਼ੀਆਂ ਲਈ ਵਿਲਕਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਮ੍ਰਿਗ ਦੀ ਧੁੰਨੀ ਵਿਚ ਕਸਤੂਰੀ ਹੈ ਤੇ ਪਰ ਇਸਨੂੰ ਲੱਭਣ ਲਈ ਉਹ ਸਾਰੀ ਉਮਰ ਦੌੜਦਾ ਰਹਿੰਦਾ ਹੈ। ਇਸੇ ਤਰ੍ਹਾਂ ਮਨੁੱਖ ਸ਼ਾਂਤੀ ਭਾਲਦਾ ਫਿਰਦਾ ਹੈ, ਪਰ ਸ਼ਾਂਤੀ ਤਾਂ ਉਸਦੇ ਅੰਦਰ

** ਗੁਰਦੁਆਰਾ ਸਾਹਿਬ, ਗੁਰੂ ਅੰਗਦ ਦੇਵ ਜੀ ਨਗਰ, ਗਲੀ ਨੰ.੮, ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ। ਮੋ. ੮੯੬੮੫-੯੪੩੭੯*

ਲੁਕੀ ਹੋਈ ਹੈ ਜਿਸਨੂੰ ਉਹ ਬਾਹਰ ਲੱਭਦਾ ਫਿਰਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਿਰ ਇਸ ਸ਼ਾਂਤੀ, ਸਕੂਨ, ਅਨੰਦ ਨੂੰ ਪ੍ਰਾਪਤ ਕਿਵੇਂ ਕੀਤਾ ਜਾਵੇ। ਗੁਰਬਾਣੀ ਦੇ ਮਹਾਂਵਾਕ ਅਨੁਸਾਰ, '*ਮਨ ਤੂੰ ਜੋਤ ਸਰੂਪ ਹੈ, ਆਪਨਾ ਮੂਲ ਪਛਾਣ*'। ਮਨ ਅਕਾਲ ਦਾ ਹਿੱਸਾ ਹੈ ਤੇ ਫਸਿਆ ਕਾਲ ਚੱਕਰ 'ਚ ਹੋਇਆ ਹੈ। ਇਸ ਮਨ ਦੀ ਖੁਰਾਕ ਦੁਨਿਆਵੀ ਪਦਾਰਥਾਂ ਨਾਲ ਨਹੀਂ ਮਿਟਦੀ। ਬੇਸ਼ੱਕ ਸੰਸਾਰ ਦੀ ਦੌਲਤ ਇਕੱਠੀ ਕਿਉਂ ਨਾ ਕੀਤੀ ਜਾਵੇ। ਇਸ ਮਨ ਦੀ ਖੁਰਾਕ ਪ੍ਰਭੂ ਦਾ ਸਿਮਰਨ ਹੈ। '*ਸਿਮਰਉ ਸਿਮਰਿ ਸਿਮਰਿ ਸੁਖ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥*' ਜਿਸ ਦਿਨ ਪ੍ਰਭੂ ਦੇ ਸਿਮਰਨ ਦੀ ਇੱਕ ਬੂੰਦ ਮਨ ਅੰਦਰ ਵੱਸ ਗਈ, ਇਕ ਛਿੱਟ ਵੀ ਇਸ ਮਨ 'ਤੇ ਪੈ ਗਈ ਉਸੇ ਦਿਨ ਇਹ ਸ਼ਾਂਤ ਹੋ ਜਾਵੇਗਾ। *ਕਿਨਕਾ ਏਕ ਜਿਸ ਜੀਅ ਬਸਾਵੈ॥ ਤਾਂ ਕੀ ਮਹਿਮਾ ਗਨੀ ਨ ਆਵੈ॥* ਇਕ ਕਿਨਕਾ ਮਾਤਰ ਵੀ ਇਸ ਮਨ 'ਤੇ ਪ੍ਰਭੂ ਸਿਮਰਨ ਦਾ ਰਸ ਪੈ ਗਿਆ ਤਾਂ ਉਸੇ ਦਿਨ ਹੀ ਮਨੁੱਖ ਨੂੰ ਇੰਝ ਮਹਿਸੂਸ ਹੋਵੇਗਾ ਜਿਵੇਂ ਰੇਗਿਸਤਾਨ 'ਚ ਚਲਦੀਆਂ ਤੇਜ਼ ਹਨੇਰੀਆਂ 'ਤੇ ਕੁਝ ਕਣੀਆਂ ਪੈ ਜਾਣ। ਹਨੇਰੀਆਂ ਵੀ ਥਮ ਜਾਣਗੀਆਂ ਤੇ ਪਾਣੀ ਦੀਆਂ ਛਿੱਟਾਂ ਨਾਲ ਚਾਰ-ਚੁਫੇਰੇ ਖੁਸ਼ਬੂ ਵੀ ਫੈਲ ਜਾਵੇਗੀ। ਹੁਣ ਪ੍ਰਭੂ ਸਿਮਰਨ ਦਾ ਰਸ ਲੈਣ ਲਈ ਤੇ ਮਨ ਸ਼ਾਂਤ ਕਰਨ ਲਈ ਸਾਨੂੰ ਜੀਵਨ-ਜਾਚ ਸਹੀ ਕਰਨੀ ਪਵੇਗੀ; ਕਿਉਂਕਿ ਮਨੁੱਖ ਦਾ ਧਿਆਨ ਹਮੇਸ਼ਾ ਖਿੰਡਿਆ ਰਹਿੰਦਾ ਹੈ, ਬਾਹਰਮੁਖੀ ਹੈ, ਇਸ ਨੂੰ ਅੰਤਰਮੁਖੀ ਹੋਣਾ ਪਵੇਗਾ। ਫਿਰ ਧਿਆਨ ਅੰਤਰਮੁਖੀ ਕਰਨ ਲਈ ਇਕਾਗਰਤਾ ਦੀ ਲੋੜ ਹੈ। ਇਕਾਗਰਤਾ ਪ੍ਰਾਪਤ ਕਰਨ ਵਾਸਤੇ ਹਰ ਮਨੁੱਖੀ ਸਰੀਰ ਨੂੰ ਫਾਲਤੂ ਦੀ ਬੋਲਚਾਲ ਬੰਦ ਕਰਨੀ ਪਵੇਗੀ। ਵਿਅਰਥ, ਬੇਲੋੜੇ ਕਾਰਨਾਮਿਆਂ ਤੋਂ ਵੀ ਪ੍ਰਹੇਜ਼ ਕਰਨਾ ਪਵੇਗਾ। ਤਾਂ ਕਿ ਮਨੁੱਖ ਆਪਣੀ ਊਰਜਾ (ਅਨਰਜੀ) ਨੂੰ ਨਸ਼ਟ ਹੋਣ ਤੋਂ ਬਚਾ ਸਕੇ। ਆਪਣੇ ਖਾਣ-ਪਾਣ, ਰਹਿਣ-ਸਹਿਣ ਦਾ ਧਿਆਨ ਰੱਖਣਾ ਹੈ। ਰਾਤ ਨੂੰ ਜਲਦੀ ਸੌਣਾ ਹੈ, ਤਾਂ ਜੋ ਅੰਮ੍ਰਿਤ ਵੇਲੇ ਜਾਗ ਆ ਸਕੇ। ਇਸੇ ਸਮੇਂ ਮਨੁੱਖ ਨੇ ਉਸ ਪ੍ਰਮੇਸ਼ਵਰ (ਅਕਾਲ-ਪੁਰਖ) ਦਾ ਧਿਆਨ ਧਰਨਾ ਹੈ। ਬੇਸ਼ੱਕ ਸ਼ੁਰੂਆਤ ਸਮੇਂ ਕੁਝ ਮਿੰਟ। ਗੁਰਬਾਣੀ ਦੇ ਮਹਾਂਵਾਕਾਂ ਅਨੁਸਾਰ '*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*'

ਫਿਰ ਕੁਝ ਦਿਨਾਂ ਵਿਚ ਹੀ ਇਸਦਾ ਅਸਰ ਦਿਖਾਈ ਦੇਣ ਲੱਗਦਾ ਹੈ ਤੇ ਮਨੁੱਖ ਇਸ ਰਸ ਦਾ ਆਦੀ ਹੋ ਜਾਂਦਾ ਹੈ। ਚਿੰਤਾ ਤੋਂ ਮੁਕਤ ਹੋ ਕੇ ਮਨੁੱਖ ਸ਼ਾਂਤ ਰਹਿਣ ਲੱਗਦਾ ਹੈ ਤੇ ਹੌਲੀ-ਹੌਲੀ ਉਹ ਇਕ ਸਹਿਜ ਅਵਸਥਾ ਦਾ ਮਾਲਕ ਬਣ ਜਾਂਦਾ ਹੈ। ਹੁਣ ਇਸ ਕੋਲ ਉਹ ਸੱਚੀ ਖੁਸ਼ੀ, ਅਥਾਹ ਅਨੰਦ ਸਭ ਕੁਝ ਇਸਨੂੰ ਪ੍ਰਾਪਤ ਹੋ ਜਾਂਦਾ ਹੈ ਜਿਸਦੀ ਭਾਲ ਵਿਚ ਮਨੁੱਖ ਦਰ-ਦਰ ਦੀਆਂ ਠੋਕਰਾਂ ਖਾਂਦਾ ਫਿਰਦਾ ਸੀ। ਇਸ ਖੂਬਸੂਰਤ ਅਵਸਥਾ ਤੋਂ ਬਾਅਦ ਹੁੰਦਾ ਹੈ ਅਸਲੀ ਜੀਵਨ ਸ਼ੁਰੂ। ਇਕ ਖੂਬਸੂਰਤ ਜ਼ਿੰਦਗੀ ਜਿਸ ਨੂੰ ਮਨੁੱਖ ਪਲ-ਪਲ ਜੀ ਭਰ ਕੇ ਜ਼ਿਉਂਦਾ ਹੈ। ਉਸਨੂੰ ਸਮਝ ਪੈ ਜਾਂਦੀ ਹੈ ਕਿ ਇਹ ਜੀਵਨ, ਕਿੰਨਾ ਕੀਮਤੀ ਹੈ। ■

# ਜਨਵਰੀ ਅਤੇ ਫਰਵਰੀ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਸ਼ਹੀਦੀ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ | ੨੨ ਪੋਹ ੦੬ ਜਨਵਰੀ |
| ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | ੦੧ ਮਾਘ ੧੪ ਜਨਵਰੀ |
| ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | ੦੧ ਮਾਘ ੧੪ ਜਨਵਰੀ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ(ਪੋਹ ਸੁਦੀ ੭ਵੀਂ) | ੦੪ ਮਾਘ ੧੭ ਜਨਵਰੀ |
| ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) | ੦੭ ਮਾਘ ੨੦ ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | ੧੪ ਮਾਘ ੨੭ ਜਨਵਰੀ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ ਸੰਗਰੂਰ | ੨੭ ਮਾਘ ੦੯ ਫਰਵਰੀ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | ੩੦ ਮਾਘ ੧੨ ਫਰਵਰੀ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਕਾ ਲਾਹੌਰ | ੦੨ ਫੱਗਣ ੧੪ ਫਰਵਰੀ |
| ਬਸੰਤ ਪੰਚਮੀ | ੦੨ ਫੱਗਣ ੧੪ ਫਰਵਰੀ |
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ) | ੦੯ ਫੱਗਣ ੨੧ ਫਰਵਰੀ |
| ਜੈਤੋਂ ਦਾ ਮੋਰਚਾ ਫਰੀਦਕੋਟ (੧੦੦ ਸਾਲਾ) | ੦੯ ਫੱਗਣ ੨੧ ਫਰਵਰੀ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੦ ਫੱਗਣ ੨੨ ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | ੧੨ ਫੱਗਣ ੨੪ ਫਰਵਰੀ |

| | |
|---|---|
| ਮੱਸਿਆ | ੨੭ ਪੋਹ ੧੧ ਜਨਵਰੀ |
| ਸੰਗਰਾਂਦ | ੦੧ ਮਾਘ ੧੪ ਜਨਵਰੀ |
| ਪੂਰਨਮਾਸੀ | ੧੨ ਮਾਘ ੨੫ ਜਨਵਰੀ |
| ਮੱਸਿਆ | ੨੭ ਮਾਘ ੦੯ ਫਰਵਰੀ |
| ਸੰਗਰਾਂਦ | ੦੧ ਫੱਗਣ ੧੩ ਫਰਵਰੀ |
| ਪੂਰਨਮਾਸੀ | ੧੨ ਫੱਗਣ ੨੪ ਫਰਵਰੀ |

# ਸਿੱਖ ਚੇਤਨਾ 'ਤੇ ਭਾਰਤ ਦਾ ਸਵੈਮਾਣ

*-ਡਾ. ਸਤਿੰਦਰ ਪਾਲ ਸਿੰਘ**

ਸਦੀਆਂ ਦੀ ਗ਼ੁਲਾਮੀ ਤੋਂ ਮੁਕਤ ਹੋਣਾ ਸੌਖਾ ਨਹੀਂ ਹੈ। ਭਾਰਤ ਜਿਹੇ ਵਿਸ਼ਾਲ ਦੇਸ਼ ਲਈ ਤਾਂ ਹਰਗਿਜ਼ ਨਹੀਂ ਵੱਖ-ਵੱਖ ਧਰਮ, ਸਮਾਜ, ਸਭਿਆਚਾਰ ਇਸ ਨੂੰ ਵਾਧੂ ਔਖਾ ਬਣਾਉਣ ਵਾਲੇ ਸਨ। ਲੋਕਾਂ ਨੂੰ ਜਗਾਉਣਾ 'ਤੇ ਇੱਕਜੁਟ ਕਰਨਾ ਵੀ ਵੱਡੀ ਔਕੜ ਸੀ। ਇਹ ਲੰਮਾ ਸੰਘਰਸ਼ ਸੀ ਜਿਸ ਨੂੰ ਕਾਮਯਾਬ ਬਣਾਉਣ ਲਈ ਪਹਿਲੀ ਲੋੜ ਸੀ ਸਮਾਜ ਅੰਦਰ ਸੁਤੰਤਰਤਾ ਦੀ ਮਹੱਤਤਾ ਦਾ ਅਹਿਸਾਸ ਪੈਦਾ ਕਰਨਾ। ਭਾਰਤ ਅੰਦਰ ਕਈ ਤਾਕਤਾਂ ਸਨ। ਜਿਨ੍ਹਾਂ ਸਮੇਂ-ਸਮੇਂ 'ਤੇ ਮੁਗ਼ਲਾਂ ਤੇ ਉਨ੍ਹਾਂ ਤੋਂ ਬਾਅਦ ਅੰਗਰੇਜ਼ਾਂ ਦਾ ਵਿਰੋਧ ਕੀਤਾ, ਇਸ ਵਿਰੋਧ ਦੇ ਆਪਣੇ ਕਾਰਨ ਸਨ। ਮੁਗ਼ਲ ਰਾਜ ਵਿਚ ਵੀ ਤੇ ਬ੍ਰਿਟਿਸ਼ ਰਾਜ ਵਿਚ ਵੀ ਇਨ੍ਹਾਂ ਵਿਦੇਸ਼ੀ ਸ਼ਾਸਕਾਂ ਦੇ ਤਾਕਤਵਰ ਵਿਰੋਧੀ ਬਣ ਕੇ ਉਭਰੇ ਸਿੱਖਾਂ ਦੀ ਭੂਮਿਕਾ ਵਿਲੱਖਣ ਨਜ਼ਰ ਆਈ ਜਿਸ ਦਾ ਆਗਾਜ਼ ਆਪ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਜ਼ੋਰ, ਜੁਲਮ ਨੂੰ ਸਿੱਧੀ ਚੁਣੌਤੀ ਦੇ ਕੇ ਕੀਤਾ ਸੀ। ਸਾਕਤ ਦੇ ਵਿਰੁੱਧ ਆਪਣੀ ਵੰਗਾਰ ਨੂੰ ਉਨ੍ਹਾਂ ਆਪਣੀ ਬਾਣੀ ਵਿਚ ਵੀ ਦਰਜ ਕਰ ਸਿੱਖਾਂ ਅੰਦਰ ਚੇਤਨਾ ਜਗਾਈ ਗੁਰੂ ਸਾਹਿਬ ਨੇ ਸੱਚ ਨੂੰ ਇਸ ਚੇਤਨਾ ਦਾ ਆਧਾਰ ਬਣਾਇਆ ਜੋ ਪਰਮਾਤਮਾ ਨੂੰ ਪ੍ਰਵਾਨ ਸੀ। ਇਸ ਚੇਤਨਾ ਦਾ ਬਲ ਪਰਮਾਤਮਾ ਦੀ ਟੇਕ ਬਣਿਆ ਗੁਰੂ ਸਾਹਿਬ ਨੇ ਬਚਨ ਕੀਤੇ *ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥* ਸਿੱਖ ਲਈ ਹੁਕਮ ਹੋਇਆ- ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ॥ ਇਸ ਤਰ੍ਹਾਂ ਸਿੱਖ ਚੇਤਨਾ ਕਿਸੇ ਵੀ ਦੁਬਿਧਾ, ਸ਼ੰਕਾ ਤੋਂ ਮੁਕਤ, ਸੱਚ ਲਈ ਖੜ੍ਹੇ ਹੋਣ ਵਾਲੀ 'ਤੇ ਸੰਕਲਪ ਨਾਲ ਭਰਪੂਰ ਹੋ ਕਿਸੇ ਨਤੀਜੇ ਤਕ ਪੁੱਜਣ ਵਾਲੀ ਬਣੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਿਆਈ-ਕਾਲ ਤਕ ਆਉਂਦਿਆਂ ਆਉਂਦਿਆਂ ਇਹ ਚੇਤਨਾ ਚੜ੍ਹਦੀ ਕਲਾ ਦੇ ਸਿਖਰ ਤਕ ਪਹੁੰਚ ਚੁਕੀ ਸੀ। ਚੜ੍ਹਦੀ ਕਲਾ ਇੱਕ ਪਰਿਪੱਕ 'ਤੇ ਸਦਾ ਸੱਚ ਦੀ ਜਿੱਤ ਤੈਅ-ਸ਼ੁਦਾ ਬਣਾਉਣ ਵਾਲੀ ਅਵਸਥਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਰਬੰਸ ਦਾਨ ਕਰ ਮੁਗ਼ਲ ਰਾਜ ਦਾ ਖਾਤਮਾ ਲਿਖਿਆ। ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹੰਦ ਤੋਂ ਪੂਰੇ ਭਾਰਤ ਅੰਦਰ ਸਵੈਮਾਣ ਦੀ ਰੋਸ਼ਨੀ ਲਿਸ਼ਕੀ ਸੀ।

ਮੁਗ਼ਲ ਰਾਜ ਦੀ ਕਮਜ਼ੋਰੀ ਤੇ ਪਤਨ ਦਾ ਕਾਰਨ ਪੰਜਾਬ ਬਣਿਆ। ਅਬਦਾਲੀ ਜਿਹੇ ਹਮਲਾਵਰ ਵੀ ਇਸ ਚੇਤਨਾ ਨੇ ਪਸਤ ਕੀਤੇ। ਇਸ ਦੀ ਕੀਮਤ ਵੀ ਸਿੱਖਾਂ

**# ਈ-੧੭੧੬, ਰਾਜਾਜੀਪੁਰਮ, ਲਖਨਊ-੨੨੬੦੧੭, ਮੋ. +੯੧੯੪੧੭੯-੫੨੯੯੯*

ਨੂੰ ਚੁਕਾਣੀ ਪਈ। ਵਾਰ ਵਾਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਹੋਏ। ਲੱਖਾਂ ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ ਪਰ ਕੌਮ ਦੀ ਚੜ੍ਹਦੀ ਕਲਾ ਸਦਾ ਕਾਇਮ ਰਹੀ। ਸਿੱਖ ਦਾ ਧਰਮ ਹੀ ਸੱਚ ਦੀ ਸੰਭਾਲ ਕਰਨਾ ਸੀ। ਬ੍ਰਿਟਿਸ਼ ਰਾਜ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਜਿੱਥੇ ਚੜ੍ਹਦੀ ਕਲਾ ਦਾ ਨਿਵੇਕਲਾ ਪੱਖ ਪ੍ਰਗਟ ਕੀਤਾ, ਉੱਥੇ ਬ੍ਰਿਟਿਸ਼ ਸਰਕਾਰ ਨੂੰ ਵਾਰ-ਵਾਰ ਪਿੱਛੇ ਪਰਤਨ ਲਈ ਮਜਬੂਰ ਕਰ ਉਸ ਦਾ ਮਨੋਬਲ ਤੋੜਨ ਦਾ ਵੱਡਾ ਕੰਮ ਕੀਤਾ। ਸਾਰੇ ਮੋਰਚੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਕਰ ਅਰੰਭ ਹੁੰਦੇ ਅਤੇ ਸਰ ਕੀਤੇ ਜਾਂਦੇ ਰਹੇ। ਜੈਤੋ ਵਿਚ ਲੱਗਣ ਵਾਲੇ ਮੋਰਚੇ ਨੇ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰ ਰਹੀ ਕਾਂਗਰਸ ਪਾਰਟੀ ਨੂੰ ਵੀ ਹੈਰਾਨ ਕਰ ਦਿੱਤਾ। ਕਾਂਗਰਸ ਦੇ ਲੀਡਰਾਂ ਲਈ ਯਕੀਨ ਕਰਨਾ ਮੁਸ਼ਕਿਲ ਸੀ ਕਿ ਇੰਨਾ ਲੰਮਾ ਤੇ ਪੂਰਨ ਅਹਿੰਸਕ ਕੋਈ ਅੰਦੋਲਨ ਚਲਾਇਆ ਜਾ ਸਕਦਾ ਹੈ। ਬ੍ਰਿਟਿਸ਼ ਸਰਕਾਰ ਵੀ ਸਾਰਾ ਜ਼ੋਰ, ਜਬਰ ਕਰ ਕੇ ਹਾਰ ਗਈ। ਜੈਤੋ ਮੋਰਚਾ ਫਤਿਹ ਹੋਇਆ। ਇਨ੍ਹਾਂ ਮੋਰਚਿਆਂ ਦਾ ਮਕਸਦ ਭਾਵੇਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ, ਪੁਜਾਰੀਆਂ ਕੋਲੋਂ ਖੋਹ ਕੇ ਆਪਣੇ ਹੱਥ ਲੈਣਾ ਸੀ ਪਰ ਟਾਕਰਾ ਅੰਤ ਬ੍ਰਿਟਿਸ਼ ਸਰਕਾਰ ਨਾਲ ਹੀ ਹੋ ਜਾਂਦਾ। ਹਰ ਮੋਰਚੇ ਦੀ ਫਤਿਹ ਤੋਂ ਬਾਅਦ ਜਦੋਂ ਬ੍ਰਿਟਿਸ਼ ਸਰਕਾਰ ਕਮਜ਼ੋਰ ਨਜ਼ਰ ਆਉਂਦੀ ਇਸ ਦਾ ਅਸਰ ਪੂਰੇ ਦੇਸ਼ ਅੰਦਰ ਪੈਂਦਾ। ਵਾਰ ਵਾਰ ਇਹ ਸਾਬਿਤ ਹੁੰਦਾ ਕਿ ਤਾਕਤਵਰ ਸਮਝਣ ਵਾਲੀ ਇਸ ਸਰਕਾਰ ਨੂੰ ਵੀ ਝੁਕਾਇਆ 'ਤੇ ਮਜਬੂਰ ਕੀਤਾ ਜਾ ਸਕਦਾ ਹੈ।

ਸਿੱਖ ਚੇਤਨਾ ਸਦਾ ਹੀ ਜਿੱਤ ਦਾ ਪ੍ਰਤੀਕ ਰਹੀ ਹੈ। ਜਦੋਂ ਸੱਚ ਦਾ ਪੱਖ ਹੋਵੇ ਤੇ ਪਰਮਾਤਮਾ ਦਾ ਭਰੋਸਾ ਹੋਵੇ ਤਾਂ ਕਦੇ ਵੀ ਨਿਰਾਸ਼ਾ ਨੇੜੇ ਨਹੀਂ ਆਉਂਦੀ। ਆਸ ਤੇ ਵਿਸ਼ਵਾਸ ਹੀ ਜਿੱਤ ਦਾ ਕਾਰਨ ਬਣਦੇ ਹਨ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਕਿਸੇ ਵੀ ਮੋਰਚੇ ਵਿਚ ਸਿੱਖ ਸਵੈ-ਪ੍ਰੇਰਨਾ ਨਾਲ ਅੱਗੇ ਆ ਕੇ ਹਿੱਸਾ ਲੈਂਦੇ ਰਹੇ। ਆਗੂਆਂ ਦੀ ਵੀ ਥੁੜ੍ਹ ਨਹੀਂ ਹੋਈ। ਅਜਿਹੇ ਮੌਕੇ ਆਏ ਜਦੋਂ ਮੋਰਚਾ ਲੱਗਣ ਤੋਂ ਪਹਿਲਾਂ ਹੀ ਆਗੂ ਗ੍ਰਿਫਤਾਰ ਹੋ ਗਏ। ਮੋਰਚੇ ਮਿੱਥੇ ਸਮੇਂ ਅਨੁਸਾਰ ਹੀ ਲੱਗੇ ਕਿਉਂਕਿ ਨਵੇਂ ਆਗੂ ਸਾਹਮਣੇ ਆ ਗਏ। ਇਹ ਸਿੱਖਾਂ ਅੰਦਰ ਸਮਾਜਿਕ, ਧਾਰਮਿਕ, ਰਾਜਸੀ ਹਾਲਾਤ ਬਾਰੇ ਉਨ੍ਹਾਂ ਦੀ ਚੇਤਨਾ ਦਾ ਫ਼ਲ ਸੀ।

ਪੂਰੇ ਭਾਰਤ ਅੰਦਰ ਸਿੱਖ ਚੇਤਨਾ ਨੇ ਅਜ਼ਾਦੀ ਲਈ ਸੰਘਰਸ਼ ਦੀ ਸਫਲਤਾ ਦੀ ਆਸ ਜਗਾਈ 'ਤੇ ਸਵੈਮਾਣ ਨਾਲ ਜਿਉਣ ਦੀ ਚਾਹ ਪੈਦਾ ਕੀਤੀ। ਦਰਅਸਲ ਸਿੱਖ ਜਾਣਦੇ ਸਨ ਕਿ ਸੁਤੰਤਰਤਾ ਤੇ ਸਵੈਮਾਣ ਦਾ ਕੀ ਮੋਲ ਹੈ। ਕਾਂਗਰਸ ਨੇ ਅੰਗਰੇਜ਼ਾਂ ਦੇ ਭਾਰਤ ਛੱਡਣ ਦਾ ਨਾਅਰਾ ਸੰਨ ੧੯੪੨ ਵਿਚ ਦਿੱਤਾ ਸੀ ਪਰ ਸਿੱਖ ਆਗੂ ਬਾਬਾ ਖੜਕ ਸਿੰਘ ਨੇ ੬ ਮਾਰਚ ਸੰਨ ੧੯੨੨ ਨੂੰ ਸਿਆਲਕੋਟ ਦੇ ਆਦਮਕੇ ਵਿਚ ਤਕਰੀਰ ਕਰਦਿਆਂ ਹੀ ਕਹਿ ਦਿੱਤਾ ਸੀ ਕਿ ਅੰਗਰੇਜ਼ਾਂ ਨੂੰ ਹੁਣ ਹਿੰਦੁਸਤਾਨ ਵਿਚ ਨਹੀਂ

ਰਹਿਣ ਦੇਣਾ ਚਾਹੀਦਾ। ਇਹ ਬਹੁਤ ਹੀ ਹੌਂਸਲੇ ਵਾਲੀ ਗੱਲ ਤੇ ਹਾਲਾਤ ਦਾ ਸੱਚਾ ਮੁਲਾਂਕਣ ਸੀ। ਇਸ ਤਕਰੀਰ ਕਾਰਨ ਬਾਬਾ ਜੀ 'ਤੇ ਮੁਕੱਦਮਾ ਚੱਲਿਆ। ਬਾਬਾ ਖੜਕ ਸਿੰਘ ਨੇ ਅਦਾਲਤ ਵਿਚ ਕੋਈ ਸਫਾਈ ਨਹੀਂ ਦਿੱਤੀ। ਉਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਹੋਈ। ਬਾਬਾ ਖੜਕ ਸਿੰਘ ਜੀ ਨੂੰ ਡੇਰਾ ਗਾਜੀ ਖਾਂ ਜੇਲ੍ਹ ਵਿਚ ਭੇਜ ਦਿੱਤਾ ਗਿਆ। ਜੇਲ੍ਹ ਵਿਚ ਕਾਲੀ ਪੱਗ ਤੇ ਗਾਂਧੀ ਟੋਪੀ ਪਾਉਣ 'ਤੇ ਰੋਕ ਲਗਾ ਦਿੱਤੀ ਗਈ। ਬਾਬਾ ਜੀ ਨੇ ਵਿਰੋਧ 'ਚ ਕੱਪੜੇ ਹੀ ਪਾਉਣੇ ਛੱਡ ਦਿੱਤੇ। ਭਾਰੀ ਠੰਡ ਸੀ ਪਰ ਉਨ੍ਹਾਂ ਆਪਣਾ ਸੰਕਲਪ ਨਹੀਂ ਤਿਆਗਿਆ। ਅਫਸਰਾਂ ਨੇ ਹਾਰ ਕੇ ਬਾਬਾ ਜੀ ਨੂੰ ਕਾਲੀ ਪੱਗ ਦੀ ਇਜਾਜ਼ਤ ਦੇ ਦਿੱਤੀ ਪਰ ਉਨ੍ਹਾਂ ਗਾਂਧੀ ਟੋਪੀ ਤੋਂ ਵੀ ਰੋਕ ਵਾਪਿਸ ਲੈਣ ਦੀ ਮੰਗ ਕੀਤੀ। ਬਾਬਾ ਖੜਕ ਸਿੰਘ ਨੇ ਕਿਹਾ ਕਿ ਉਹ ਕਿਸੇ ਦੇ ਵੀ ਸਤਿਕਾਰ ਤੇ ਵਕਾਰ ਨੂੰ ਢਾਹ ਨਹੀਂ ਲੱਗਣ ਦੇਣਾ ਚਾਹੁੰਦੇ। ਇਹ ਸਿੱਖ ਚੇਤਨਾ ਦੀ ਵਿਆਪਕਤਾ ਤੇ ਸ੍ਰੇਸ਼ਟ ਮਿਆਰ ਦਾ ਪ੍ਰਤੀਕ ਸੀ। ਅੱਜ ਅਚਰਜ ਕੀਤਾ ਜਾਂਦਾ ਹੈ ਕਿ ਕਾਲੇ ਪਾਣੀ ਦੀ ਸਜ਼ਾ ਭੋਗਣ ਵਾਲਿਆਂ, ਫਾਂਸੀ 'ਤੇ ਚੜ੍ਹਨ ਵਾਲਿਆਂ ਵਿਚ ਸਿੱਖਾਂ ਦੀ ਤਾਦਾਦ ਅੱਸੀ ਫੀਸਦੀ ਤੋਂ ਜ਼ਿਆਦਾ ਸੀ। ਅਤਿ ਘੱਟ ਅਬਾਦੀ ਹੋਣ ਦੇ ਬਾਵਜੂਦ ਸਿੱਖਾਂ ਦਾ ਮੁੱਖ ਯੋਗਦਾਨ ਉਨ੍ਹਾਂ ਦੀ ਸੋਚ ਤੇ ਭਾਵਨਾ ਦੇ ਕਾਰਨ ਸੀ ਜਿਸ ਨੂੰ ਸਮਝਣ ਲਈ ਸਿੱਖੀ ਸਿਦਕ ਦੀ ਗਹਿਰਾਈ ਤਕ ਜਾਣ ਦੀ ਲੋੜ ਹੈ। ਬਾਬਾ ਖੜਕ ਸਿੰਘ ਜਿਹੇ ਸਿੱਖ ਆਗੂ ਪੰਜਾਬ ਅੰਦਰ ਸਦਾ ਹੀ ਬ੍ਰਿਟਿਸ਼ ਸਰਕਾਰ ਨੂੰ ਕਮਜ਼ੋਰ ਸਾਬਿਤ ਕਰਦੇ ਰਹੇ। ਗੁਰਦੁਆਰਾ ਰਕਾਬਗੰਜ ਸਾਹਿਬ ਨਵੀਂ ਦਿੱਲੀ ਦੀ ਤੋੜੀ ਗਈ ਕੰਧ ਸਰਕਾਰ ਨੇ ਦੁਬਾਰਾ ਮੋਰਚਾ ਅਰੰਭ ਹੋਣ ਤੋਂ ਪਹਿਲਾਂ ਹੀ ਬਣਵਾ ਦਿੱਤੀ ਸੀ। ਸ੍ਰੀ ਨਨਕਾਣਾ ਸਾਹਿਬ ਵਿਚ ਮਹੰਤ ਦੁਆਰਾ ਧੋਖੇ ਨਾਲ ਕੀਤੇ ਸਿੱਖਾਂ ਦੇ ਕਤਲ-ਏ-ਆਮ ਤੋਂ ਬਾਅਦ ਸਿੱਖਾਂ ਦੀ ਫੌਰਨ ਗੁਰਦੁਆਰੇ ਦੀਆਂ ਚਾਬੀਆਂ ਸੌਂਪਣ ਦੀ ਮੰਗ ਸਰਕਾਰ ਨੂੰ ਮੰਨਣ ਲਈ ਮਜਬੂਰ ਹੋਣਾ ਪਿਆ ਸੀ।

ਸਿੱਖ ਭਾਵਨਾ ਜੋ ਮੁਗ਼ਲ ਰਾਜ ਤੇ ਬਾਅਦ ਵਿਚ ਬ੍ਰਿਟਿਸ਼ ਰਾਜ ਅੰਦਰ ਵਿਕਸਿਤ ਹੋਈ ਉਹ ਸਿੱਖ ਕੌਮ ਦਾ ਹੀ ਨਹੀਂ ਪੂਰੇ ਭਾਰਤ ਦਾ ਸਵੈਮਾਣ ਜਾਗ੍ਰਿਤ ਕਰਨ ਤੇ ਵਧਾਉਣ ਵਾਲੀ ਸੀ। ਸਿੱਖ ਕੌਮ ਨੇ ਪ੍ਰਗਟ ਕੀਤਾ ਕਿ ਉਸ ਦੀ ਆਪਣੀ ਸੁਤੰਤਰ ਸੋਚ ਹੈ ਜਿਸ ਨੂੰ ਨਾ ਤਾਂ ਪ੍ਰਭਾਵਿਤ ਕੀਤਾ ਜਾ ਸਕਦਾ ਹੈ ਨਾ ਹੀ ਦਬਾਇਆ ਜਾ ਸਕਦਾ ਹੈ ਮੁਗ਼ਲਾਂ ਦੀ ਤਾਕਤ ਅਥਾਹ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਾਤਰ ਚਾਲ੍ਹੀ ਸਿੱਖਾਂ ਨਾਲ ਦਸ ਲੱਖ ਫੌਜ ਦੀ ਮੁਗ਼ਲ ਫੌਜ ਦਾ ਮੁਕਾਬਲਾ ਕਰ ਸੋਚ ਦੀ ਸਰਵਉੱਚਤਾ ਪ੍ਰਮਾਣਿਤ ਕੀਤੀ। ਬ੍ਰਿਟਿਸ਼ ਰਾਜ ਵਿਚ ਸਿੱਖਾਂ ਦੇ ਮੋਰਚੇ ਸੰਖਿਆ ਬਲ ਨਾਲ ਨਹੀਂ ਅਰਦਾਸ ਤੇ ਸੰਕਲਪ ਦੀ ਤਾਕਤ ਨਾਲ ਜਿੱਤੇ ਗਏ ਸਨ। ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਅੱਜ ਤਕ ਦਾ ਸਿੱਖ ਸੰਘਰਸ਼ ਦਾ ਇਤਿਹਾਸ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਦਾ ਇਤਿਹਾਸ ਕਿਹਾ ਜਾ ਸਕਦਾ ਹੈ। ਸਿੱਖਾਂ ਨੇ ਸੰਸਾਰ

ਨੂੰ ਦੱਸਿਆ ਕਿ ਕਿਵੇਂ ਪਾਵਨ ਸੋਚ ਧਾਰਨ ਕੀਤੀ ਜਾ ਸਕਦੀ ਹੈ ਤੇ ਕਿਵੇਂ ਉਸ ਲਈ ਡਟਿਆ ਜਾ ਸਕਦਾ ਹੈ। ਆਪਣੀ ਸੋਚ, ਆਪਣੀ ਪਛਾਣ ਤੇ ਵਿਰਸੇ 'ਤੇ ਮਾਣ ਹੋਣਾ ਚਾਹੀਦੈ ਤਾਂ ਹੀ ਸੰਕਲਪ ਪੈਦਾ ਹੁੰਦਾ ਹੈ।

ਭਾਰਤ ਦੇ ਲੋਕਤੰਤਰ ਦੇ ਬੀਜ ਵੀ ਸਿੱਖ ਫ਼ਲਸਫ਼ੇ ਵਿਚ ਹੀ ਲੱਭੇ ਜਾ ਸਕਦੇ ਹਨ ਗੁਰੂ ਤੇ ਸਿੱਖ ਦੀ ਅਭੇਦਤਾ ਗੁਰਬਾਣੀ ਅੰਦਰ ਪ੍ਰਗਟ ਹੋਈ ਹੈ। ਸਾਧ-ਸੰਗਤ ਦੀ ਮਹਿਮਾ ਤੇ ਪੰਜ ਪਿਆਰਿਆਂ ਦੀ ਸਾਜਨਾ ਇੱਕ ਨਿਵੇਕਲੀ ਵਿਵਸਥਾ ਦੇ ਜਨਕ ਸਨ। ਸਿੱਖ ਕੌਮ ਨੇ ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਹੀ ਆਪਣਾ ਸੰਵਿਧਾਨ ਵੀ ਲਾਗੂ ਕਰ ਦਿੱਤਾ ਸੀ। ਸਿੱਖ ਰਹਿਤ ਮਰਯਾਦਾ ਤਿਆਰ ਤੇ ਪ੍ਰਵਾਨ ਕਰਨ ਵਿਚ ਇਕ ਦਹਾਕੇ ਤੋਂ ਜ਼ਿਆਦਾ ਦਾ ਸਮਾਂ ਲੱਗਿਆ ਸੀ। ਸਿੱਖ ਕੌਮ ਨੇ ਸਿੱਧ ਕੀਤਾ ਕਿ ਉਹ ਲੋਕਤਾਂਤਰਿਕ ਸੋਚ ਵਿਚਾਰ ਵਿਚ ਭਰੋਸਾ ਕਰਦੀ ਹੈ ਤੇ ਫੈਸਲਿਆਂ 'ਤੇ ਪੁੱਜਣਾ ਜਾਣਦੀ ਹੈ। ਸੰਸਾਰ ਅੰਦਰ ਸਿੱਖ ਕੌਮ ਹੀ ਇਕੱਲੀ ਕੌਮ ਹੈ ਜਿਸ ਦੀ ਆਪਣੀ ਪੂਰਨ ਸੋਚ ਵੀਚਾਰ ਨਾਲ ਸਵੀਕਾਰ ਕੀਤੀ ਗਈ ਲਿਖਿਤ ਰਹਿਤ ਮਰਯਾਦਾ ਹੈ। ਭਾਰਤ ਦਾ ਸੰਵਿਧਾਨ ਵੀ ਇਸੇ ਤਰਜ਼ 'ਤੇ ਤਿਆਰ ਹੋਇਆ ਕਿਹਾ ਜਾ ਸਕਦਾ ਹੈ।

ਸਿੱਖੀ ਸੋਚ ਤੇ ਸੰਕਲਪ ਨੇ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਪੂਰੇ ਭਾਰਤੀ ਭੂ-ਭਾਗ ਨੂੰ ਪ੍ਰਭਾਵਿਤ ਕੀਤਾ ਤੇ ਜੀਵਨ ਦੇ ਹਰ ਖੇਤਰ ਵਿਚ ਮਾਣ ਬਖਸ਼ਿਆ ਹੈ। ਇਸ ਨੂੰ ਖੁੱਲੇ ਦਿਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

■

## ਸ੍ਰੀ ਹਰਿਮੰਦਰ ਸਾਹਿਬ ਵਿਖੇ ਜਲੌ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ, ਦੀਪਮਾਲਾ, ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਖ਼ਬਰਨਾਮਾ

# ਹਾਈਕੋਰਟ ਅੰਦਰ ਸਿੱਖ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਰੋਕਣਾ ਸਿੱਖਾਂ ਨਾਲ ਵਿਤਕਰਾ -ਐਡ.ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੧ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਦੀ ਨਿਯੁਕਤੀ ਮੌਕੇ ਸੁਪਰੀਮ ਕੋਰਟ ਦੀਆਂ ਸਿਫ਼ਾਰਸ਼ਾਂ ਵਿੱਚੋਂ ਦੋ ਸਿੱਖ ਉਮੀਦਵਾਰ ਵਕੀਲਾਂ ਨੂੰ ਬਾਹਰ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੰਦਿਆਂ ਆਖਿਆ ਕਿ ਕੇਂਦਰ ਸਰਕਾਰ ਦੋਹਾਂ ਸਿੱਖ ਜੱਜਾਂ ਦੀ ਨਿਯੁਕਤੀ ਤੁਰੰਤ ਕਰੇ। ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ 'ਤੇ ਸਖ਼ਤ ਟਿੱਪਣੀ ਕਰਨੀ ਕੇਂਦਰ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੀ ਹੈ। ਐਡਵੋਕੇਟ ਧਾਮੀ ਨੇ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਉਹ ਇਹ ਸਪੱਸ਼ਟ ਕਰੇ ਕਿ ਸੀਨੀਅਰ ਸਿੱਖ ਵਕੀਲਾਂ ਨੂੰ ਕਿਸ ਨੀਤੀ ਤਹਿਤ ਬਾਹਰ ਰੱਖਿਆ ਗਿਆ ਹੈ, ਜਦਕਿ ਪੰਜਾਂ ਵਿੱਚੋਂ ਬਾਕੀ ਤਿੰਨਾਂ ਦੀ ਨਿਯੁਕਤੀ ਕਰ ਦਿੱਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਮੋਹਰੀ ਹੋ ਕੇ ਹਮੇਸ਼ਾ ਯੋਗਦਾਨ ਪਾਇਆ ਹੈ, ਪਰ ਉਨ੍ਹਾਂ ਦੇ ਹੱਕਾਂ ਨੂੰ ਅਕਸਰ ਦਬਾਉਣ ਦੀ ਖ਼ਬਰਾਂ ਆਉਂਦੀਆਂ ਹਨ। ਪਹਿਲਾਂ ਹੀ ਦੇਸ਼ ਅੰਦਰ ਸਿੱਖ ਘੱਟਗਿਣਤੀ ਵਿਚ ਹਨ ਅਤੇ ਜੇਕਰ ਉਨ੍ਹਾਂ ਨਾਲ ਪੱਖਪਾਤੀ ਰਵੱਈਆ ਸਰਕਾਰਾਂ ਦੀ ਨੀਤੀ ਬਣਦਾ ਹੈ ਤਾਂ ਇਸ ਤੋਂ ਵੱਡਾ ਹੋਰ ਅਨਿਆਂ ਨਹੀਂ ਹੋ ਸਕਦਾ। ਉਨ੍ਹਾਂ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਦੋ ਸਿੱਖ ਵਕੀਲਾਂ ਦੀ ਜੱਜਾਂ ਵਜੋਂ ਨਿਯੁਕਤੀ ਨਾ ਕਰਨ 'ਤੇ ਸਵਾਲ ਕਰਨ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਅੰਦਰ ਵਿਸ਼ੇਸ਼ ਤੌਰ 'ਤੇ ਸਿੱਖ ਜੱਜਾਂ ਦੀ ਨਿਯੁਕਤੀ ਨੂੰ ਪਹਿਲ ਦੇਣੀ ਚਾਹੀਦੀ ਹੈ, ਕਿਉਂਕਿ ਇਨ੍ਹਾਂ ਦੋਹਾਂ ਸੂਬਿਆਂ ਵਿਚ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਸਿੱਖਾਂ ਦੀ ਗਿਣਤੀ ਵੱਧ ਹੈ। ਜੇਕਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਅੰਦਰ ਸਿੱਖ ਜੱਜ ਕਾਰਜਸ਼ੀਲ ਹੁੰਦੇ ਹਨ ਤਾਂ ਇਸ ਖਿੱਤੇ ਅਤੇ ਲੋਕਾਂ ਦੇ ਮਸਲਿਆਂ ਦਾ

ਸਰਲੀਕਰਨ ਚੰਗੇ ਢੰਗ ਨਾਲ ਹੋਵੇਗਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਜੱਜਾਂ ਦੀ ਨਿਯੁਕਤੀ ਸਬੰਧੀ ਸੁਪਰੀਮ ਕੋਰਟ ਦੀਆਂ ਸਿਫ਼ਾਰਸ਼ਾਂ ਨੂੰ ਹੂਬਹੂ ਲਾਗੂ ਕਰਕੇ ਸੀਨੀਅਰ ਸਿੱਖ ਵਕੀਲ ਸ. ਹਰਮੀਤ ਸਿੰਘ ਗਰੇਵਾਲ ਅਤੇ ਸ. ਦੀਪਿੰਦਰ ਸਿੰਘ ਨਲਵਾ ਦੀ ਨਿਯੁਕਤੀ ਕੀਤੀ ਜਾਵੇ।

## ਵੱਡੀ ਗਿਣਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ ’ਤੇ ਐਡਵੋਕੇਟ ਧਾਮੀ ਨੇ ਕੀਤਾ ਸਖ਼ਤ ਇਤਰਾਜ਼

ਸ੍ਰੀ ਅੰਮ੍ਰਿਤਸਰ, ੨੩ ਨਵੰਬਰ- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸਿੱਖ ਜਥੇ ਦੇ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੬੮੪ ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ੭੯੮ ਨੂੰ ਵੀਜ਼ਾ ਨਾ ਦੇਣਾ ਬੇਹੱਦ ਮੰਦਭਾਗਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇ ਵਿਚ ਹਮੇਸ਼ਾ ਹੀ ਪੰਜਾਬ ਦੇ ਕੋਟੇ ਅਨੁਸਾਰ ਹੀ ਪਾਸਪੋਰਟ ਭੇਜੇ ਜਾਂਦੇ ਹਨ, ਪਰ ਦੁੱਖ ਦੀ ਗੱਲ ਹੈ ਕਿ ਇਸ ਵਾਰ ੫੦ ਫੀਸਦੀ ਦੇ ਲਗਪਗ ਸ਼ਰਧਾਲੂਆਂ ਦੇ ਵੀਜੇ ਕੱਟ ਕੇ ਭਾਵਨਾਵਾਂ ਤੋੜੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਵੱਲ ਵਿਸ਼ੇਸ਼ ਤੌਰ ’ਤੇ ਗੌਰ ਕਰਨਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪਾਕਿਸਤਾਨ ਦੌਰੇ ਦੌਰਾਨ ਉਨ੍ਹਾਂ ਨੇ ਇਹ ਮਾਮਲਾ ਵੀ ਉਠਾਇਆ ਸੀ, ਜਿਸ ਦੌਰਾਨ ਪਾਕਿਸਤਾਨ ਦੇ ਸੰਬੰਧਿਤ ਅਧਿਕਾਰੀਆਂ ਨੇ ਯਕੀਨ ਦਿਵਾਇਆ ਸੀ ਕਿ ਉਹ ਇਸ ’ਤੇ ਸੁਹਿਰਦਤਾ ਨਾਲ ਕਾਰਜ ਕਰਨਗੇ। ਪਰੰਤੂ ਦੁੱਖ ਦੀ ਗੱਲ ਹੈ ਕਿ ਪਹਿਲਾਂ ਦੀ ਤਰ੍ਹਾਂ ਹੀ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਵੀਜ਼ਿਆਂ ਤੋਂ ਵਿਰਵੇ ਰੱਖਿਆ ਗਿਆ।

## ਸੁਲਤਾਨਪੁਰ ਲੋਧੀ ਘਟਨਾ ’ਚ ਪੁਲਿਸ ਕਾਰਵਾਈ ’ਤੇ ਐਡਵੋਕੇਟ ਧਾਮੀ ਨੇ ਚੁੱਕੇ ਸਵਾਲ

ਸ੍ਰੀ ਅੰਮ੍ਰਿਤਸਰ, ੨੪ ਨਵੰਬਰ- ਗੁਰਦੁਆਰਾ ਅਕਾਲ ਬੁੰਗਾ ਸਾਹਿਬ ਯਾਦਗਾਰ ਨਵਾਬ ਕਪੂਰ ਸਿੰਘ ਛਾਉਣੀ ਨਿਹੰਗ ਸਿੰਘਾਂ ਸੁਲਤਾਨਪੁਰ ਲੋਧੀ ਵਿਖੇ ਵਾਪਰੀ ਘਟਨਾ ਦੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਪਾਸੋਂ ਜਾਂਚ ਰਿਪੋਰਟ ਲੈਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਵਿਚ ਪੁਲਿਸ ਦੀ ਭੂਮਿਕਾ ਠੀਕ ਨਹੀਂ ਸੀ।

ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਉਹ ਦੋਹਾਂ ਧਿਰਾਂ ਨੂੰ ਬਿਠਾ ਕੇ ਮਸਲਾ ਹੱਲ ਕਰਦੀ, ਪਰੰਤੂ ਪੁਲਿਸ ਵੱਲੋਂ ਜਿਸ ਤਰੀਕੇ ਨਾਲ ਗੁਰਦੁਆਰਾ ਸਾਹਿਬ ਦੀ ਮਾਣ-ਮਰਯਾਦਾ ਨੂੰ ਅੱਖੋਂ ਪਰੋਖੇ ਕਰਕੇ ਦਖ਼ਲ ਦਿੱਤਾ ਗਿਆ, ਉਸ ਨਾਲ ਪੰਜਾਬ ਸਰਕਾਰ ਦੀ ਕਾਰਜਸ਼ੈਲੀ ਸਵਾਲਾਂ ਦੇ ਘੇਰੇ ਵਿਚ ਆਈ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਪੱਧਰ ’ਤੇ ਫੇਲ੍ਹ ਹੋ ਰਹੀ ਹੈ ਅਤੇ ਖ਼ਾਸਕਰ ਕਾਨੂੰਨ ਵਿਵਸਥਾ ਨੂੰ ਸੰਭਾਲਣ ਵਿਚ ਬਿਲਕੁਲ ਸੰਜੀਦਗੀ ਨਹੀਂ ਦਿਖਾ ਰਹੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੇ ਮਾਮਲੇ ਸਿੱਧੇ ਤੌਰ ’ਤੇ ਸੰਗਤ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹੁੰਦੇ ਹਨ ਪਰੰਤੂ ਭਗਵੰਤ ਮਾਨ ਦੀ ਸਰਕਾਰ ਇਸ ਨੂੰ ਆਮ ਲੈ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਗ੍ਰਹਿ ਮੰਤਰੀ ਹੁੰਦਿਆਂ ਪੁਲਿਸ ਪ੍ਰਸ਼ਾਸਨ ਵੱਲੋਂ ਗੁਰਦੁਆਰਾ ਸਾਹਿਬ ਵਿਚ ਦਖ਼ਲ ਅਤੇ ਮਰਯਾਦਾ ਦੀ ਉਲੰਘਣਾ ਲਈ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ। ਸੁਲਤਾਨਪੁਰ ਲੋਧੀ ਦੀ ਪੁਲਿਸ ਕਾਰਵਾਈ ਨਾਲ ਸਿੱਖਾਂ ਦਾ ਅਕਸ ਵੀ ਦੁਨੀਆਂ ਭਰ ਵਿਚ ਖਰਾਬ ਹੋਇਆ ਹੈ, ਜਿਸ ਲਈ ਮੁੱਖ ਮੰਤਰੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।

## ਪਿੰਡ ਸਿੱਲ ਦੇ ਗੁਰਦੁਆਰਾ ਸਾਹਿਬ ’ਚ ਤਾਬਿਆ ਬੈਠੇ ਗ੍ਰੰਥੀ ਸਿੰਘ ਉੱਪਰ ਹੋਏ ਹਮਲੇ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

ਸ੍ਰੀ ਅੰਮ੍ਰਿਤਸਰ, ੬ ਦਸੰਬਰ - ਮੋਹਾਲੀ ਨੇੜਲੇ ਪਿੰਡ ਸਿੱਲ ਵਿਚ ਗੁਰਦੁਆਰਾ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਉੱਪਰ ਹਮਲਾ ਕਰਕੇ ਕੀਤੀ ਬੇਅਦਬੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਦੋਸ਼ੀ ਵਿਅਕਤੀ ਵੱਲੋਂ ਕੀਤੀ ਹਰਕਤ ਨੇ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਬੇਅਦਬੀ ਦੀਆਂ ਵੱਧ ਰਹੀਆਂ ਘਟਨਾਵਾਂ ਵੱਡੀ ਚਿੰਤਾ ਵਾਲੀ ਗੱਲ ਹੈ। ਅਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਪ੍ਰਤੀ ਸੁਚੇਤ ਹੋ ਕੇ ਗੁਰਦੁਆਰਾ ਸਾਹਿਬ ਅੰਦਰ ਜ਼ਿੰਮੇਵਾਰੀ ਨਾਲ ਸੇਵਾ ਨਿਭਾਉਣ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੰਦੀ ਸਿੰਘਾਂ ਦੇ ਮਾਮਲੇ 'ਤੇ ਗਠਤ ਉੱਚ ਪੱਧਰੀ ਕਮੇਟੀ ਦੀ ਹੋਈ ਪਲੇਠੀ ਇਕੱਤਰਤਾ

ਸ੍ਰੀ ਅੰਮ੍ਰਿਤਸਰ, ੯ ਦਸੰਬਰ- ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਗਠਤ ਕੀਤੀ ਗਈ ੫ ਮੈਂਬਰੀ ਉੱਚ ਪੱਧਰੀ ਕਮੇਟੀ ਦੀ ਪਲੇਠੀ ਇਕੱਤਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ। ਇਸ ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਅਜੀਤ ਪ੍ਰਕਾਸ਼ਨ ਸਮੂਹ ਦੇ ਪ੍ਰਬੰਧਕੀ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਰਾਜੋਆਣਾ ਅਤੇ ਸੀਨੀਅਰ ਅਕਾਲੀ ਆਗੂ ਸ. ਵਿਰਸਾ ਸਿੰਘ ਵਲਟੋਹਾ ਹਾਜ਼ਰ ਹੋਏ।

ਦੋ ਘੰਟੇ ਤੋਂ ਵੱਧ ਸਮਾਂ ਚੱਲੀ ਇਸ ਇਕੱਤਰਤਾ ਦੌਰਾਨ ਗੰਭੀਰ ਵਿਚਾਰ ਵਟਾਂਦਰੇ ਮਗਰੋਂ ਮੀਡੀਆ ਨੂੰ ਸੰਬੋਧਨ ਹੁੰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਬਾਰੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦਾ ਫੈਸਲਾ ਹੋਇਆ ਹੈ। ਇਸ ਸੰਬੰਧ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ ਮੁਲਾਕਾਤ ਲਈ ਸਮਾਂ ਦੇਣ ਵਾਸਤੇ ਪੱਤਰ ਲਿਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਇਸ ਕਮੇਟੀ ਦੀ ਮੁੱਢਲੀ ਮੀਟਿੰਗ ਵਿਚ ਭਾਰਤ ਸਰਕਾਰ ਨਾਲ ਬੰਦੀ ਸਿੰਘਾਂ ਦੇ ਮਾਮਲੇ 'ਤੇ ਸਦਭਾਵਨਾ ਵਾਲੇ ਮਾਹੌਲ ਵਿਚ ਗੱਲਬਾਤ ਕਰਨ ਦਾ ਨਿਰਣਾ ਕੀਤਾ ਗਿਆ ਹੈ ਅਤੇ ਇਸੇ ਦਿਸ਼ਾ ਵਿਚ ਹੀ ਅਗਲੇ ਕਦਮ ਚੁੱਕੇ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਕਮੇਟੀ ਮੈਂਬਰਾਂ ਦੇ ਕੀਮਤੀ ਸੁਝਾਵਾਂ ਅਨੁਸਾਰ ਹੀ ਹਰ ਕਦਮ ਉਠਾਇਆ ਜਾਵੇਗਾ ਅਤੇ ਅਸੀਂ ਚਾਹੁੰਦੇ ਹਾਂ ਕਿ ਜਲਦ ਹੀ ਬੰਦੀ ਸਿੰਘਾਂ ਦੇ ਮਾਮਲੇ 'ਚ ਇਕ ਵਧੀਆ ਮਾਹੌਲ ਵਿਚ ਸਰਕਾਰ ਨਾਲ ਗੱਲਬਾਤ ਅੱਗੇ ਤੁਰੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਆਖਿਆ ਕਿ ਬੰਦੀ ਸਿੰਘਾਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲੋਕਤੰਤਰੀ ਤਰੀਕੇ ਨਾਲ ਯਤਨ ਜਾਰੀ ਰੱਖੇ ਜਾਣਗੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ

ਦੀ ਤਰਜ਼ਮਾਨ ਹੈ ਅਤੇ ਇਸ ਦੇ ਹਰ ਮੈਂਬਰ ਨੇ ਆਪਣੇ ਜ਼ੁੰਮੇ ਲੱਗੀ ਸੇਵਾ ਸੁਹਿਰਦ ਭਾਵਨਾ ਨਾਲ ਨਿਭਾਉਣ ਦੀ ਵਚਨਬਧਤਾ ਪ੍ਰਗਟਾਈ ਹੈ। ਹਰ ਮੈਂਬਰ ਦੀ ਭਾਵਨਾ ਹੈ ਕਿ ਬੰਦੀ ਸਿੰਘਾਂ ਦਾ ਮਾਮਲਾ ਕਿਸੇ ਸਿੱਟੇ 'ਤੇ ਜ਼ਰੂਰ ਪੁੱਜੇ ਅਤੇ ਆਸ ਹੈ ਕਿ ਇਸ ਵਿਚ ਕਾਮਯਾਬੀ ਮਿਲੇਗੀ। ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਬੰਦੀ ਸਿੰਘਾਂ ਦੇ ਮਾਮਲਿਆਂ ਨੂੰ ਹੱਲ ਕਰਨ ਦੀ ਪਹਿਲਕਦਮੀ ਕਰਨ।

ਪੱਤਰਕਾਰ ਸੰਮੇਲਨ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਰਾਮ ਸਿੰਘ, ਸਿੱਖ ਆਗੂ ਭਾਈ ਜਸਬੀਰ ਸਿੰਘ ਘੁੰਮਣ, ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਜਸਵਿੰਦਰ ਸਿੰਘ ਜੱਸੀ, ਸ. ਸ਼ਾਹਬਾਜ਼ ਸਿੰਘ, ਸ. ਪਰਮਜੀਤ ਸਿੰਘ ਆਦਿ ਹਾਜ਼ਰ ਸਨ। ■

## ਗੁਰਦੁਆਰਾ ਅੱਚਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਅੱਚਲ ਸਾਹਿਬ, ਹਲਕਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੧੫ ਨਵੰਬਰ, ੨੦੨੩ ਈ. ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਦੌਰਾਨ ੫੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਹ ਅੰਮ੍ਰਿਤ-ਸੰਚਾਰ ਜਥੇਦਾਰ ਗੁਰਨਾਮ ਸਿੰਘ ਜੱਸਲ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਵਿਚ ਭਾਈ ਪੰਥਜੀਤ ਸਿੰਘ, ਭਾਈ ਗੁਰਪਿੰਦਰ ਸਿੰਘ, ਪ੍ਰਚਾਰਕ ਸਾਹਿਬਾਨ ਅਤੇ ਕਵੀਸ਼ਰ ਭਾਈ ਮੋਹਨ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ।



ਗੁਰਦੁਆਰਾ ਟੋਕਾ ਸਾਹਿਬ ਵਿਖੇ ਸਥਿਤ ਇਸ ਖੂਹ ਦੀ ਸੇਵਾ
ਰਾਜਾ ਫਤਿਹ ਸਿੰਘ ਆਹਲੂਵਾਲੀਆ ਨੇ ਕਰਾਈ ਸੀ। ਸਰਦਾਰ
ਜੱਸਾ ਸਿੰਘ ਰਾਮਗੜ੍ਹੀਆ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨ
ਦੀਦਾਰੇ ਕਰਨ ਲਈ ਇਸ ਅਸਥਾਨ ’ਤੇ ਪਧਾਰੇ ਸਨ।

Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

January 2024

Dharam Parchar Committee, Shiromani Gurdwara Parbandhak Committee, Sri Amritsar Sahib

## ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ




Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 2-1-2024